23-MAY-PAGE-1.qxd 5/22/2024 10:28 PM Page 1

ਵੀਰਵਾਰ, 23 ਮਈ, 2024
10 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 353

# ਨਵਾਂ ਜ਼ਮਾਨਾ

DAILY NAWAN ZAMANA • THURSDAY, 23 MAY, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਐਵਰੈਸਟ 'ਤੇ ਚੜ੍ਹਾਈ ਦਾ ਆਪਣਾ ਹੀ ਰਿਕਾਰਡ ਤੋੜਿਆ



**ਕਾਠਮੰਡੂ :** ਨੇਪਾਲ ਦੇ ਤਜਰਬੇਕਾਰ ਪਰਬਤਾਰੋਹੀ ਕਾਮੀ ਰੀਤਾ ਸ਼ੇਰਪਾ (54) ਨੇ ਬੁੱਧਵਾਰ 30ਵੀਂ ਵਾਰ ਮਾਊਂਟ ਐਵਰੈਸਟ 'ਤੇ ਚੜ੍ਹ ਕੇ ਇਤਿਹਾਸ ਰਚਿਆ ਅਤੇ ਦੁਨੀਆ ਦੀ ਸਭ ਤੋਂ ਉੱਚੀ ਚੋਟੀ 'ਤੇ ਸਭ ਤੋਂ ਵੱਧ ਵਾਰ ਚੜ੍ਹਨ ਦਾ ਆਪਣਾ ਹੀ ਰਿਕਾਰਡ ਤੋੜ ਦਿੱਤਾ। ਉਹ ਸਥਾਨਕ ਸਮੇਂ ਅਨੁਸਾਰ ਸਵੇਰੇ 7.49 ਵਜੇ 8,849 ਮੀਟਰ ਉੱਚੀ ਚੋਟੀ 'ਤੇ ਪਹੁੰਚਿਆ। ਉਸ ਨੇ 10 ਦਿਨ ਪਹਿਲਾਂ ਹੀ 12 ਮਈ ਨੂੰ 29ਵੀਂ ਵਾਰ ਐਵਰੈਸਟ 'ਤੇ ਚੜ੍ਹਾਈ ਕੀਤੀ ਸੀ। ਉਸ ਨੇ ਮਈ 1994 'ਚ ਪਹਿਲੀ ਵਾਰ ਮਾਊਂਟ ਐਵਰੈਸਟ 'ਤੇ ਚੜ੍ਹਾਈ ਕੀਤੀ ਸੀ। ਉਸ ਦਾ ਜਨਮ 17 ਜਨਵਰੀ 1970 ਨੂੰ ਹੋਇਆ ਸੀ।

## ਸਾਢੇ 5 ਕਰੋੜ ਦੀ ਅਫੀਮ ਫੜੀ

**ਚਾਈਬਾਸਾ :** ਝਾਰਖੰਡ ਦੇ ਪੱਛਮੀ ਸਿੰਘਭੂਮ ਜ਼ਿਲ੍ਹੇ 'ਚ ਪੁਲਸ ਨੇ 5.58 ਕਰੋੜ ਰੁਪਏ ਤੋਂ ਵੱਧ ਕੀਮਤ ਦੀ 37.23 ਕੁਇੰਟਲ ਅਫੀਮ ਜ਼ਬਤ ਕੀਤੀ ਹੈ। ਅਫੀਮ ਨਾਲ ਭਰਿਆ ਟਰੱਕ ਪੱਛਮੀ ਸਿੰਘਭੂਮ ਜ਼ਿਲ੍ਹੇ ਦੇ ਚੱਕਰਧਰਪੁਰ ਤੋਂ ਚਾਈਬਾਸਾ ਵੱਲ ਜਾ ਰਿਹਾ ਸੀ। ਜਾਂਚ ਦੌਰਾਨ ਟਰੱਕ ਰੋਕ ਕੇ ਡਰਾਈਵਰ ਅਤੇ ਕਲੀਨਰ ਫਰਾਰ ਹੋ ਗਏ। ਪੁਲਸ ਨੇ 186 ਬੋਰੀਆਂ 'ਚ ਪੈਕ ਕੀਤੀ 3723 ਕਿੱਲੋ ਅਫੀਮ ਤੋਂ ਇਲਾਵਾ ਦੋ ਮੋਬਾਈਲ ਫੋਨ, ਦੋ ਆਧਾਰ ਕਾਰਡ ਅਤੇ ਡਰਾਈਵਿੰਗ ਲਾਇਸੈਂਸ ਬਰਾਮਦ ਕੀਤੇ।

## ਪੰਜਾਬ 'ਚ ਵੋਟਿੰਗ ਦਾ ਸਮਾਂ ਦੋ ਘੰਟੇ ਵਧਾਉਣ ਦੀ ਮੰਗ

**ਚੰਡੀਗੜ੍ਹ :** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਸੂਬੇ 'ਚ ਭਿਆਨਕ ਗਰਮੀ ਦੇ ਮੱਦੇਨਜ਼ਰ ਵੋਟਿੰਗ ਦਾ ਸਮਾਂ ਦੋ ਘੰਟੇ ਵਧਾ ਕੇ ਸਵੇਰੇ 6 ਵਜੇ ਤੋਂ ਸ਼ਾਮ 7 ਵਜੇ ਤੱਕ ਕਰਨ ਦੀ ਮੰਗ ਕੀਤੀ ਹੈ। ਦੇਸ਼-ਭਰ 'ਚ ਆਮ ਤੌਰ 'ਤੇ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੋਲਿੰਗ ਹੁੰਦੀ ਹੈ।

## ਜਲੰਧਰ ਤੇ ਲੁਧਿਆਣਾ ਦੇ ਪੁਲਸ ਕਮਿਸ਼ਨਰ ਬਦਲੇ





**ਚੰਡੀਗੜ੍ਹ :** ਚੋਣ ਕਮਿਸ਼ਨਰ ਨੇ ਬੁੱਧਵਾਰ ਅਚਨਚੇਤ ਜਲੰਧਰ ਅਤੇ ਲੁਧਿਆਣਾ ਦੇ ਪੁਲਸ ਕਮਿਸ਼ਨਰਾਂ ਕ੍ਰਮਵਾਰ ਸਵਪਨ ਸ਼ਰਮਾ ਅਤੇ ਕੁਲਦੀਪ ਸਿੰਘ ਚਾਹਲ ਦੇ ਤਬਾਦਲੇ ਕਰ ਦਿੱਤੇ। ਉਸ ਨੇ ਇਨ੍ਹਾਂ ਦੋਵਾਂ ਨੂੰ ਤੁਰੰਤ ਆਪਣੇ ਚਾਰਜ ਛੱਡਣ ਅਤੇ ਸਰਕਾਰ ਨੂੰ ਨਵੇਂ ਪੁਲਸ ਕਮਿਸ਼ਨਰਾਂ ਲਈ ਨਾਂਅ ਸੁਝਾਉਣ ਲਈ ਕਿਹਾ ਹੈ।

## ਕਿਸ਼ਤੀ ਪਲਟਣ ਨਾਲ 6 ਮੌਤਾਂ

**ਪੁਣੇ :** ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ 'ਚ ਮੰਗਲਵਾਰ ਸ਼ਾਮਲ ਤੇਜ਼ ਹਵਾਵਾਂ ਤੇ ਮੀਂਹ ਕਾਰਨ ਉਜਨੀ ਡੈਮ 'ਚ ਕਿਸ਼ਤੀ ਪਲਟਣ ਕਾਰਨ ਤਿੰਨ ਪੁਰਸ਼ਾਂ, ਇਕ ਔਰਤ ਤੇ ਦੋ ਬੱਚਿਆਂ ਦੀ ਮੌਤ ਹੋ ਗਈ। ਕਿਸ਼ਤੀ 'ਤੇ ਸਹਾਇਕ ਥਾਣੇਦਾਰ ਰੈਂਕ ਦਾ ਅਧਿਕਾਰੀ ਵੀ ਸਵਾਰ ਸੀ, ਜੋ ਤੈਰ ਕੇ ਸੁਰੱਖਿਅਤ ਨਿਕਲ ਗਿਆ।

## ਸਮਰਾਲਾ ਨੇੜੇ ਦੋ ਸ਼ਰਧਾਲੂਆਂ ਦੀ ਮੌਤ

**ਲੁਧਿਆਣਾ :** ਸਮਰਾਲਾ ਨੇੜਲੇ ਪਿੰਡ ਚਹਿਲਾਂ 'ਚ ਬੁੱਧਵਾਰ ਸਵੇਰੇ ਸ਼ਰਧਾਲੂਆਂ ਨਾਲ ਭਰੀ ਟੂਰਿਸਟ ਬੱਸ ਹਾਈਵੇ 'ਤੇ ਖੜ੍ਹੇ ਟਰਾਲੇ ਨਾਲ ਟਕਰਾਉਣ 'ਤੇ 2 ਔਰਤਾਂ ਦੀ ਮੌਤ ਹੋ ਗਈ, ਜਦਕਿ 15 ਲੋਕ ਜ਼ਖਮੀ ਹੋ ਗਏ। ਮਰਨ ਵਾਲੀਆਂ ਦੀ ਪਛਾਣ ਮੀਨਾਕਸ਼ੀ (51) ਤੇ ਸਰੋਜ ਬਾਲਾ (54) ਵਾਸੀ ਇੰਦੌਰ ਵਜੋਂ ਹੋਈ ਹੈ। ਰਿਸ਼ਭ ਨੇ ਦੱਸਿਆ ਕਿ ਉਹ ਧਰਮ ਅਸਥਾਨਾਂ ਦੀ ਯਾਤਰਾ ਲਈ ਨਿਕਲੇ ਸਨ ਅਤੇ ਅੰਮ੍ਰਿਤਸਰ ਜਾ ਰਹੇ ਸਨ।

## ਕਿਰਗਿਜ਼ਸਤਾਨ ਤੋਂ ਤਿੰਨ ਹਜ਼ਾਰ ਪਾਕਿਸਤਾਨੀ ਪਰਤੇ

**ਇਸਲਾਮਾਬਾਦ :** ਵਿਦੇਸ਼ੀਆਂ 'ਤੇ ਹੋਏ ਹਮਲਿਆਂ ਤੋਂ ਬਾਅਦ ਪਿਛਲੇ ਹਫਤੇ ਤਿੰਨ ਹਜ਼ਾਰ ਤੋਂ ਵੱਧ ਪਾਕਿਸਤਾਨੀ ਕਿਰਗਿਜ਼ਸਤਾਨ ਤੋਂ ਘਰ ਪਰਤ ਆਏ ਹਨ। ਇਨ੍ਹਾਂ ਵਿਚ ਜ਼ਿਆਦਾਤਰ ਵਿਦਿਆਰਥੀ ਹਨ। ਹੋਰ ਲੋਕਾਂ ਦੇ ਵਾਪਸ ਆਉਣ ਦੀ ਉਮੀਦ ਹੈ ਤੇ ਗਿਣਤੀ ਚਾਰ ਹਜ਼ਾਰ ਤੋਂ ਵਧ ਜਾਵੇਗੀ।

# ਨਾਰਵੇ, ਸਪੇਨ ਤੇ ਆਇਰਲੈਂਡ ਨੇ ਫਲਸਤੀਨੀਆਂ ਦਾ ਦਰਦ ਸਮਝਿਆ

**ਬਾਰਸੀਲੋਨਾ (ਸਪੇਨ) :** ਨਾਰਵੇ, ਆਇਰਲੈਂਡ ਅਤੇ ਸਪੇਨ ਨੇ ਇਤਿਹਾਸਕ ਕਦਮ ਚੁੱਕਦਿਆਂ ਬੁੱਧਵਾਰ ਫਲਸਤੀਨ ਨੂੰ ਰਾਸ਼ਟਰ ਵਜੋਂ ਮਾਨਤਾ ਦੇ ਦਿੱਤੀ, ਜਿਸ ਦੀ ਇਜ਼ਰਾਈਲ ਨੇ ਨਿੰਦਾ ਕੀਤੀ, ਜਦਕਿ ਫਲਸਤੀਨੀਆਂ ਨੇ ਖ਼ੁਸ਼ੀ ਮਨਾਈ। ਇਜ਼ਰਾਈਲ ਨੇ ਗੁੱਸੇ 'ਚ ਨਾਰਵੇ ਅਤੇ ਆਇਰਲੈਂਡ ਤੋਂ ਆਪਣੇ ਰਾਜਦੂਤਾਂ ਨੂੰ ਵਾਪਸ ਬੁਲਾ ਲਿਆ ਹੈ। ਸਭ ਤੋਂ ਪਹਿਲਾਂ ਨਾਰਵੇ ਦੇ ਪ੍ਰਧਾਨ ਮੰਤਰੀ ਜੋਨਾਸ ਗਹਰ ਸਟੋਰ ਨੇ ਕਿਹਾ ਕਿ ਮੱਧ ਪੂਰਬ 'ਚ ਉਦੋਂ ਤੱਕ ਸ਼ਾਂਤੀ ਨਹੀਂ ਹੋ ਸਕਦੀ, ਜਦੋਂ ਤੱਕ ਫਲਸਤੀਨ ਨੂੰ ਵੱਖਰੇ ਦੇਸ਼ ਵਜੋਂ ਮਾਨਤਾ ਨਹੀਂ ਦਿੱਤੀ ਜਾਂਦੀ। ਉਨ੍ਹਾਂ ਦਾ ਦੇਸ਼ 28 ਮਈ ਤੋਂ ਅਧਿਕਾਰਤ ਤੌਰ 'ਤੇ ਫਲਸਤੀਨ ਦੇਸ਼ ਨੂੰ ਮਾਨਤਾ ਦੇਵੇਗਾ। ਉਨ੍ਹਾ ਕਿਹਾ ਕਿ ਫਲਸਤੀਨ ਨੂੰ ਮਾਨਤਾ ਦਿੰਦਿਆਂ ਨਾਰਵੇ ਅਰਬ ਸ਼ਾਂਤੀ ਯੋਜਨਾ ਦੀ ਹਮਾਇਤ ਕਰ ਰਿਹਾ ਹੈ।




ਅਮਰੀਕੀ ਰਾਸ਼ਟਰਪਤੀ ਜੋਇ ਬਾਇਡਨ ਦੇ ਬੋਸਟਨ ਦੌਰੇ ਦੌਰਾਨ ਫਲਸਤੀਨੀ ਝੰਡਿਆਂ ਨਾਲ ਮਾਰਚ ਕਰਨ ਵਾਲੇ ਗਾਜ਼ਾ 'ਚ ਹਮਲੇ ਰੋਕਣ ਦੀ ਮੰਗ ਕਰਦੇ ਹੋਏ।

ਯੂਰਪੀ ਯੂਨੀਅਨ ਦੇ ਕਈ ਦੇਸ਼ਾਂ ਨੇ ਬੀਤੇ ਹਫਤਿਆਂ ਵਿਚ ਸੰਕੇਤ ਦਿੱਤੇ ਕਿ ਉਹ ਫਲਸਤੀਨ ਨੂੰ ਮਾਨਤਾ ਦੇਣ ਦਾ ਇਰਾਦਾ ਰੱਖਦੇ ਹਨ ਕਿ ਇਜ਼ਰਾਈਲ ਦੇ ਨਾਲ-ਨਾਲ ਫਲਸਤੀਨ ਨੂੰ ਵੀ ਦੇਸ਼ ਮੰਨਣ ਨਾਲ ਖਿੱਤੇ ਵਿਚ ਸਦੀਵੀ ਸ਼ਾਂਤੀ ਹੋ ਸਕਦੀ ਹੈ। ਹਾਲਾਂਕਿ ਨਾਰਵੇ ਯੂਰਪੀ ਯੂਨੀਅਨ ਦਾ ਮੈਂਬਰ ਨਹੀਂ ਹੈ, ਪਰ ਉਸ ਦਾ ਫੈਸਲਾ ਕਾਫੀ ਕੁਝ ਕਹਿੰਦਾ ਹੈ। ਨਾਰਵੇ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਹਮਾਸ ਤੇ ਮਿਲੀਟੈਂਟ ਗਰੁੱਪਾਂ ਨੇ ਦਹਿਸ਼ਤੀ ਕਾਰਵਾਈਆਂ ਕੀਤੀਆਂ ਹਨ ਅਤੇ ਉਹ ਦੋ ਰਾਜਾਂ ਦੇ ਸਿਧਾਂਤ ਦੇ ਹਮਾਇਤੀ ਨਹੀਂ ਹਨ। ਫਲਸਤੀਨ ਨੂੰ ਆਜ਼ਾਦ ਰਾਜ ਦਾ ਬੁਨਿਆਦੀ ਹੱਕ ਹੈ।

ਤਿੰਨ ਦੇਸ਼ਾਂ ਨੇ ਫਲਸਤੀਨ ਨੂੰ ਮਾਨਤਾ ਦੇਣ ਦਾ ਉਦੋਂ ਫੈਸਲਾ ਕੀਤਾ ਹੈ, ਜਦੋਂ ਇਜ਼ਰਾਈਲੀ ਫੌਜਾਂ ਨੇ ਉੱਤਰੀ ਤੇ ਦੱਖਣੀ ਗਾਜ਼ਾ 'ਤੇ ਹਮਲੇ ਕਰਕੇ ਹੋਰ ਹਜ਼ਾਰਾਂ ਲੋਕਾਂ ਨੂੰ ਹਿਜਰਤ ਲਈ ਮਜਬੂਰ ਕਰ ਦਿੱਤਾ ਹੈ। ਇਸ ਹਮਲੇ ਨਾਲ ਮਾਨਵੀ ਸਹਾਇਤਾ ਵਿਚ ਅੜਿੱਕਾ ਪੈ ਗਿਆ ਹੈ ਤੇ ਕਾਲ ਦਾ ਖਤਰਾ ਪੈਦਾ ਹੋ ਗਿਆ ਹੈ।

ਨਾਰਵੇ ਸਰਕਾਰ ਨੇ ਕਿਹਾ ਹੈ ਕਿ 1993 ਵਿਚ ਉਸ ਦੀ ਰਾਜਧਾਨੀ ਓਸਲੋ ਵਿਚ ਫਲਸਤੀਨ 'ਤੇ ਹਮਲੇ ਰੋਕਣ ਦਾ ਸਮਝੌਤਾ ਹੋਇਆ ਸੀ। ਵਿਸ਼ਵ ਬੈਂਕ ਮੰਨ ਚੁੱਕੀ ਹੈ ਕਿ ਫਲਸਤੀਨ ਨੇ ਰਾਜ ਵਜੋਂ ਮਾਨਤਾ ਲਈ ਸ਼ਰਤਾਂ ਨੂੰ 2011 ਵਿਚ ਪੂਰਾ ਕਰ ਦਿੱਤਾ ਸੀ।

ਆਇਰਲੈਂਡ ਦੇ ਪ੍ਰਧਾਨ ਮੰਤਰੀ ਸਿਮੋਨ ਹੈਰਿਸ ਨੇ ਕਿਹਾ ਕਿ ਉਨ੍ਹਾ ਨਾਰਵੇ ਤੇ ਸਪੇਨ ਨਾਲ ਤਾਲਮੇਲ ਕਰਕੇ ਫਲਸਤੀਨ ਰਾਜ ਨੂੰ ਮਾਨਤਾ ਦਿੱਤੀ ਹੈ। ਸਪੇਨ ਦੇ ਪ੍ਰਧਾਨ ਮੰਤਰੀ ਪੈਦਰੋ ਸਾਨਚੇਜ਼ ਨੇ ਕਿਹਾ ਕਿ ਉਨ੍ਹਾ ਦਾ ਦੇਸ਼ 28 ਮਈ ਨੂੰ ਫਲਸਤੀਨ ਨੂੰ ਮਾਨਤਾ ਦੇਵੇਗਾ। ਸਪੇਨ ਦੇ ਸੋਸ਼ਲਿਸਟ ਲੀਡਰ ਸਾਨਚੇਜ਼ ਨੇ ਇਹ ਐਲਾਨ ਸੰਸਦ 'ਚ ਕੀਤਾ। ਸਾਨਚੇਜ਼ ਨੇ ਫਲਸਤੀਨ ਨੂੰ ਮਾਨਤਾ ਦਿਵਾਉਣ ਲਈ ਹਮਾਇਤ ਜੁਟਾਉਣ ਵਾਸਤੇ ਯੂਰਪੀ ਤੇ ਮੱਧ ਪੂਰਬੀ ਦੇਸ਼ਾਂ ਦੇ ਕਈ ਮਹੀਨੇ ਦੌਰੇ ਕੀਤੇ। ਉਨ੍ਹਾਂ ਗਾਜ਼ਾ ਵਿਚ ਜੰਗਬੰਦੀ ਲਈ ਵੀ ਯਤਨ ਕੀਤੇ।

ਇਸ ਮਹੀਨੇ ਦੇ ਸ਼ੁਰੂ ਵਿਚ ਸਪੇਨ ਦੇ ਵਿਦੇਸ਼ ਮੰਤਰੀ ਜੋਸ ਅਲਬੇਰਸ ਨੇ ਅਮਰੀਕੀ ਵਿਦੇਸ਼ ਮੰਤਰੀ ਐਨਟਨੀ ਬਲਿੰਕੇਨ ਨੂੰ ਦੱਸ ਦਿੱਤਾ ਸੀ ਕਿ ਉਨ੍ਹਾ ਦਾ ਦੇਸ਼ ਫਸਲਤੀਨ ਨੂੰ ਮਾਨਤਾ ਦੇਣ ਜਾ ਰਿਹਾ ਹੈ। ਫਲਸਤੀਨ ਦੇ ਰਾਸ਼ਟਰਪਤੀ ਮੁਹੰਮਦ ਅੱਬਾਸ ਨੇ ਨਾਰਵੇ ਦੇ ਫੈਸਲੇ ਦਾ ਸਵਾਗਤ ਕਰਦਿਆਂ ਹੋਰਨਾਂ ਦੇਸ਼ਾਂ ਨੂੰ ਵੀ ਫਲਸਤੀਨ ਨੂੰ ਮਾਨਤਾ ਦੇਣ ਦਾ ਸੱਦਾ ਦਿੱਤਾ ਹੈ।

ਇਸੇ ਦੌਰਾਨ ਇਜ਼ਰਾਈਲ ਦੇ ਸੱਜੇ-ਪੱਖੀ ਕੌਮੀ ਸੁਰੱਖਿਆ ਮੰਤਰੀ ਇਤਾਮਾਰ ਬੇਨ ਗਵੀਰ ਨੇ ਬੁੱਧਵਾਰ ਯੇਰੂਸ਼ਲਮ ਦੀ ਅਲ ਅਕਸਾ ਮਸਜਿਦ ਦੇ ਕੰਪਲੈਕਸ ਦਾ ਦੌਰਾ ਕੀਤਾ ਅਤੇ ਐਲਾਨ ਕੀਤਾ ਕਿ ਇਹ ਪਵਿੱਤਰ ਸਥਾਨ ਸਿਰਫ ਇਜ਼ਰਾਈਲ ਦਾ ਹੈ। ਬੇਨ ਗਵੀਰ ਨੇ ਕਿਹਾ ਕਿ ਉਨ੍ਹਾ ਦੀ ਇਹ ਯਾਤਰਾ ਤਿੰਨ ਯੂਰਪੀ ਦੇਸ਼ਾਂ ਵੱਲੋਂ ਫਲਸਤੀਨ ਨੂੰ ਦੇਸ਼ ਦਾ ਦਰਜਾ ਦੇਣ ਦਾ ਜਵਾਬ ਹੈ।

ਉਧਰ, ਅਮਰੀਕਾ ਦੇ ਐਨ ਆਰਬਰ ਤੋਂ ਖਬਰ ਹੈ ਕਿ ਪੁਲਸ ਨੇ ਜਨਤਕ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਮਿਸ਼ੀਗਨ ਯੂਨੀਵਰਸਿਟੀ ਵਿਚ ਫਲਸਤੀਨੀ ਸਮਰਥਕਾਂ ਦੇ ਕੈਂਪ ਨੂੰ ਤੋੜ ਦਿੱਤਾ। ਪੁਲਸ ਅਧਿਕਾਰੀਆਂ ਨੇ ਮਿਸ਼ੀਗਨ ਯੂਨੀਵਰਸਿਟੀ ਦੇ ਡਿਆਗ ਇਲਾਕੇ ਤੋਂ ਕਰੀਬ 50 ਵਿਅਕਤੀਆਂ ਨੂੰ ਬਾਹਰ ਕੱਢਿਆ। ਇਸ ਦੌਰਾਨ ਪੁਲਸ ਮੁਲਾਜ਼ਮਾਂ ਨੇ ਹੈਲਮੇਟ ਪਹਿਨੇ ਹੋਏ ਸਨ ਅਤੇ ਸੁਰੱਖਿਆ ਲਈ ਸ਼ੀਲਡਾਂ ਫੜੀਆਂ ਹੋਈਆਂ ਸਨ। ਇਹ ਸਥਾਨ ਦਹਾਕਿਆਂ ਤੋਂ ਕੈਂਪਸ 'ਚ ਵਿਰੋਧ ਪ੍ਰਦਰਸ਼ਨਾਂ ਦਾ ਸਥਾਨ ਰਿਹਾ ਹੈ। ਪੁਲਸ ਨੇ ਚਾਰ ਜਣਿਆਂ ਨੂੰ ਗ੍ਰਿਫਤਾਰ ਕਰ ਲਿਆ। ਫਲਸਤੀਨੀ ਸਮਰਥਕ ਵਿਦਿਆਰਥੀਆਂ ਦੇ ਇਕ ਸਮੂਹ ਨੇ ਸੋਸ਼ਲ ਮੀਡੀਆ 'ਤੇ ਕਿਹਾ-ਅਸੀਂ ਨਹੀਂ ਰੁਕਾਂਗੇ, ਅਸੀਂ ਨਹੀਂ ਥੱਕਾਂਗੇ।

# ਭਾਜਪਾ ਨੂੰ ਫਿਰਕੂ ਤੇ ਕਾਂਗਰਸ ਨੂੰ ਸੰਵਿਧਾਨ ਦੇ ਖ਼ਾਤਮੇ ਬਾਰੇ ਤਕਰੀਰਾਂ ਨਾ ਕਰਨ ਦੀ ਸਲਾਹ

**ਨਵੀਂ ਦਿੱਲੀ :** ਸਟਾਰ ਪ੍ਰਚਾਰਕਾਂ ਵੱਲੋਂ ਚੋਣ ਜ਼ਾਬਤੇ ਦੀ ਕਥਿਤ ਉਲੰਘਣਾ 'ਤੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਨੋਟਿਸ ਜਾਰੀ ਕਰਨ ਦੇ ਲਗਭਗ ਮਹੀਨਾ ਬਾਅਦ ਚੋਣ ਕਮਿਸ਼ਨ ਨੇ ਬੁੱਧਵਾਰ ਹਦਾਇਤ ਕੀਤੀ ਕਿ ਭਾਜਪਾ ਦੇ ਸਟਾਰ ਪ੍ਰਚਾਰਕ ਫਿਰਕੂ ਤਕਰੀਰਾਂ ਨਾ ਕਰਨ ਤੇ ਕਾਂਗਰਸ ਦੇ ਸਟਾਰ ਪ੍ਰਚਾਰਕ ਇਹ ਨਾ ਕਹਿਣ ਕਿ ਸੰਵਿਧਾਨ ਖਤਮ ਕੀਤਾ ਜਾ ਸਕਦਾ ਹੈ।

ਚੋਣ ਕਮਿਸਨ ਨੇ ਭਾਜਪਾ ਅਤੇ ਕਾਂਗਰਸ ਨੂੰ ਜਾਤ, ਭਾਈਚਾਰੇ, ਭਾਸ਼ਾ ਅਤੇ ਧਰਮ ਦੇ ਆਧਾਰ 'ਤੇ ਪ੍ਰਚਾਰ ਕਰਨ ਤੋਂ ਬਚਣ ਦੀ ਸਲਾਹ ਦਿੰਦਿਆਂ ਕਿਹਾ ਕਿ ਚੋਣਾਂ ਦੌਰਾਨ ਭਾਰਤ ਦੇ ਸਮਾਜਕ ਅਤੇ ਸੱਭਿਆਚਾਰਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਰਾਜਸਥਾਨ ਦੇ ਬਾਂਸਵਾੜਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫੁੱਟਪਾਊ ਭਾਸ਼ਣ 'ਤੇ ਵਿਰੋਧੀ ਧਿਰ ਦੇ ਦੋਸ਼ਾਂ 'ਤੇ ਜਾਰੀ ਨੋਟਿਸ ਬਾਰੇ ਭਾਜਪਾ ਪ੍ਰਧਾਨ ਨੱਢਾ ਦੀ ਸਫਾਈ ਨੂੰ ਕਮਿਸ਼ਨ ਨੇ ਰੱਦ ਕਰ ਦਿੱਤਾ। ਚੋਣ ਕਮਿਸ਼ਨ ਨੇ ਖੜਗੇ ਦੀ ਸਫਾਈ ਨੂੰ ਵੀ ਰੱਦ ਕਰ ਦਿੱਤਾ ਅਤੇ ਕਾਂਗਰਸ ਨੂੰ ਸੁਰੱਖਿਆ ਬਲਾਂ ਦਾ ਸਿਆਸੀਕਰਨ ਨਾ ਕਰਨ ਅਤੇ ਹਥਿਆਰਬੰਦ ਬਲਾਂ ਦੀ ਸਮਾਜਕ-ਆਰਥਕ ਬਣਤਰ ਬਾਰੇ ਵੰਡਣ ਵਾਲੇ ਬਿਆਨ ਨਾ ਦੇਣ ਲਈ ਕਿਹਾ ਹੈ।



# ਅਗਨੀਵੀਰ ਸਕੀਮ ਕੂੜੇਦਾਨ 'ਚ ਸੁੱਟਾਂਗੇ : ਰਾਹੁਲ



**ਮਹਿੰਦਰਗੜ੍ਹ :** ਰਾਹੁਲ ਗਾਂਧੀ ਨੇ ਬੁੱਧਵਾਰ ਇੱਥੇ ਚੋਣ ਰੈਲੀ ਵਿਚ ਕਿਹਾ ਕਿ 'ਇੰਡੀਆ' ਗੱਠਜੋੜ ਦੀ ਸਰਕਾਰ ਬਣਦਿਆਂ ਹੀ ਅਗਨੀਵੀਰ ਸਕੀਮ ਨੂੰ ਕੂੜੇਦਾਨ 'ਚ ਸੁੱਟ ਦਿੱਤਾ ਜਾਵੇਗਾ। ਹਰਿਆਣਾ ਤੇ ਹੋਰਨਾਂ ਰਾਜਾਂ ਦੇ ਨੌਜਵਾਨ ਸਰਹੱਦਾਂ ਦੀ ਰਾਖੀ ਕਰਦੇ ਹਨ। ਉਨ੍ਹਾਂ ਦੇ ਦਿਲਾਂ ਵਿਚ ਦੇਸ਼ ਭਗਤੀ ਦੀ ਭਾਵਨਾ ਹੈ, ਪਰ ਨਰਿੰਦਰ ਮੋਦੀ ਨੇ ਅਗਨੀਵੀਰ ਸਕੀਮ ਲਿਆ ਕੇ ਭਾਰਤ ਦੇ ਜਵਾਨਾਂ ਨੂੰ ਮਜ਼ਦੂਰ ਬਣਾ ਛੱਡਿਆ ਹੈ। ਮੋਦੀ ਦੀਆਂ ਨਜ਼ਰਾਂ ਵਿਚ ਦੋ ਤਰ੍ਹਾਂ ਦੇ ਸ਼ਹੀਦ ਹਨ, ਇਕ ਨਾਰਮਲ ਜਵਾਨ ਜਾਂ ਅਧਿਕਾਰੀ। ਉਨ੍ਹਾਂ ਦੇ ਪਰਵਾਰਾਂ ਨੂੰ ਪੈਨਸ਼ਨ ਤੇ ਹੋਰ ਸਾਰੇ ਲਾਭ ਮਿਲਦੇ ਹਨ। ਦੂਜੇ ਹਨ ਗਰੀਬ ਘਰਾਂ ਦੇ ਜਵਾਨ, ਜਿਨ੍ਹਾਂ ਨੂੰ ਅਗਨੀਵੀਰ ਦਾ ਨਾਂਅ ਦੇ ਦਿੱਤਾ ਹੈ। ਉਹ ਸ਼ਹੀਦ ਨਹੀਂ ਮੰਨੇ ਜਾਣਗੇ ਤੇ ਪੈਨਸ਼ਨ ਤੇ ਹੋਰ ਲਾਭ ਉਨ੍ਹਾਂ ਨੂੰ ਨਹੀਂ ਮਿਲਣਗੇ।

ਰਾਹੁਲ ਨੇ ਉਨ੍ਹਾ ਨੂੰ ਮੋਦੀ ਵੱਲੋਂ 'ਸ਼ਹਿਜ਼ਾਦਾ' ਕਹਿਣ ਦਾ ਜਵਾਬ ਇਹ ਕਹਿੰਦਿਆਂ ਦਿੱਤਾ—ਮੈਂ ਰਾਜਾ ਨਹੀਂ, ਮੋਦੀ ਰਾਜਾ ਹਨ। ਮੈਂ ਰਾਜਾ ਨਹੀਂ ਬਣਨਾ ਚਾਹੁੰਦਾ। ਮੈਂ ਤੁਹਾਡਾ ਬੇਟਾ ਤੇ ਭਰਾ ਹਾਂ, ਰਾਜਾ ਨਹੀਂ।

ਉਨ੍ਹਾ ਕਿਹਾ ਕਿ ਮੋਦੀ ਕਹਿੰਦੇ ਹਨ ਕਿ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਤਾਂ ਉਨ੍ਹਾਂ ਦੀ ਆਦਤ ਖਰਾਬ ਹੋ ਜਾਵੇਗੀ। ਕੀ ਕਰਜ਼ਾ ਮੁਆਫੀ ਸਿਰਫ ਕਿਸਾਨਾਂ ਦੀਆਂ ਆਦਤਾਂ ਖਰਾਬ ਕਰੇਗੀ, ਅਰਬਪਤੀਆਂ ਦੀਆਂ ਨਹੀਂ? ਜੇ ਕਰਜ਼ਾ ਮੁਆਫੀ ਕਿਸਾਨਾਂ ਦੀਆਂ ਆਦਤਾਂ ਖਰਾਬ ਕਰੇਗੀ ਤਾਂ ਉਹ ਇਕ ਵਾਰ ਨਹੀਂ, ਵਾਰ-ਵਾਰ ਕਰਨਗੇ। ਜੇ ਮੋਦੀ ਚੰਦ ਪੂੰਜੀਪਤੀਆਂ ਦਾ 16 ਲੱਖ ਕਰੋੜ ਮੁਆਫ ਕਰ ਸਕਦੇ ਹਨ ਤਾਂ ਕਾਂਗਰਸ ਕਿਸਾਨਾਂ ਦਾ ਕਰਜ਼ਾ ਮੁਆਫ ਕਰੇਗੀ। ਉਨ੍ਹਾ ਕਿਹਾ ਕਿ ਦੇਸ਼ ਵਿਚ ਨਰਿੰਦਰ ਮੋਦੀ ਦਾ ਅਕਸ ਨਹੀਂ ਬਚਿਆ। ਉਨ੍ਹਾ ਦੇ ਝੂਠੇ ਅਕਸ ਦਾ ਗੁਬਾਰਾ ਫਟ ਗਿਆ ਹੈ।

## ਬੰਗਾਲ ਦੇ 5 ਲੱਖ ਮੁਲਾਜ਼ਮਾਂ ਦੀਆਂ ਨੌਕਰੀਆਂ ਖਤਰੇ 'ਚ

**ਕੋਲਕਾਤਾ :** ਕਲਕੱਤਾ ਹਾਈ ਕੋਰਟ ਨੇ ਬੁੱਧਵਾਰ ਜਨਹਿੱਤ ਪਟੀਸ਼ਨ 'ਤੇ 2012 ਦੇ ਕਾਨੂੰਨ ਤਹਿਤ ਕਰੀਬ 5 ਲੱਖ ਲੋਕਾਂ ਨੂੰ ਨੌਕਰੀਆਂ ਲਈ ਜਾਰੀ ਕੀਤੇ ਓ ਬੀ ਸੀ ਸਰਟੀਫਿਕੇਟ ਰੱਦ ਕਰ ਦਿੱਤੇ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਨੂੰ ਪ੍ਰਵਾਨ ਨਹੀਂ ਕਰਨਗੇ। ਉਨ੍ਹਾ ਕਿਹਾ ਕਿ ਪਹਿਲਾਂ ਭਾਜਪਾ ਨੇ ਸਕੂਲਾਂ ਦੇ 26 ਹਜ਼ਾਰ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਖਿਲਾਫ ਹੁਕਮ ਪਾਸ ਕਰਵਾਇਆ ਤੇ ਹੁਣ ਇਹ ਹੁਕਮ ਪਾਸ ਕਰਵਾ ਲਿਆ ਹੈ। ਓ ਬੀ ਸੀ ਰਿਜ਼ਰਵੇਸ਼ਨ ਜਾਰੀ ਰਹੇਗੀ।

ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ 2012 ਤੋਂ ਪਹਿਲਾਂ ਰਿਜ਼ਰਵੇਸ਼ਨ ਹਾਸਲ ਕਰਨ ਵਾਲਿਆਂ 'ਤੇ ਇਹ ਹੁਕਮ ਲਾਗੂ ਨਹੀਂ ਹੋਵੇਗਾ, ਕਿਉਂਕਿ ਰਿਜ਼ਰਵੇਸ਼ਨ ਬਾਰੇ ਪਹਿਲਾਂ ਜਾਰੀ ਸਰਕਾਰੀ ਹੁਕਮਾਂ ਨੂੰ ਚੈਲੰਜ ਨਹੀਂ ਕੀਤਾ ਗਿਆ ਸੀ।

## ਕੋਲਕਾਤਾ 'ਚ ਬੰਗਲਾਦੇਸ਼ੀ ਸਾਂਸਦ ਦਾ ਕਤਲ



**ਢਾਕਾ :** ਬੰਗਲਾਦੇਸ਼ ਦੇ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਨੇ ਦੱਸਿਆ ਕਿ ਭਾਰਤ 'ਚ ਲਾਪਤਾ ਹੋਏ ਦੇਸ਼ ਦੀ ਸੱਤਾਧਾਰੀ ਅਵਾਮੀ ਲੀਗ ਦੇ 56 ਸਾਲਾ ਸੰਸਦ ਮੈਂਬਰ ਅਨਵਾਰੁਲ ਅਜ਼ੀਮ ਅਨਾਰ ਦਾ ਕੋਲਕਾਤਾ 'ਚ ਕਤਲ ਕਰ ਦਿੱਤਾ ਗਿਆ। ਇਸ ਮਾਮਲੇ 'ਚ ਤਿੰਨ ਵਿਅਕਤੀਆਂ ਦੀ ਗ੍ਰਿਫਤਾਰੀ ਹੋਈ ਹੈ, ਜੋ ਬੰਗਲਾਦੇਸ਼ੀ ਹਨ। ਭਾਰਤੀ ਪੁਲਸ ਇਸ ਮਾਮਲੇ 'ਚ ਸਹਿਯੋਗ ਕਰ ਰਹੀ ਹੈ। ਅਨਵਾਰੁਲ 12 ਮਈ ਨੂੰ ਇਲਾਜ ਲਈ ਭਾਰਤ ਗਏ ਸਨ।

## ਗ੍ਰਹਿ ਤੇ ਵਿੱਤ ਮੰਤਰਾਲੇ ਬੰਬ ਨਾਲ ਉਡਾਉਣ ਦੀ ਧਮਕੀ

**ਨਵੀਂ ਦਿੱਲੀ :** ਦਿੱਲੀ ਪੁਲਸ ਨੇ ਬੁੱਧਵਾਰ ਕਿਹਾ ਕਿ ਗ੍ਰਹਿ ਤੇ ਵਿੱਤ ਮੰਤਰਾਲੇ ਦੇ ਦਫਤਰਾਂ ਨੂੰ ਬੰਬ ਨਾਲ ਉਡਾਉਣ ਦੀ ਈਮੇਲ ਰਾਹੀਂ ਧਮਕੀ ਮਿਲੀ। ਇਹ ਧਮਕੀ ਗ੍ਰਹਿ ਮੰਤਰਾਲੇ ਵਿਚ ਪੁਲਸ ਕੰਟਰੋਲ ਰੂਮ ਨੂੰ ਮਿਲੀ। ਜਾਂਚ ਦੌਰਾਨ ਕੋਈ ਸ਼ੱਕੀ ਚੀਜ਼ ਨਹੀਂ ਮਿਲੀ। ਇਸ ਤੋਂ ਪਹਿਲਾਂ ਦਿੱਲੀ ਵਿਚ ਸਕੂਲਾਂ, ਹਵਾਈ ਅੱਡੇ, ਹਸਪਤਾਲਾਂ ਤੇ ਜੇਲ੍ਹਾਂ ਨੂੰ ਧਮਕੀਆਂ ਮਿਲ ਚੁੱਕੀਆਂ ਹਨ। ਜੈਪੁਰ, ਲਖਨਊ, ਕਾਨਪੁਰ ਤੇ ਅਹਿਮਦਾਬਾਦ ਵਿਚ ਵੀ ਕਈ ਸਕੂਲਾਂ ਨੂੰ ਉਡਾਉਣ ਦੀਆਂ ਧਮਕੀਆਂ ਮਿਲੀਆਂ।

# ਭਾਜਪਾ ਵੱਲੋਂ ਦਿੱਲੀ 'ਚ ਪਾਣੀ ਸੰਕਟ ਪੈਦਾ ਕਰਨ ਦੀ ਸਾਜ਼ਿਸ਼ : ਆਪ

**ਨਵੀਂ ਦਿੱਲੀ :** ਗਰਮੀ ਵਧਣ ਦੇ ਨਾਲ ਹੀ ਦਿੱਲੀ 'ਚ ਪਾਣੀ 'ਤੇ ਸਿਆਸਤ ਭਖ ਪਈ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਵਿਰੋਧੀ ਧਿਰ ਭਾਜਪਾ ਪਾਣੀ ਦੇ ਮੁੱਦੇ ਨੂੰ ਲੈ ਕੇ ਇੱਕ-ਦੂਜੇ 'ਤੇ ਸਾਜ਼ਿਸ਼ਾਂ ਘੜਨ ਦੇ ਦੋਸ਼ ਲਾ ਰਹੇ ਹਨ। 'ਆਪ' ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਨੇ ਸਾਜ਼ਿਸ਼ ਤਹਿਤ ਦਿੱਲੀ ਨੂੰ ਯਮੁਨਾ ਨਹਿਰ ਤੋਂ ਪਾਣੀ ਦੀ ਸਪਲਾਈ ਘਟਾ ਦਿੱਤੀ ਹੈ।



'ਆਪ' ਦੀ ਸੀਨੀਅਰ ਨੇਤਾ ਅਤੇ ਜਲ ਮੰਤਰੀ ਆਤਿਸ਼ੀ ਨੇ ਦਿੱਲੀ ਦੇ ਲੋਕਾਂ ਨੂੰ ਸਾਵਧਾਨ ਕੀਤਾ ਕਿ ਭਾਜਪਾ ਨੇ ਦਿੱਲੀ 'ਚ ਵੋਟਾਂ ਤੋਂ ਪਹਿਲਾਂ ਪਾਣੀ ਦਾ ਸੰਕਟ ਪੈਦਾ ਕਰਨ ਦੀ ਨਵੀਂ ਸਾਜ਼ਿਸ਼ ਰਚੀ ਹੈ। ਉਨ੍ਹਾ ਕਿਹਾ ਕਿ ਦਿੱਲੀ 'ਚ 25 ਮਈ ਨੂੰ ਵੋਟਾਂ ਪੈਣੀਆਂ ਹਨ। ਇਸ ਤੋਂ ਪਹਿਲਾਂ ਪਾਣੀ ਨੂੰ ਲੈ ਕੇ ਦਹਿਸ਼ਤ ਪੈਦਾ ਕਰਨ ਲਈ ਭਾਜਪਾ ਆਪਣੀ ਹਰਿਆਣਾ ਸਰਕਾਰ ਰਾਹੀਂ ਦਿੱਲੀ ਨੂੰ ਸਪਲਾਈ ਹੋਣ ਵਾਲਾ ਪਾਣੀ ਬੰਦ ਕਰ ਰਹੀ ਹੈ ਤਾਂ ਜੋ ਲੋਕ ਪ੍ਰੇਸ਼ਾਨ ਹੋ ਜਾਣ। ਆਤਿਸ਼ੀ ਨੇ ਜਲ ਸੰਕਟ ਸੰਬੰਧੀ ਇੱਕ ਅਹਿਮ ਪ੍ਰੈਸ ਕਾਨਫਰੰਸ 'ਚ ਕਿਹਾ ਕਿ ਯਮੁਨਾ 'ਚ ਘੱਟ ਪਾਣੀ ਛੱਡਣ ਨੂੰ ਲੈ ਕੇ ਹਰਿਆਣਾ ਸਰਕਾਰ ਨੂੰ ਪੱਤਰ ਲਿਖ ਰਹੇ ਹਾਂ ਅਤੇ ਲੋੜ ਪੈਣ 'ਤੇ ਅਦਾਲਤ 'ਚ ਅਰਜ਼ੀ ਵੀ ਦਾਇਰ ਕਰਾਂਗੇ।

ਉਧਰ, ਦਿੱਲੀ ਨੇ ਮਈ 'ਚ ਹੀ ਬਿਜਲੀ ਦੀ ਖਪਤ ਦੇ ਮਾਮਲੇ 'ਚ ਆਪਣਾ 15 ਸਾਲ ਦਾ ਰਿਕਾਰਡ ਤੋੜ ਦਿੱਤਾ ਹੈ। ਇੱਥੇ ਬਿਜਲੀ ਦੀ ਮੰਗ 7 ਹਜ਼ਾਰ ਮੈਗਾਵਾਟ ਨੂੰ ਪਾਰ ਕਰ ਗਈ ਹੈ। ਫਿਰ ਵੀ ਕੇਜਰੀਵਾਲ ਸਰਕਾਰ ਆਪਣੇ ਨਾਗਰਿਕਾਂ ਨੂੰ 24 ਘੰਟੇ ਬਿਜਲੀ ਦੇ ਰਹੀ ਹੈ। ਬਿਜਲੀ ਮੰਤਰੀ ਆਤਿਸ਼ੀ ਨੇ ਕਿਹਾ ਕਿ ਇਸ ਸਮੇਂ ਦਿੱਲੀ ਨੂੰ ਤੇਜ਼ ਗਰਮ ਹਵਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਾਰਨ 21 ਮਈ ਨੂੰ ਬਿਜਲੀ ਦੀ ਮੰਗ 7717 ਮੈਗਾਵਾਟ ਤੱਕ ਪਹੁੰਚ ਗਈ। ਗਰਮੀ ਅਤੇ ਭਾਰੀ ਮੰਗ ਦੇ ਬਾਵਜੂਦ ਦਿੱਲੀ ਵਿੱਚ ਬਿਜਲੀ ਸਪਲਾਈ 'ਚ ਕੋਈ ਸਮੱਸਿਆ ਨਹੀਂ ਹੈ ਤੇ ਕਿਤੇ ਵੀ ਬਿਜਲੀ ਦੇ ਕੱਟ ਨਹੀਂ ਹਨ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਜੁਲਾਈ-ਅਗਸਤ 'ਚ ਹੁੰਮਸ ਭਰੀ ਗਰਮੀ ਕਾਰਨ ਬਿਜਲੀ ਦੀ ਖਪਤ ਵਧ ਜਾਂਦੀ ਹੈ, ਪਰ ਇਸ ਵਾਰ ਮਈ 'ਚ ਹੀ ਮੰਗ ਕਾਫੀ ਵਧ ਗਈ ਹੈ। ਜੁਲਾਈ-ਅਗਸਤ 'ਚ ਬਿਜਲੀ ਦੀ ਮੰਗ 8 ਹਜ਼ਾਰ ਮੈਗਾਵਾਟ ਤੱਕ ਪਹੁੰਚ ਸਕਦੀ ਹੈ ਅਤੇ ਦਿੱਲੀ ਸਰਕਾਰ ਇਸ ਲਈ ਪਹਿਲਾਂ ਹੀ ਤਿਆਰ ਹੈ।

## ਨਿੱਝਰ ਕਤਲ ਕਾਂਡ 'ਚ ਚਾਰ ਮੁਲਜ਼ਮਾਂ ਦੀ ਪੇਸ਼ੀ

**ਓਟਵਾ :** ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮੁਲਜ਼ਮ ਚਾਰ ਭਾਰਤੀ ਨਾਗਰਿਕਾਂ ਨੂੰ ਕੈਨੇਡਾ ਦੀ ਅਦਾਲਤ ਨੇ ਭਾਈਚਾਰੇ ਦੇ ਮੈਂਬਰਾਂ ਨਾਲ ਸੰਪਰਕ ਨਾ ਕਰਨ ਦਾ ਹੁਕਮ ਦਿੱਤਾ ਹੈ। ਇਸ ਮਾਮਲੇ 'ਚ ਮੁਲਜ਼ਮਾਂ ਨੂੰ ਪਹਿਲੀ ਵਾਰ ਕੈਨੇਡਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਚਾਰ ਮੁਲਜ਼ਮਾਂ ਵਿੱਚੋਂ ਤਿੰਨ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ਸਰੀ ਦੀ ਬ੍ਰਿਟਿਸ਼ ਕੋਲੰਬੀਆ ਅਦਾਲਤ 'ਚ ਪੇਸ਼ ਹੋਏ, ਜਦੋਂਕਿ ਅਮਨਦੀਪ ਸਿੰਘ (22) ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ 'ਚ ਪੇਸ਼ ਹੋਇਆ। ਅਮਨਦੀਪ ਸਿੰਘ ਹਥਿਆਰਾਂ ਨਾਲ ਸੰਬੰਧਤ ਇੱਕ ਹੋਰ ਕੇਸ 'ਚ ਓਨਟਾਰੀਓ 'ਚ ਹਿਰਾਸਤ 'ਚ ਹੈ। ਅਗਲੀ ਸੁਣਵਾਈ 25 ਜੂਨ ਨੂੰ ਹੋਵੇਗੀ। ਮੁਲਜ਼ਮਾਂ ਨੇ ਪੇਸ਼ੀ ਸਮੇਂ ਜੇਲ੍ਹ ਦੇ ਕੱਪੜੇ ਪਾਏ ਹੋਏ ਸਨ। ਨਿੱਝਰ ਦੇ ਸਮਰਥਕਾਂ ਨੇ ਅਦਾਲਤ ਦੇ ਬਾਹਰ ਪ੍ਰਦਰਸ਼ਨ ਕੀਤਾ।

# ਸੈਂਕੜੇ ਨਮ ਅੱਖਾਂ ਨੇ ਦਿੱਤੀ ਰਾਕੇਸ਼ ਸ਼ਰਮਾ ਨੂੰ ਅੰਤਮ ਵਿਦਾਇਗੀ

**ਮੋਗਾ (ਇਕਬਾਲ ਸਿੰਘ ਖਹਿਰਾ)-**'ਨਵਾਂ ਜ਼ਮਾਨਾ' ਦੇ ਮੋਗਾ ਤੋਂ ਸਾਬਕਾ ਪੱਤਰਕਾਰ ਅਤੇ ਕਮਿਊਨਿਸਟ ਲਹਿਰ ਦੇ ਸਰਗਰਮ ਕਾਰਕੁਨ ਰਹੇ ਰਾਕੇਸ਼ ਸ਼ਰਮਾ ਦੀ ਮੰਗਲਵਾਰ ਹਿਮਾਚਲ ਦੇ ਗਗਰੇਟ ਵਿਖੇ ਸੜਕ ਹਾਦਸੇ ਵਿੱਚ ਮੌਤ ਹੋ ਗਈ। ਉਹ 'ਨਵਾਂ ਜ਼ਮਾਨਾ' ਦੇ ਮੈਨੇਜਰ ਰਹੇ ਸਾਥੀ ਕ੍ਰਿਸ਼ਨ ਭਾਰਦਵਾਜ ਦੇ ਦਾਮਾਦ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸਾਬਕਾ ਜਨਰਲ ਸਕੱਤਰ ਸਾਥੀ ਗੁਰਮੀਤ ਦੇ ਸਾਂਢੂ ਅਤੇ ਮੋਗਾ ਤੋਂ ਬੰਬੇ ਆਰਟ ਵਾਲੇ ਕਾਮਰੇਡ ਰਕਸ਼ਪਾਲ ਦੇ ਪੁੱਤਰ ਸਨ। ਪਰਵਾਰ ਵਿੱਚ ਉਹ ਆਪਣੇ ਪਿੱਛੇ ਪਤਨੀ, ਦੋ ਧੀਆਂ ਅਤੇ ਇੱਕ ਪੁੱਤਰ ਛੱਡ ਗਏ ਹਨ। 62 ਵਰ੍ਹਿਆਂ ਦੇ ਰਾਕੇਸ਼ ਸ਼ਰਮਾ ਨੂੰ ਲੋਕਾਈ ਦੇ ਲਈ ਲਿਖਣ ਅਤੇ ਕੰਮ ਕਰਨ ਦਾ ਜ਼ਿੰਮਾ ਵਿਰਾਸਤ ਵਿੱਚੋਂ ਮਿਲਿਆ। ਉਨ੍ਹਾ ਜਵਾਨੀ ਵਿੱਚ ਹਰੇਕ ਨੂੰ ਵਿੱਦਿਆ ਅਤੇ ਪੱਕੇ ਰੁਜ਼ਗਾਰ ਲਈ ਪੰਜਾਬ ਵਿੱਚ ਚੱਲੀ 'ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ' ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਮੁਹਿੰਮ ਨੂੰ ਪੰਜਾਬ ਦੇ ਪਿੰਡਾਂ, ਸ਼ਹਿਰਾਂ ਤੱਕ ਲਿਜਾਣ ਲਈ ਉਨ੍ਹਾਂ ਅਖ਼ਬਾਰਾਂ, ਮੀਟਿੰਗਾਂ, ਪੇਂਟਿੰਗਜ਼ ਰਾਹੀਂ ਵਡਮੁੱਲਾ ਯੋਗਦਾਨ ਪਾਇਆ। ਪੱਤਰਕਾਰ ਤੇ ਚਿੱਤਰਕਾਰ ਕਾਮਰੇਡ ਰਾਕੇਸ਼ ਸ਼ਰਮਾ ਦੀ ਮ੍ਰਿਤਕ ਦੇਹ 'ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਕਾਮਰੇਡ ਜਗਰੂਪ,



ਬਾਕੀ ਸਫ਼ਾ 2 'ਤੇ

## ਤਿੰਨ ਜੀਆਂ ਦੀ ਹਾਦਸੇ 'ਚ ਮੌਤ



**ਪੱਟੀ :** ਤਰਨ ਤਾਰਨ ਜ਼ਿਲ੍ਹੇ ਦੇ ਹਰੀਕੇ-ਭਿੱਖੀਵਿੰਡ ਮਾਰਗ 'ਤੇ ਪਿੰਡ ਬੂਹ ਨੇੜੇ ਮੰਗਲਵਾਰ ਦੇਰ ਸ਼ਾਮ ਕਾਰ ਨੂੰ ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰਨ 'ਤੇ ਕਾਰ ਸਵਾਰ ਪਤੀ, ਪਤਨੀ ਤੇ ਉਨ੍ਹਾ ਦੇ ਪੁੱਤਰ ਦੀ ਮੌਤ ਹੋ ਗਈ। ਇਕ ਰਿਸ਼ਤੇਦਾਰ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਨਿਸ਼ਾਨ ਸਿੰਘ (45) ਪਤਨੀ ਰਜਵੰਤ ਕੌਰ (42) ਤੇ ਪੁੱਤਰ ਨਵਦੀਪ ਸਿੰਘ (17) ਅਤੇ ਜਗਜੀਤ ਸਿੰਘ ਸਮੇਤ ਚੰਡੀਗੜ੍ਹ ਤੋਂ ਵਾਪਸ ਪਿੰਡ ਠੱਕਰਪੁਰਾ ਆ ਰਹੇ ਸਨ।

## ਅੱਜ-ਨਾਮਾ

ਲੱਗਿਆ ਫੇਰ ਪੰਜਾਬ ਵੱਲ ਆਉਣ ਮੋਦੀ,
ਕਰਨ ਲਈ ਚੋਣਾਂ ਦਾ ਫੇਰ ਪ੍ਰਚਾਰ ਬੇਲੀ।
ਪੁਰਾਣਾ ਵਕਤ ਵੀ ਕਿਸੇ ਨੂੰ ਭੁੱਲਿਆ ਨਾ,
ਮੁੜਿਆ ਜਦੋਂ ਸੀ ਅੱਧ-ਵਿਚਕਾਰ ਬੇਲੀ।
ਫਿਕਰ ਓਹੋ ਜਿਹਾ ਐਤਕੀਂ ਫੇਰ ਲੱਗਦਾ,
ਹੋ ਗਏ ਕਿਸਾਨ ਹਨ ਫੇਰ ਤਿਆਰ ਬੇਲੀ।
ਬਦਨਾਮੀ ਓਦੋਂ ਪੰਜਾਬ ਦੀ ਹੋਈ ਬਾਹਲੀ,
ਪਤਾ ਨਹੀਂ ਹੋਊ ਕੀ ਐਤਕੀਂ ਵਾਰ ਬੇਲੀ।
ਚਾਹੀਦਾ ਅਮਨ ਪੰਜਾਬ ਵਿੱਚ ਸਦਾ ਬੇਲੀ,
ਬਾਹਲੀ ਚੋਣਾਂ ਦੇ ਵਕਤ ਇਹ ਲੋੜ ਬੇਲੀ।
ਨਹੀਂ ਤਾਂ ਮਾਸਾ ਕੁ ਗੱਲ ਵੀ ਹੋਈ ਜੇਕਰ,
ਬਾਕੀ ਲੈਣੀ ਫਿਰ ਅਗਲਿਆਂ ਜੋੜ ਬੇਲੀ।

-ਤੀਸ ਮਾਰ ਖਾਂ

# ਦੇਸ਼ ਦੀ ਦੌਲਤ ਦਾ 73 ਫੀਸਦੀ ਹਿੱਸਾ ਮੋਦੀ ਦੇ ਬੇਲੀਆਂ ਕੋਲ : ਸੇਖੋਂ

**ਸ਼ਾਹਕੋਟ (ਗਿਆਨ ਸੈਦਪੁਰੀ)-** "ਦੇਸ਼ ਦੀ ਦੌਲਤ ਦਾ 73 ਫੀਸਦੀ ਹਿੱਸਾ ਇੱਥੋਂ ਦੇ 100 ਪੂੰਜੀਪਤੀਆਂ ਕੋਲ ਹੈ ਤੇ 27 ਫੀਸਦੀ ਬਾਕੀ ਸਾਰੇ ਲੋਕਾਂ ਕੋਲ ਹੈ। ਦੇਸ਼ ਦੇ ਆਰਥਕ ਪਾੜੇ ਦੀ ਇਹ ਭੱਦੀ ਤਸਵੀਰ ਉਸ ਮੋਦੀ ਦੀ ਦੇਣ ਹੈ, ਜਿਸ ਦਾ ਨਾਹਰਾ ਹੈ, 'ਸਭ ਕਾ ਸਾਥ, ਸਭ ਕਾ ਵਿਕਾਸ'।" ਉਕਤ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕੀਤਾ। ਉਹ ਬੁੱਧਵਾਰ ਨੂੰ ਸ਼ਾਹਕੋਟ ਵਿੱਚ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਦੇ ਲੋਕ ਸਭਾ ਹਲਕਾ ਜਲੰਧਰ ਤੋਂ ਸਾਂਝੇ ਉਮੀਦਵਾਰ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ ਦੇ ਹੱਕ ਵਿੱਚ ਹੋਈ ਚੋਣ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਮੁਲਕ ਵਿੱਚੋਂ ਬੇਰੁਜ਼ਗਾਰੀ ਦੂਰ ਕਰਨ ਤੋਂ ਲੈ ਕੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਤੱਕ ਦੇ ਮੋਦੀ ਵੱਲੋਂ ਕੀਤੇ ਅਨੇਕਾਂ ਵਾਅਦਿਆਂ ਵਿੱਚੋਂ ਇੱਕ ਵੀ ਵਫ਼ਾ ਨਹੀਂ ਹੋਇਆ। ਇਹ ਚੋਣਾਂ ਮੋਦੀ ਨਾਲ ਹਿਸਾਬ ਕਰਨ ਦਾ ਮੌਕਾ ਹੈ। ਜੇਕਰ ਹੁਣ ਖੁੰਝ ਗਏ ਤਾਂ ਇਹੋ ਜਿਹਾ ਵੇਲਾ ਸ਼ਾਇਦ ਮੁੜ ਆਵੇ ਹੀ ਨਾ। ਕਮਿਊਨਿਸਟ ਆਗੂ ਨੇ ਇਸ ਗੱਲ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਲੋਕ ਮੋਦੀ ਦੇ ਉਸ ਪਖੰਡ ਨੂੰ ਸਮਝ ਚੁੱਕੇ ਹਨ, ਜਿਸ ਦਾ ਸਹਾਰਾ ਲੈ ਕੇ ਇਸ ਵਾਰ ਚਾਰ ਸੌ ਪਾਰ ਦੀਆਂ ਡੀਂਗਾਂ ਮਾਰੀਆਂ ਗਈਆ ਹਨ। ਉਹਨਾ ਕਿਹਾ ਕਿ ਕੋਰੋਨਾ ਦੇ ਇਲਾਜ ਦੀ ਆੜ ਵਿੱਚ ਕੰਪਨੀਆਂ ਕੋਲ਼ੋਂ 50-50 ਕਰੋੜ ਰੁਪਏ ਲੈ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ। ਇੱਥੇ ਹੀ ਬੱਸ ਨਹੀਂ ਚੋਣ ਬਾਂਡ ਦੇ ਨਾਂਅ 'ਤੇ ਭਾਜਪਾ ਨੇ 8252 ਕਰੋੜ ਰੁਪਏ ਲੈ ਕੇ ਸਭ ਤੋਂ ਵੱਡਾ ਘੁਟਾਲਾ ਕੀਤਾ। ਖੱਬੀਆਂ ਪਾਰਟੀਆਂ ਨੇ ਇੱਕ ਵੀ ਪੈਸਾ ਚੋਣ ਬਾਂਡ ਰਾਹੀਂ ਨਹੀਂ ਲਿਆ, ਜਿਸ ਕਰਕੇ ਸਾਨੂੰ ਸਾਡੀਆਂ ਸਿਆਸੀ ਧਿਰਾਂ 'ਤੇ ਮਾਣ ਹੈ।



ਉਹਨਾ ਪੰਜਾਬ ਵਿੱਚ ਖੱਬੀਆਂ ਧਿਰਾਂ ਦੀ ਤਾਕਤ ਤੇ ਏਕਤਾ ਮਜ਼ਬੂਤ ਕਰਨ ਦਾ ਸੱਦਾ ਦਿੰਦਿਆਂ ਦੱਸਿਆ ਕਿ ਚਾਰ ਸੀਟਾਂ 'ਤੇ ਘੋਲਾਂ ਵਿੱਚ ਪਰਖੇ ਆਗੂ ਉਮੀਦਵਾਰ ਬਣਾਏ ਗਏ ਹਨ। ਜਲੰਧਰ ਤੋਂ ਸੀ ਪੀ ਆਈ (ਐੱਮ) ਦੇ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ, ਖਡੂਰ ਸਾਹਿਬ ਤੋਂ ਗੁਰਦਿਆਲ ਸਿੰਘ, ਅੰਮ੍ਰਿਤਸਰ ਤੋਂ ਬੀਬੀ ਦਸਵਿੰਦਰ ਕੌਰ ਅਤੇ ਫ਼ਰੀਦਕੋਟ ਤੋਂ ਮਾਸਟਰ ਗੁਰਚਰਨ ਸਿੰਘ ਮਾਨ (ਤਿੰਨੋਂ ਸੀ ਪੀ ਆਈ) ਚੋਣ ਲੜ ਰਹੇ ਹਨ। ਸੀ ਪੀ ਆਈ ਤੇ ਸੀ ਪੀ ਆਈ (ਐੱਮ) ਦੇ ਨਾਲ ਹੋਰ ਖੱਬੀਆਂ ਪਾਰਟੀਆਂ ਵੀ ਚੋਣ ਮੁਹਿੰਮ ਵਿੱਚ ਸਾਂਝ ਪਾ ਰਹੀਆਂ ਹਨ। ਮੀਟਿੰਗ ਨੂੰ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ, ਕਿਸਾਨ ਆਗੂ ਕੇਵਲ ਸਿੰਘ ਦਾਨੇਵਾਲ, ਲੋਕ ਸਭਾ ਹਲਕਾ ਜਲੰਧਰ ਦੇ ਇੰਚਾਰਜ ਸੁਰਜੀਤ ਸਿੰਘ ਗਗੜਾ, ਸੀ ਪੀ ਆਈ ਜ਼ਿਲ੍ਹਾ ਜਲੰਧਰ ਦੀ ਕਾਰਜਕਾਰਨੀ ਦੇ ਮੈਂਬਰ ਗਿਆਨ ਸਿੰਘ, ਸੀ ਪੀ ਆਈ ਦੇ ਸਥਾਨਕ ਆਗੂ ਰਜਿੰਦਰ ਕੁਮਾਰ, ਸੀ ਪੀ ਆਈ (ਐੱਮ) ਦੇ ਤਹਿਸੀਲ ਸਕੱਤਰ ਵਰਿੰਦਰਪਾਲ ਕਾਲਾ, ਮੱਖਣ ਸਿੰਘ ਮੀਏਂਵਾਲ ਅਤੇ ਬਚਿੱਤਰ ਸਿੰਘ ਤੱਗੜ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਵਲ ਸਿੰਘ ਕੋਟਲੀ, ਸੁਖਦੇਵ ਸਿੰਘ ਧੰਜੂ, ਸੁਰਿੰਦਰ ਸਿੰਘ ਗਿੱਲ, ਮਲਕੀਤ ਚੰਦ ਭੋਏਪੁਰੀ ਤੇ ਨਰਿੰਦਰ ਪਾਲ ਵੀ ਮੌਜੂਦ ਸਨ।

## ਨੇਵੀ ਲੜਾਈ ਲਈ ਹਰ ਸਮੇਂ ਤਿਆਰ ਰਹੇ : ਐਡਮਿਰਲ ਤ੍ਰਿਪਾਠੀ



**ਨਵੀਂ ਦਿੱਲੀ :** ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਤ੍ਰਿਪਾਠੀ ਨੇ ਕਿਹਾ ਹੈ ਕਿ ਹਿੰਦ ਮਹਾਸਾਗਰ 'ਚ ਚੀਨ ਦੀ ਆਪਣਾ ਅਸਰ ਵਧਾਉਣ ਦੀ ਕੋਸ਼ਿਸ਼ ਅਤੇ ਲਾਲ ਸਾਗਰ 'ਚ ਸੰਵੇਦਨਸ਼ੀਲ ਸਥਿਤੀ ਦੇ ਮੱਦੇਨਜ਼ਰ ਭਾਰਤੀ ਜਲ ਸੈਨਾ ਨੂੰ ਕੌਮੀ ਸਮੁੰਦਰੀ ਹਿੱਤਾਂ ਦੀ ਰੱਖਿਆ ਲਈ ਹਰ ਸਮੇਂ ਲੜਾਈ ਲਈ ਤਿਆਰ ਰਹਿਣਾ ਚਾਹੀਦਾ ਹੈ। ਇੱਥੇ ਜਲ ਸੈਨਾ ਹੈੱਡਕੁਆਰਟਰ ਵਿਖੇ ਤਾਇਨਾਤ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾ ਨੇ ਰਣਨੀਤਕ ਸਮੁੰਦਰੀ ਖੇਤਰ 'ਚ ਮੌਜੂਦਾ ਸੁਰੱਖਿਆ ਮਾਹੌਲ ਅਤੇ ਜਲ ਸੈਨਾ ਵੱਲੋਂ ਸੰਭਾਵੀ ਕਾਰਵਾਈਆਂ ਬਾਰੇ ਚਰਚਾ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ ਭਾਰਤੀ ਜਲ ਸੈਨਾ ਦਾ ਉਦੇਸ਼ ਕੌਮੀ ਸਮੁੰਦਰੀ ਹਿੱਤਾਂ ਦੀ ਰੱਖਿਆ ਲਈ ਹਰ ਸਮੇਂ, ਕਿਸੇ ਵੀ ਸਮੇਂ, ਕਿਤੇ ਵੀ, ਕਿਸੇ ਵੀ ਤਰੀਕੇ ਨਾਲ ਲੜਨ ਲਈ ਤਿਆਰ ਰਹਿਣਾ ਹੈ।

# ਮੈਂ ਖ਼ੁਦ ਸਰਕਾਰੀ ਮੁਲਾਜ਼ਮ ਦਾ ਪੁੱਤ ਹਾਂ, ਮੁਲਾਜ਼ਮਾਂ ਦੇ ਸਾਰੇ ਮਸਲੇ ਹੱਲ ਕਰਾਂਗਾ : ਭਗਵੰਤ ਮਾਨ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਲਈ ਚੋਣ ਪ੍ਰਚਾਰ ਕੀਤਾ। ਉਨ੍ਹਾ ਬੁਢਲਾਡਾ ਵਿੱਚ ਇੱਕ ਵਿਸ਼ਾਲ ਜਨਸਭਾ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਭਾਰੀ ਵੋਟਾਂ ਨਾਲ ਆਮ ਆਦਮੀ ਪਾਰਟੀ ਨੂੰ ਜਿਤਾਉਣ ਦੀ ਅਪੀਲ ਕੀਤੀ।ਜਨਸਭਾ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਬੁਢਲਾਡਾ ਨਾਲ ਮੇਰਾ ਬਹੁਤ ਪੁਰਾਣਾ ਰਿਸ਼ਤਾ ਹੈ। ਮੈਂ ਇੱਥੇ ਦੀ ਮੰਡੀ ਵਿਚ ਨਰਮੇ ਦੀ ਟਰਾਲੀ ਲੈ ਕੇ ਆਉਂਦਾ ਸੀ। ਹੁਣ ਵੀ ਮੈਂ ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਨਾਂਅ ਤੋਂ ਜਾਣਦਾ ਹਾਂ ਜਿਨ੍ਹਾਂ ਨੂੰ ਮੈਂ ਇੱਥੇ ਮਿਲਦਾ ਸੀ।ਜਨਸਭਾ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਸਾਬਕਾ ਸੈਨਿਕ (ਐਕਸ ਸਰਵਿਸਮੈਨ) ਜਥੇਬੰਦੀ ਦੇ ਆਗੂਆਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ। ਮਾਨ ਨੇ ਭਰੋਸਾ ਦਿਵਾਉਂਦਿਆਂ ਕਿਹਾ ਕਿ ਮੈਂ ਖ਼ੁਦ ਸਰਕਾਰੀ ਮੁਲਾਜ਼ਮ ਦਾ ਪੁੱਤ ਹਾਂ। ਇਸ ਲਈ ਮੈਂ ਤੁਹਾਡੀਆਂ ਸਮੱਸਿਆਵਾਂ ਨੂੰ ਸਮਝ ਸਕਦਾ ਹਾਂ। ਮੈਂ ਤੁਹਾਡੇ ਸਾਰੇ ਮੁੱਦਿਆਂ ਨੂੰ ਜਲਦੀ ਹੱਲ ਕਰਾਂਗਾ।ਪੁਰਾਣੀ ਪੈਨਸ਼ਨ ਸਕੀਮ (ਓ ਪੀ ਐਸ) ਦੇ ਮੁੱਦੇ 'ਤੇ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਘੇਰਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਓ ਪੀ ਐਸ ਫ਼ੰਡ ਵਿੱਚੋਂ 20,000 ਕਰੋੜ ਰੁਪਏ ਰੋਕ ਲਏ ਹਨ। ਉਨ੍ਹਾਂ ਕਿਹਾ ਕਿ 4 ਜੂਨ ਨੂੰ ਕੇਂਦਰ ਵਿੱਚ ਇੰਡੀਆ ਗੱਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ, ਫਿਰ ਅਸੀਂ ਉਹ ਪੈਸਾ ਵਾਪਸ ਲਿਆਵਾਂਗੇ ਅਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਾਂਗੇ।ਭਾਸ਼ਣ ਦੌਰਾਨ ਭਗਵੰਤ ਮਾਨ ਨੇ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਅਤੇ ਬਾਦਲ ਪਰਵਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾ ਦੱਸਿਆ ਕਿ ਉਹ ਔਰਤਾਂ ਦੀਆਂ ਚੁੰਨੀਆਂ ਦੇ ਪੈਸੇ ਵੀ ਖਾ ਗਈ। ਉਨ੍ਹਾ (ਹਰਸਿਮਰਤ ਬਾਦਲ) ਨੇ 200 ਰੁਪਏ ਦੀ ਚੁੰਨੀ ਖ਼ੁਦ ਲੈ ਲਈ ਅਤੇ 50 ਰੁਪਏ ਦੀ ਚੁੰਨੀ ਔਰਤਾਂ ਨੂੰ ਦੇ ਦਿੱਤੀ। ਸੁਖਬੀਰ ਬਾਦਲ 'ਤੇ ਹਮਲਾ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸੁਖ-ਵਿਲਾਸ ਹੋਟਲ ਪੰਜਾਬ ਦੇ ਲੋਕਾਂ ਦੇ ਖ਼ੂਨ-ਪਸੀਨੇ ਨਾਲ ਬਣਿਆ ਹੈ। ਉਸ ਹੋਟਲ ਵਿੱਚ ਹਰ ਕਮਰੇ ਦੇ ਨਾਲ ਇੱਕ ਪੂਲ ਹੈ। ਉਨ੍ਹਾਂ ਕਿਹਾ ਕਿ ਉਹ ਸੁਖ-ਵਿਲਾਸ ਨੂੰ ਪੰਜਾਬ ਸਰਕਾਰ ਦੇ ਕਬਜ਼ੇ ਵਿਚ ਲੈ ਕੇ ਇਸ ਨੂੰ ਸਕੂਲ ਵਿਚ ਬਦਲ ਦੇਣਗੇ ।ਲੋਕਾਂ ਨੂੰ ਸੰਬੋਧਨ ਕਰਦਿਆਂ ਆਪ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਬਾਦਲ ਪਰਵਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਪੰਜਾਬ ਦੇ ਲੋਕਾਂ ਦੀ ਚਿੰਤਾ ਨਹੀਂ ਕੀਤੀ। ਉਨ੍ਹਾਂ ਨੇ ਸਿਰਫ਼ ਆਪਣੇ ਪਰਵਾਰਕ ਮੈਂਬਰਾਂ ਨੂੰ ਹੀ ਵਿਧਾਇਕ, ਸੰਸਦ ਮੈਂਬਰ ਅਤੇ ਮੰਤਰੀ ਬਣਾਇਆ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵਿੱਚ ਮੰਤਰੀ ਹੁੰਦਿਆਂ ਵੀ ਹਰਸਿਮਰਤ ਕੌਰ ਬਾਦਲ ਨੇ ਕਦੇ ਵੀ ਪੰਜਾਬ ਦੀ ਕਿਸਾਨੀ ਅਤੇ ਪਾਣੀਆਂ ਦਾ ਮੁੱਦਾ ਨਹੀਂ ਉਠਾਇਆ, ਉਲਟਾ ਉਨ੍ਹਾਂ ਨੇ ਆਪਣੀ ਸਹਿਮਤੀ ਦੇ ਕੇ ਮੋਦੀ ਸਰਕਾਰ ਦੇ ਕਾਲੇ ਖੇਤੀ ਕਾਨੂੰਨਾਂ 'ਤੇ ਦਸਤਖ਼ਤ ਕਰਕੇ ਪੰਜਾਬ ਅਤੇ ਪੰਜਾਬ ਦੇ ਕਿਸਾਨਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ।

# ਔਰੋ ਕੋ ਨਸੀਹਤ, ਖ਼ੁਦ ਮੀਆਂ ਫਜੀਅਤ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਸੁਲਤਾਨਪੁਰ ਲੋਧੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਪਵਿੱਤਰ ਸ਼ਹਿਰ ਦਾ ਦਰਜਾ ਤਾਂ ਮਿਲ ਗਿਆ ਹੈ, ਸਮਾਰਟ ਸਿਟੀ ਤਾਂ ਬਣਾ ਦਿੱਤਾ ਗਿਆ, ਪਰ ਨਾਂ ਦਾ ਹੀ ਸਮਾਰਟ ਸਿਟੀ ਹੈ। ਇਸ ਦੇ ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ। ਪੂਰੇ ਸ਼ਹਿਰ ਨੂੰ ਸਮਾਰਟ ਸਿਟੀ ਬਣਾਉਣ ਵਾਲੀ ਨਗਰ ਕੌਂਸਲ ਖ਼ੁਦ ਬਿਮਾਰ ਪਈ ਲਗਦੀ ਹੈ। ਨਗਰ ਕੌਂਸਲ ਦਫਤਰ ਦੇ ਸਾਈਨ ਬੋਰਡ ਵੀ ਨਹੀਂ ਲੱਗੇ, ਜਿਹੜੇ 550 ਸਾਲਾਂ 'ਤੇ ਲੱਗੇ ਸਨ ਉਹ ਖਰਾਬ ਹੋ ਚੁੱਕੇ ਹਨ। ਉਨ੍ਹਾਂ ਨੂੰ ਅਜੇ ਤੱਕ ਬਿਲਕੁਲ ਕਿਸੇ ਨੇ ਰਿਪੇਅਰ ਨਹੀਂ ਕਰਾਇਆ । ਇਸ ਮੌਕੇ ਸੀਨੀਅਰ ਆਗੂ ਅਤੇ ਗੁਰੂ ਨਾਨਕ ਖਾਲਸਾ ਕਾਲਜ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ ਨੇ ਕਿਹਾ ਕਿ ਹਾਸੋਹੀਣੀ ਗੱਲ ਇਹ ਹੈ ਕਿ ਇਹ ਸ਼ਹਿਰ ਦਾ ਵਿਕਾਸ ਕਿਵੇਂ ਕਰਨਗੇ, ਸ਼ਹਿਰ ਨੂੰ ਸਮਾਰਟ ਸਿਟੀ ਕਿਵੇਂ ਬਣਾਉਣਗੇ, ਇਨ੍ਹਾਂ ਦੇ ਤਾਂ ਖੁਦ ਦੇ ਬੋਰਡ ਖ਼ਰਾਬ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜੇ ਕੋਈ ਸ਼ਹਿਰ ਤੋਂ ਬਾਹਰਲਾ ਬੰਦਾ ਇਨ੍ਹਾਂ ਦੇ ਦਫਤਰ ਆਉਣਾ ਹੋਵੇ ਤਾਂ ਉਨ੍ਹਾਂ ਨੂੰ ਦਫਤਰ ਦੇ ਸਾਈਨ ਬੋਰਡ ਨਾ ਹੋਣ ਕਾਰਨ ਦਫਤਰ ਦਾ ਵੀ ਪਤਾ ਨਹੀਂ ਲੱਗਦਾ। ਇਹ ਤਾਂ ਉਹ ਗੱਲ ਹੋਈ ਔਰੋਂ ਕੋ ਨਸੀਹਤ, ਖੁਦ ਮੀਆਂ ਫਜੀਅਤ। ਇਸ ਮੌਕੇ ਐਡਵੋਕੇਟ ਜਸਪਾਲ ਸਿੰਘ ਧੰਜੂ ਸਾਬਕਾ ਚੇਅਰਮੈਨ ਕੰਬੋਜ ਵੈਲਫੇਅਰ ਬੋਰਡ ਪੰਜਾਬ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਇਤਿਹਾਸਕ ਧਰਤੀ ਹੈ ਅਤੇ ਸ਼ਹਿਰ ਵਿੱਚ ਧਾਰਮਿਕ ਸਥਾਨ ਹੋਣ ਕਾਰਨ ਇੱਥੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਨਤਮਸਤਕ ਹੋਣ ਆਉਂਦੀਆਂ ਹਨ। ਨਗਰ ਕੌਂਸਲ ਦੀ ਜ਼ਿੰਮੇਵਾਰੀ ਹੁੰਦੀ ਹੈ ਪੂਰੇ ਸ਼ਹਿਰ ਨੂੰ ਸਾਫ ਸੁਥਰਾ ਰੱਖਣਾ, ਸਾਫ ਸਫਾਈ ਕਰਨੀ, ਵਧੀਆ ਵਧੀਆ ਸਾਈਨ ਬੋਰਡ ਲਾਉਣੇ, ਸ਼ਹਿਰ ਨੂੰ ਸੁੰਦਰਤਾ ਪ੍ਰਦਾਨ ਕਰਨੀ ਪਰ ਇਨ੍ਹਾਂ ਦੇ ਤਾਂ ਖੁਦ ਦੇ ਵਾਜੇ ਵੱਜ ਚੁੱਕੇ ਹਨ। ਇਹ ਸ਼ਹਿਰ ਨੂੰ ਸਮਾਰਟ ਸਿਟੀ ਕਿਵੇਂ ਬੁਲਾਉਣਗੇ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਵਿੱਚ ਸ਼ਹਿਰ ਦਾ ਕੋਈ ਵੀ ਵਿਕਾਸ ਨਹੀਂ ਹੋਇਆ। ਪੂਰੇ ਸ਼ਹਿਰ ਵਿੱਚੋਂ ਲੰਘਣਾ ਔਖਾ ਹੋਇਆ ਪਿਆ। ਆਏ ਦਿਨ ਸ਼ਹਿਰ ਵਿੱਚ ਐਕਸੀਡੈਂਟ ਹੁੰਦੇ ਹਨ। ਸਾਰੇ ਸ਼ਹਿਰ ਦੀਆਂ ਸੜਕਾਂ ਪੁੱਟੀਆਂ ਹੋਈਆਂ ਹਨ ।ਜਿਸ ਨਾਲ ਲੋਕਾਂ ਨੂੰ ਗੱਡੀਆਂ ਤਾਂ ਦੂਰ, ਪੈਦਲ ਚੱਲਣ ਵਿੱਚ ਵੀ ਮੁਸ਼ਕਲ ਆਉਂਦੀ ਹੈ। ਸ਼ਹਿਰ ਵਿੱਚ ਮਿੱਟੀ ਘੱਟੇ ਦੇ ਨਾਲ ਬਹੁਤ ਮਾੜਾ ਹਾਲ ਹੈ। ਉਨ੍ਹਾਂ ਕਿਹਾ ਕਿ 550 ਸਾਲਾਂ 'ਤੇ ਇੱਥੇ ਲੱਖਾਂ ਰੁਪਏ ਦੀ ਲਾਗਤ ਨਾਲ ਸਰਕਾਰੀ ਬੱਸ ਸਟਾਪ ਬਣਿਆ ਸੀ, ਉਹ ਵੀ ਗਾਇਬ ਹੋ ਗਿਆ ਹੈ। ਫੁਆਰਾ ਪਾਰਕ ਦੀ ਹਾਲਤ ਤਰਸਯੋਗ ਹੈ। ਇਸ ਮੌਕੇ ਸਮਾਜ ਸੇਵੀ ਕਰਮਜੀਤ ਸਿੰਘ ਕੌੜਾ ਨੇ ਕਿਹਾ ਕਿ ਪਿਛਲੇ ਅੱਠ ਮਹੀਨਿਆਂ ਤੋਂ ਸਾਰੇ ਦਾ ਸਾਰਾ ਸ਼ਹਿਰ ਪੁੱਟਿਆ ਹੋਇਆ ਹੈ ਅਤੇ ਸ਼ਹਿਰ ਵਿੱਚ ਲੱਗੀਆਂ ਸਟਰੀਟ ਲਾਈਟਾਂ ਕੁਝ ਤਾਂ ਸੜਕਾਂ ਤੋਂ ਪੁੱਟ ਦਿੱਤੀਆਂ ਹਨ ਅਤੇ ਬਾਕੀ ਮਾੜੀ ਵਿਵਸਥਾ 'ਚ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਸ਼ੈਰ ਦੀ ਸੁੰਦਰਤਾ ਨੂੰ ਦੇਖਦੇ ਹੋਏ ਜਲਦ ਤੋਂ ਜਲਦ ਇਹ ਸਾਰੇ ਕੰਮ ਕਰਵਾਏ ਜਾਣ ਤਾਂ ਜੋ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ।ਇਸ ਸਬੰਧੀ ਜਦੋਂ ਕਾਰਜ ਸਾਧਕ ਅਫ਼ਸਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਨਗਰ ਕੌਂਸਲ ਦੇ ਬੋਰਡ ਬਹੁਤ ਵਧੀਆ ਹਨ। ਥੋੜ੍ਹਾ ਰੰਗ ਫਿੱਕੇ ਹੋਏ ਹਨ, ਠੀਕ ਕਰਵਾ ਲਏ ਜਾਣਗੇ। ਅਸੀਂ ਚੈੱਕ ਕਰ ਲੈਂਦੇ ਹਾਂ । ਇਸ ਤੋਂ ਇਲਾਵਾ ਜਦੋਂ ਪੱਤਰਕਾਰ ਵੱਲੋਂ ਸ਼ਹਿਰ ਵਿੱਚ ਪੁੱਟੇ ਗਏ ਸੀਵਰੇਜ ਨੂੰ ਪਾਉਣ ਤੋਂ ਬਾਅਦ ਸੜਕਾਂ ਨਾ ਬਣਾਉਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਬਾਰਿਸ਼ਾਂ ਤੋਂ ਬਾਅਦ ਹੀ ਇਹ ਸੜਕਾਂ ਬਣਦੀਆਂ ਹੁੰਦੀਆਂ। ਤਕਰੀਬਨ ਇੱਕ ਦੋ ਮਹੀਨੇ ਤੱਕ ਬਾਰਿਸ਼ਾਂ ਆਉਣਗੀਆਂ, ਉਸ ਤੋਂ ਬਾਅਦ ਹੀ ਸੜਕ ਬਣਾਉਣ ਦਾ ਕੰਮ ਕਰਵਾਇਆ ਜਾਵੇਗਾ।

## ਮਿਡ-ਡੇਅ ਮੀਲ ਮੁਲਾਜ਼ਮਾਂ ਲਈ ਜਾਰੀ ਹੋਏ ਨਵੇਂ ਹੁਕਮ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ ਸਿੱਖਿਆ) ਵੱਲੋਂ ਲੋਕ ਸਭਾ ਚੋਣਾਂ 2024 ਦੇ ਸਬੰਧ 'ਚ 31 ਮਈ ਤੇ 1 ਜੂਨ ਨੂੰ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ 'ਚ ਪੋਲਿੰਗ ਸਟਾਫ਼ ਦੇ ਚਾਹ, ਨਾਸ਼ਤਾ ਤੇ ਖਾਣ ਦੇ ਪ੍ਰਬੰਧ ਦੇ ਸਬੰਧ 'ਚ ਸਾਰੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀਆਂ, ਬੂਥ ਪੱਧਰ ਅਧਿਕਾਰੀਆਂ ਤੇ ਸਾਰੇ ਪ੍ਰਿੰਸੀਪਲਾਂ ਨੂੰ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਲੋਕ ਸਭਾ ਚੋਣਾਂ 2024 ਦੌਰਾਨ ਸਕੂਲਾਂ 'ਚ ਡਿਊਟੀ 'ਤੇ ਤਾਇਨਾਤ ਪੋਲਿੰਗ ਸਟਾਫ ਨੂੰ ਪ੍ਰੀ-ਪੋਲ ਡੇਅ ਤੇ ਪੋਲ-ਡੇਅ ਵਾਲੇ ਦਿਨ ਚਾਹ-ਨਾਸ਼ਤਾ-ਖਾਣੇ ਦੀ ਸਪਲਾਈ ਮਿਡੇ-ਡੇ-ਮੀਲ ਵਰਕਰਾਂ ਵੱਲੋਂ ਕੀਤੀ ਜਾਣੀ ਹੈ। ਇਥੇ ਸਪੱਸ਼ਟ ਕੀਤਾ ਗਿਆ ਹੈ ਕਿ ਸਰਕਾਰੀ ਸਕੂਲ ਵੱਲੋਂ ਮਿਡ-ਡੇ-ਮੀਲ ਦੇ ਅਨਾਜ ਅਤੇ ਸਾਮਾਨ ਦੀ ਵਰਤੋਂ ਨਹੀਂ ਕੀਤੀ ਜਾਵੇਗੀ।ਸਬੰਧਤ ਸਕੂਲ ਜਿਨ੍ਹਾਂ 'ਚ ਪੋਲਿੰਗ ਬੂਥ ਸਥਾਪਿਤ ਕੀਤੇ ਗਏ ਹਨ, ਦੇ ਮਿਡ-ਡੇ-ਮੀਲ ਵਰਕਰ ਪੋਲਿੰਗ ਬੂਥ 'ਤੇ ਆਪਣੀ ਹਾਜ਼ਰੀ ਯਕੀਨੀ ਬਣਾਉਣਗੇ, ਜਿਨ੍ਹਾਂ ਕੁੱਕ-ਕਮ-ਹੈਲਪਰ ਦੀ ਚੋਣ ਦੌਰਾਨ ਡਿਊਟੀ ਲੱਗੀ ਹੈ, ਉਸ ਸਕੂਲ ਵੱਲੋਂ ਕੁੱਕ-ਕਮ-ਹੈਲਪਰ ਦੀ ਡਿਊਟੀ ਆਰਡਰ ਬੁਕ 'ਤੇ ਨੋਟ ਕਰਾਈ ਜਾਵੇਗੀ।

## 3 ਭੈਣ-ਭਰਾ ਦੀ ਮੌਤ, ਮੋਟਰਸਾਈਕਲ ਨੂੰ ਕੈਂਟਰ ਨੇ ਮਾਰੀ ਟੱਕਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਫ਼ਿਰੋਜ਼ਪੁਰ ਵਿੱਚ ਅੱਧੀ ਰਾਤ ਨੂੰ ਵਾਪਰੇ ਸੜਕ ਹਾਦਸੇ ਵਿੱਚ ਬਾਈਕ ਸਵਾਰ ਦੋ ਭੈਣਾਂ ਤੇ ਇੱਕ ਭਰਾ ਦੀ ਮੌਤ ਹੋ ਗਈ।ਇਹ ਹਾਦਸਾ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਮਮਦੋਟ ਥਾਣੇ ਅਧੀਨ ਪੈਂਦੇ ਜੰਗਾਂ ਵਾਲਾ ਮੋੜ ਨੇੜੇ ਵਾਪਰਿਆ।ਇਸ ਹਾਦਸੇ 'ਚ ਮੋਟਰਸਾਈਕਲ ਸਵਾਰ ਦੋ ਭੈਣ-ਭਰਾ ਨੂੰ ਕੈਂਟਰ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।ਇਸ ਦੌਰਾਨ ਕੈਂਟਰ ਚਾਲਕ ਕੈਂਟਰ ਛੱਡ ਕੇ ਭੱਜ ਗਿਆ, ਜਿਸ ਤੋਂ ਬਾਅਦ ਲੋਕਾਂ ਨੇ ਸੜਕ ਜਾਮ ਕਰ ਦਿੱਤੀ ਤੇ ਕਈ ਘੰਟੇ ਫ਼ਿਰੋਜ਼ਪੁਰ ਫ਼ਾਜ਼ਲਿਕਾ ਹਾਈਵੇ 'ਤੇ ਲੰਮਾ ਜਾਮ ਲੱਗਾ ਰਿਹਾ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਲੋਕਾਂ ਨੂੰ ਸ਼ਾਂਤ ਕਰਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਫ਼ਿਰੋਜ਼ਪੁਰ ਭੇਜ ਦਿੱਤਾ ਹੈ।ਮ੍ਰਿਤਕ ਤਿੰਨੇ ਭੈਣ-ਭਰਾ ਪਿੰਡ ਪੂਰਾ ਵਾਲਾ ਦੇ ਵਸਨੀਕ ਹਨ ਅਤੇ ਮੋਟਰਸਾਈਕਲ 'ਤੇ ਘਰੋਂ ਦਵਾਈ ਲੈਣ ਆਏ ਸਨ ਤੇ ਵਾਪਸ ਆਉਂਦੇ ਸਮੇਂ ਉਨ੍ਹਾਂ ਦਾ ਹਾਦਸਾ ਹੋ ਗਿਆ, ਜਿਸ 'ਚ ਉਨ੍ਹਾਂ ਦੀ ਮੌਤ ਹੋ ਗਈ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸੰਗਰੂਰ ਬਲਾਕ ਦੀ ਮੀਟਿੰਗ ਮਸਤੂਆਣਾ ਸਾਹਿਬ ਵਿਖੇ ਹੋਈ ਜਿਸ ਵਿੱਚ ਲਗਭਗ 17-18 ਪਿੰਡ ਹਾਜ਼ਰ ਹੋਏ ਜੋ ਕਿ ਭਾਜਪਾ ਦਾ ਵਿਰੋਧ ਸੰਯੁਕਤ ਮੋਰਚੇ ਵੱਲੋਂ ਉਲੀਕਿਆ ਹੋਇਆ ਹੈ ਉਸ ਦਾ ਹਰ ਥਾਂ 'ਤੇ ਭਾਜਪਾ ਦੇ ਉਮੀਦਵਾਰ ਦਾ ਵਿਰੋਧ ਹੋ ਰਿਹਾ ਹੈ ਤੇ 23 ਮਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਟਿਆਲੇ ਰੈਲੀ ਕਰਨ ਪਹੁੰਚ ਰਹੇ ਹਨ, ਉਸ ਦਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਵਿਰੋਧ ਕੀਤਾ ਜਾਵੇਗਾ ਅਤੇ ਕਾਲੀਆਂ ਝੰਡੀਆਂ ਵਿਖਾ ਕੇ ਲਗਭਗ ਚਾਰ ਜ਼ਿਲ੍ਹੇ ਪਟਿਆਲੇ ਵਿਰੋਧ ਕਰਨ ਲਈ ਜਾਣਗੇ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੰਗਰੂਰ ਦੇ ਪਿੰਡ ਕਿਲ੍ਹਾ ਭਰੀਆਂ ਦੀ ਟੀਮ ਵਿੱਚ ਵਾਧਾ ਕੀਤਾ ਗਿਆ ਹੈ ਜਿਸ ਵਿੱਚ ਘੋਲਾ ਸਿੰਘ ਤੇ ਮਨਦੀਪ ਸਿੰਘ ਅਜ਼ਾਦ ਜਥੇਬੰਦੀ ਛੱਡ ਕੇ ਉਗਰਾਹਾਂ ਜਥੇਬੰਦੀ ਵਿੱਚ ਸ਼ਾਮਲ ਹੋਏ ਹਨ। ਬਲਾਕ ਪ੍ਰਧਾਨ ਰਣਜੀਤ ਸਿੰਘ ਲੌਂਗੋਵਾਲ ਵੱਲੋਂ ਸਿਰੋਪਾ ਦੇ ਕੇ ਉਨ੍ਹਾਂ ਨੂੰ ਜਥੇਬੰਦੀ ਵਿੱਚ ਸ਼ਾਮਲ ਕੀਤਾ ਗਿਆ ਹੈ। ਬਲਾਕ ਮੀਟਿੰਗ 'ਚ ਬਲਾਕ ਆਗੂ ਚਮਕੌਰ ਸਿੰਘ ਲੱਡੀ, ਹਾਕਮ ਸਿੰਘ ਖੇੜੀ ਅਤੇ ਸੁਖਦੇਵ ਸਿੰਘ ਛੰਨਾ ਤੇ ਪਿੰਡ ਇਕਾਈਆਂ ਦੇ ਪ੍ਰਧਾਨ ਸਕੱਤਰ ਵੀ ਹਾਜ਼ਰ ਹੋਏ।

## ਸਧਾਰਨਪੁਰ ਖੁਰਦ ਦੀ ਪੰਚਾਇਤ 'ਆਪ' 'ਚ ਸ਼ਾਮਲ



**ਪਾਤੜਾਂ, (ਨਿਸ਼ਾਨ ਸਿੰਘ ਬਣਵਾਲਾ)** ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾਕਟਰ ਬਲਵੀਰ ਸਿੰਘ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਪਿੰਡ ਸਧਾਰਨਪੁਰ ਖੁਰਦ ਦੀ ਗ੍ਰਾਮ ਪੰਚਾਇਤ ਨੇ ਸਰਪੰਚ ਨਿਰਵੈਰ ਸਿੰਘ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।'ਆਪ' ਵਿੱਚ ਸ਼ਾਮਲ ਹੋਣ ਵਾਲਿਆਂ ਦਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਸਵਾਗਤ ਕਰਦਿਆਂ ਹਰ ਸੰਭਵ ਮਾਨ-ਸਨਮਾਨ ਦਾ ਭਰੋਸਾ ਦਿੱਤਾ।

ਪਰਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਗ੍ਰਾਮ ਸਰਪੰਚ ਨਿਰਵੈਰ ਸਿੰਘ, ਪੰਚ ਮਾਲਵਿੰਦਰ ਸਿੰਘ, ਪੰਚ ਜਸਵਿੰਦਰ ਸਿੰਘ, ਪੰਚ ਗੁਰਦਿਆਲ ਸਿੰਘ ਤੇ ਪੰਚ ਅਮਰਿੰਦਰ ਸਿੰਘ ਦਾ ਸਵਾਗਤ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਰਾਜ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰਿਆ ਹੈ, ਜਦੋਂਕਿ ਅਕਾਲੀ ਦਲ ਤੇ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਨੇ ਰਾਜ ਦੀ ਸਰਕਾਰੀ ਸੰਪੱਤੀ ਨੂੰ ਨਿੱਜੀ ਹਿੱਤਾਂ ਲਈ ਵਰਤ ਕੇ ਆਪਣੇ ਘਰ ਭਰੇ।

ਹਲਕਾ ਸ਼ੁਤਰਾਣਾ ਦੇ ਵੋਟਰਾਂ ਨੂੰ ਆਪ ਉਮੀਦਵਾਰ ਡਾਕਟਰ ਬਲਵੀਰ ਸਿੰਘ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਸੰਵਿਧਾਨ ਦੀ ਰਾਖੀ ਅਤੇ ਮਜ਼ਬੂਤ ਲੋਕਤੰਤਰ ਬਣਾਈ ਰੱਖਣ ਦੀ ਲੜਾਈ ਦੇਸ਼ ਲੜ ਰਿਹਾ ਹੈ ਇਸ ਲਈ ਹਰ ਇੱਕ ਵੋਟਰ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਆਪ ਉਮੀਦਵਾਰ ਨੂੰ ਜਿਤਾਉਣ ਲਈ ਵੋਟ ਦੇਵੇ ਤਾਂ ਕਿ ਭਾਜਪਾ ਦੇ ਫਿਰਕੂ ਏਜੰਡੇ ਨੂੰ ਮਾਤ ਦਿੱਤੀ ਜਾ ਸਕੇ।

## ਦਲਿਤ ਜਥੇਬੰਦੀਆਂ ਨੂੰ ਲਿਖਤੀ ਪੱਤਰ ਦੇ ਕੇ ਮੀਟਿੰਗ ਨਾ ਕਰਨ ਵਾਲੇ ਮੁੱਖ ਮੰਤਰੀ ਨੂੰ ਵੋਟਾਂ ਵੇਲੇ ਦਲਿਤਾਂ ਦੀ ਆਈ ਯਾਦ : ਸਮਾਓ

**ਮਾਨਸਾ (ਆਤਮਾ ਸਿੰਘ ਪਮਾਰ)** ਦਲਿਤ ਤੇ ਮਜ਼ਦੂਰ ਜਥੇਬੰਦੀਆਂ ਨਾਲ ਲਿਖਤੀ ਪੱਤਰ ਦੇ ਕੇ ਇੱਕ ਵਾਰ ਵੀ ਮੀਟਿੰਗ ਨਾ ਕਰਨ ਵਾਲੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੋਟਾਂ ਵੇਲੇ ਦਲਿਤਾਂ ਦੀ ਯਾਦ ਆਈ ਹੈ। ਵਿਧਾਨ ਸਭਾ 'ਚ ਦਲਿਤਾਂ ਨੂੰ ਜੁੱਤੀ ਸੁੰਘਾਉਣ ਵਾਲੀ 'ਆਪ' ਸਰਕਾਰ ਨੂੰ ਸਬਕ ਸਿਖਾਉਣ ਦਾ ਵਕਤ ਆ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਫਫੜੇ ਭਾਈਕੇ ਵਿਖੇ ਪੰਜਾਬ ਸੋਸ਼ਲਿਸਟ ਅਲਾਇੰਸ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਉਮੀਦਵਾਰ ਭਗਵੰਤ ਸਿੰਘ ਸਮਾਓ ਨੇ ਕੀਤਾ। ਉਨ੍ਹਾਂ ਕਿਹਾ ਕਿ ਇਨਕਲਾਬੀ ਬਦਲਾਅ ਵਾਲੀ ਆਪ ਤਾਂ ਗੱਪੀਆਂ ਦੀ ਸਰਕਾਰ ਨਿਕਲੀ। ਉਨ੍ਹਾਂ ਕਿਹਾ ਹੁਣ ਪਿੰਡਾਂ ਅੰਦਰ ਗਰੀਬਾਂ ਦੇ ਹੱਕ ਵਿੱਚ ਗੱਲਾਂ ਕਰਨ ਵਾਲੇ ਵੋਟਾਂ ਲੈਕੇ ਅਮੀਰਾਂ ਲਈ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਅਕਾਲੀ, ਕਾਂਗਰਸ, ਭਾਜਪਾ, ਆਪ ਪਾਰਟੀਆਂ ਦੇ ਲੀਡਰ ਵੱਡੇ ਪੂੰਜੀਪਤੀਆਂ ਦੇ ਦਲਾਲ ਹਨ। ਉਨ੍ਹਾਂ ਕਿਹਾ ਕਿ ਰਾਜਨੀਤੀ ਦੇ ਵਪਾਰੀ ਰਜਵਾੜੇ ਲੀਡਰਾਂ ਤੋਂ ਮਜ਼ਦੂਰ, ਕਿਸਾਨ ਭਲੇ ਦੀ ਉਮੀਦ ਨਾ ਰੱਖਣ। ਦਲਿਤ ਆਗੂ ਨੇ ਕਿਹਾ ਕਿ ਸੱਤਾਧਾਰੀ ਲੀਡਰਾਂ ਨੇ ਸਿੱਖਿਆ, ਸਿਹਤ ਸਹੂਲਤਾਂ ਦਾ ਨਿੱਜੀਕਰਨ ਕਰਕੇ ਆਪਣੇ ਕਾਲਜ ਤੇ ਹਸਪਤਾਲ ਖੋਲ੍ਹ ਰੱਖੇ ਹਨ।



## ਪ੍ਰਧਾਨ ਮੰਤਰੀ ਦੇਣ ਸਾਡੇ ਕੁਝ ਸਵਾਲਾਂ ਦੇ ਜਵਾਬ : ਸਹੌਲੀ



**ਨਾਭਾ (ਵਰਿੰਦਰ ਵਰਮਾ)** ਲੋਕ ਸਭਾ ਚੋਣਾਂ ਨੂੰ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਪਟਿਆਲਾ ਫੇਰੀ ਮੌਕੇ ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਨੇ ਕਿਹਾ ਕਿ ਅਸੀਂ ਆਪਣੀ ਪਾਰਟੀ ਅਕਾਲੀ ਦਲ ਸੁਤੰਤਰ ਵੱਲੋਂ ਭਾਵੇਂ ਕਿ ਅਸੀਂ ਸ੍ਰੀ ਨਰਿੰਦਰ ਮੋਦੀ ਦਾ ਸਵਾਗਤ ਕਰਦੇ ਹਾਂ ਤੇ ਪ੍ਰਸ਼ਾਸਨ ਤੋਂ ਸ੍ਰੀ ਨਰਿੰਦਰ ਮੋਦੀ ਨੂੰ ਮਿਲਣ ਦੇ ਸਮੇਂ ਦੀ ਮੰਗ ਕਰਦੇ ਹਾਂ ਤਾਂ ਜੁ ਅਸੀਂ ਕੇਂਦਰ ਸਰਕਾਰ ਦੇ ਪੰਜਾਬ ਲਈ ਵਰਤੇ ਜਾ ਰਹੇ ਰਵੱਈਏ ਪ੍ਰਤੀ ਰੱਖੇ ਕੁਝ ਸਵਾਲ ਸਬੰਧੀ ਵਿਚਾਰ ਚਰਚਾ ਕਰ ਸਕੀਏ, ਜਿਸ ਵਿੱਚ ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਅਸੀਂ ਦੇਸ ਦੇ ਨਾਗਰਿਕ ਹਾਂ ਤੇ ਸਾਨੂੰ ਹਰਿਆਣਾ, ਰਾਜਧਾਨੀ ਦਿੱਲੀ ਜਾਣ ਤੋਂ ਕਿਉਂ ਰੋਕਿਆ ਗਿਆ, ਅੱਜ ਪੰਜਾਬ ਵਿੱਚ ਬਾਹਰਲੇ ਲੀਡਰ ਕਿਸ ਮੂੰਹ ਨਾਲ ਪ੍ਰਚਾਰ ਕਰ ਰਹੇ ਹਨ, ਅਸੀਂ ਦੇਸ਼ ਲਈ 90 ਪ੍ਰਤੀਸ਼ਤ ਕੁਰਬਾਨੀਆਂ ਕੀਤੀਆਂ ਤੇ ਦੇਸ ਨੂੰ ਅੰਨ ਤੇ ਕਰੋਨਾ ਸਮੇਂ ਹਰ ਔਖੇ ਸਮੇਂ ਕੁਰਬਾਨੀਆਂ ਤੋਂ ਪਿੱਛੇ ਨਹੀ ਹਟੇ।ਫਿਰ ਵੀ ਪ੍ਰਧਾਨ ਮੰਤਰੀ ਸਾਡੇ ਨਾਲ ਭੇਦ-ਭਾਵ ਕਿਉਂ, ਮੁੱਖ ਮੰਤਰੀ ਕੇਜਰੀਵਾਲ ਜਿਸ 'ਤੇ ਸਰਾਬ ਘੁਟਾਲੇ ਦਾ ਕੇਸ ਚੱਲ ਰਿਹਾ ਹੈ ਤੇ ਹੋਰ ਸਾਬਕਾ ਮੰਤਰੀ ਪ੍ਰਚਾਰ ਲਈ ਜੇਲ ਤੋਂ ਬਾਹਰ ਆ ਸਕਦੇ ਹਨ ਤਾਂ ਸਿੱਖ ਭਾਈ ਅੰਮ੍ਰਿਤਪਾਲ ਸਿੰਘ ਕਿਉਂ ਨਹੀਂ ? ਲੰਮੇ ਅਰਸੇ ਤੋਂ ਜੇਲਾਂ ਵਿੱਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਕਿਉਂ ਰਿਹਾਅ ਨਹੀਂ ਕੀਤਾ ਜਾ ਰਿਹਾ।

## ਪਰਮਪਾਲ ਕੌਰ ਸਿੱਧੂ ਲਈ ਡੋਟ-ਟੂ-ਡੋਰ ਵੋਟਾਂ ਮੰਗੀਆਂ



**ਬਰੇਟਾ (ਰੀਤਵਾਲ)**- ਮੰਡਲ ਬਰੇਟਾ ਦੇ ਪ੍ਰਧਾਨ ਗਗਨਦੀਪ ਸ਼ਰਮਾ ਦੀ ਅਗਵਾਈ ਵਿੱਚ ਲੋਕ ਸਭਾ ਹਲਕਾ ਬਠਿੰਡਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਪਰਮਪਾਲ ਕੌਰ ਸਿੱਧੂ ਵੱਲੋਂ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 1 ਜੂਨ ਨੂੰ ਭਾਜਪਾ ਦੇ ਹੱਕ ਵਿੱਚ ਵੋਟਾਂ ਪਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰੋ। ਇਸ ਮੌਕੇ ਪ੍ਰੇਮ ਕੁਮਾਰ ਬਖਸ਼ੀਵਾਲਾ, ਅਸ਼ੋਕ ਕੁਮਾਰ ਗੋਰਾ, ਰਾਜ ਕੁਮਾਰ, ਨਰਸੀ ਰਾਮ, ਹਰੀਸ਼ ਕੁਮਾਰ, ਨਰਿੰਦਰ ਬਾਂਸਲ, ਮੋਹਿਤ ਜਾਗੜਾਂ, ਅਸ਼ੋਕ ਕੁਮਾਰ ਕਾਲੀ, ਬਲਵੀਰ ਸਿੰਘ, ਗੋਪਾਲ ਕ੍ਰਿਸ਼ਨ, ਪ੍ਰਸ਼ੋਤਮ ਸਿੰਘ, ਧਰਮਵੀਰ ਸ਼ਰਮਾ, ਗੁਰਦਾਸ ਸਿੰਘ ਹਾਜ਼ਰ ਸਨ।

## ਸਵੀਪ ਟੀਮ ਨੇ ਵੱਖ ਵੱਖ ਬੈਂਕਾਂ 'ਚ ਚਲਾਇਆ ਵੋਟਰ ਜਾਗਰੂਕਤਾ ਅਭਿਆਨ

**ਫਾਜ਼ਿਲਕਾ ( ਨਿਸ਼ਾ ਸ਼ਰਮਾ )**-ਲੋਕ ਸਭਾ ਚੋਣਾਂ ਨੂੰ ਮੱਦੇਨਜ਼ਰ ਰੱਖਦਿਆਂ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਧੀਕ ਡਿਪਟੀ ਕਮਿਸ਼ਨਰ ਰਾਕੇਸ਼ ਕੁਮਾਰ ਪੋਪਲੀ ਤੇ ਫਾਜ਼ਿਲਕਾ -080 ਚੋਣ ਅਧਿਕਾਰੀ-ਕਮ ਉਪ ਮੰਡਲ ਮਜਿਸਟ੍ਰੇਟ ਵਿਪਨ ਭੰਡਾਰੀ ਦੀ ਅਗਵਾਈ ਹੇਠ ਫ਼ਾਜ਼ਿਲਕਾ ਦੇ ਵੱਖ ਵੱਖ ਬੈਂਕਾਂ ਪੰਜਾਬ ਨੈਸ਼ਨਲ ਬੈਂਕ, ਸਟੇਟ ਬੈਂਕ ਆਫ ਇੰਡੀਆ ਸਾਰੀਆਂ ਬ੍ਰਾਂਚਾਂ, ਬੈਂਕ ਆਫ ਇੰਡੀਆ, ਐਕਸਿਸ ਬੈਂਕ, ਐੱਚ ਡੀ ਐਫ ਸੀ ਬੈਂਕ, ਸੈਂਟਰਲ ਬੈਂਕ, ਯੈੱਸ ਬੈਂਕ, ਆਈ ਸੀ ਆਈ ਬੈਂਕ ਵਿੱਚ ਜਾਗਰੂਕਤਾ ਅਭਿਆਨ ਚਲਾ ਕੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਪ੍ਰਤੀ ਜਾਗਰੂਕ ਕੀਤਾ ਗਿਆ।ਸਵੀਪ ਟੀਮ ਵੱਲੋਂ ਬੈਂਕਾਂ ਵਿੱਚ ਹਾਜ਼ਰ ਕਰਮਚਾਰੀਆਂ ਨੂੰ ਲੋਕਤੰਤਰ ਵਿੱਚ ਪੂਰਨ ਵਿਸ਼ਵਾਸ ਰੱਖਣ, ਆਪਣੇ ਦੇਸ਼ ਦੀਆਂ ਲੋਕਤੰਤਰਿਕ ਪਰੰਪਰਾਵਾਂ ਬਰਕਰਾਰ ਰੱਖਦੇ ਹੋਏ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਵਿੱਚ ਆਪਣੀ ਵੋਟ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ ਹਾਜ਼ਰ ਲੋਕਾਂ ਨੂੰ ਵੋਟ ਉਤਸਵ ਵਿੱਚ ਭਾਗੀਦਾਰੀ ਲੈਣ ਦੀ ਵੱਧ ਤੋਂ ਵੱਧ ਅਪੀਲ ਕੀਤੀ ਗਈ। ਇਸ ਵੋਟਰ ਜਾਗਰੂਕਤਾ ਅਭਿਆਨ ਨੂੰ ਸਫਲ ਬਣਾਉਣ ਵਿੱਚ ਫਾਜ਼ਿਲਕਾ 80 ਤੋਂ ਸਵੀਪ ਟੀਮ ਇੰਚਾਰਜ ਸਤਿੰਦਰ ਬਤਰਾ, ਗੁਰਦੇਵ ਸਿੰਘ, ਸੁਰਿੰਦਰ ਸਿੰਘ ਅਤੇ ਕਰਨ ਕੁਮਾਰ ਦਾ ਵਿਸ਼ੇਸ਼ ਸਹਿਯੋਗ ਰਿਹਾ

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਲੌਂਗੋਵਾਲ-ਬੀ ਕਮੇਟੀ ਦੀ ਚੋਣ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੰਗਰੂਰ ਦੇ ਪਿੰਡ ਲੌਂਗੋਵਾਲ-ਬੀ ਦੀ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਬਲਾਕ ਪ੍ਰਧਾਨ ਰਣਜੀਤ ਸਿੰਘ ਲੌਂਗੋਵਾਲ ਤੇ ਜਗਤਾਰ ਸਿੰਘ ਲੱਡੀ ਦੀ ਅਗਵਾਈ ਵਿੱਚ ਟੀਮ ਵਿੱਚ ਵਾਧਾ ਕੀਤਾ ਗਿਆ ਅਤੇ ਜਥੇਬੰਦੀ ਦੇ ਪ੍ਰਧਾਨ ਨੇ ਸੰਵਿਧਾਨ ਬਾਰੇ ਦੱਸਿਆ ਅਤੇ ਜਥੇਬੰਦੀ ਵਿੱਚ ਪਿੰਡ ਇਕਾਈ ਦਾ ਅਹੁਦੇਦਾਰ ਜਾਂ ਕੋਈ ਜਥੇਬੰਦੀ ਦਾ ਵਰਕਰ ਚੋਣਾਂ ਵਿੱਚ ਹਿੱਸਾ ਨਹੀਂ ਲਵੇਗਾ ਤੇ ਨਾ ਕਿਸੇ ਪੋਲਿੰਗ 'ਤੇ ਬੈਠੇਗਾ ਤੇ ਨਾ ਹੀ ਕਿਸੇ ਪਾਰਟੀ ਦਾ ਸਮਰਥਨ ਕਰੇਗਾ। ਆਉਣ ਵਾਲੇ ਜਥੇਬੰਦੀ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਇਸ ਸਮੇਂ ਇਕਾਈ ਪ੍ਰਧਾਨ ਚਮਕੌਰ ਸਿੰਘ, ਮੀਤ ਪ੍ਰਧਾਨ ਸਤਗੁਰ ਸਿੰਘ, ਖ਼ਜ਼ਾਨਚੀ ਤਰਸੇਮ ਦਾਸ, ਖ਼ਜ਼ਾਨਚੀ ਰਣਜੀਤ ਸਿੰਘ, ਖ਼ਜ਼ਾਨਚੀ ਦਰਸ਼ਨ ਸਿੰਘ, ਸਕੱਤਰ ਅਮਨਦੀਪ ਸਿੰਘ, ਲੰਗਰ ਪ੍ਰਧਾਨ ਕਾਲਾ ਸਿੰਘ ਗਿੱਲ ਅਤੇ ਮੈਂਬਰ ਕੁੰਡਾ ਸਿੰਘ ਨੰਬਰਦਾਰ, ਬੰਤ ਸਿੰਘ ਨਾਹਰ ਸਿੰਘ, ਨਾਜਰ ਸਿੰਘ, ਕੁਲਵਿੰਦਰ ਸਿੰਘ, ਚਰਨਾ ਸਿੰਘ, ਗਿਆਨ ਸਿੰਘ ਚੁਣੇ ਗਏ ਅਤੇ ਇਸ ਸਮੇਂ ਬਲਾਕ ਆਗੂ ਚਮਕੌਰ ਸਿੰਘ ਲੱਡੀ, ਬੂਟਾ ਸਿੰਘ ਲੌਂਗੋਵਾਲ, ਹਰਮੇਲ ਸਿੰਘ ਲੋਹਾਖੇੜਾ ਹਾਜ਼ਰ ਸਨ।

## ਵੋਟਾਂ ਦੇ ਮੱਦੇਨਜ਼ਰ ਧਾਰਾ 144 ਲਾਗੂ

**ਸਿਰਸਾ (ਸੁਰਿੰਦਰ ਪਾਲ ਸਿੰਘ)** ਜ਼ਿਲ੍ਹਾ ਮੈਜਿਸਟਰੇਟ ਆਰ.ਕੇ. ਸਿੰਘ ਨੇ ਹਰਿਆਣਾ ਲੋਕ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹੇ ਵਿੱਚ ਭਾਰਤੀ ਫੌਜਦਾਰੀ ਪ੍ਰਕਿਰਿਆ ਨਿਯਮ 1973 ਤਹਿਤ ਧਾਰਾ 144 ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਹਨ।ਇਹ ਹੁਕਮ 23 ਮਈ ਸ਼ਾਮ 6 ਵਜੇ ਤੋਂ 25 ਮਈ ਨੂੰ ਵੋਟਿੰਗ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹਿਣਗੇ।ਹੁਕਮਾਂ ਅਨੁਸਾਰ ਵੋਟਿੰਗ ਦੀ ਪ੍ਰਕਿਰਿਆ ਮੁਕੰਮਲ ਹੋਣ ਤੱਕ ਕਿਸੇ ਵੀ ਵਿਅਕਤੀ ਦੇ ਜਨ ਸਭਾ, ਜਨਤਕ ਮੀਟਿੰਗ ਜਾਂ ਸੰਬੋਧਨ ਕਰਨ ਤੇ ਮੁਕੰਮਲ ਪਾਬੰਦੀ ਰਹੇਗੀ।ਉਨ੍ਹਾਂ ਕਿਹਾ ਕਿ ਤਣਾਅ, ਮੁਸੀਬਤ, ਆਮ ਰੁਟੀਨ ਵਿੱਚ ਵਿਘਨ, ਜਾਨ-ਮਾਲ ਦਾ ਨੁਕਸਾਨ, ਸ਼ਾਂਤੀ ਭੰਗ ਹੋਣ ਅਤੇ ਦੰਗੇ ਭੜਕਣ ਦੀ ਸੰਭਾਵਨਾ ਦੇ ਮੱਦੇਨਜ਼ਰ ਜਨਤਕ ਥਾਂਵਾਂ ਤੇ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ।ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਵੋਟਾਂ ਪੈਣ ਤੋਂ ਬਾਅਦ 48 ਘੰਟਿਆਂ ਦੇ ਸਮੇਂ ਦੌਰਾਨ ਗੈਰ-ਕਾਨੂੰਨੀ ਇਕੱਠ ਕਰਨ ਅਤੇ ਜਨਤਕ ਮੀਟਿੰਗਾਂ ਕਰਨ 'ਤੇ ਪਾਬੰਦੀ ਰਹੇਗੀ।ਇਸ ਲਈ ਜ਼ਾਬਤਾ ਫੌਜਦਾਰੀ 1973 ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਮੈਜਿਸਟਰੇਟ ਨੇ ਧਾਰਾ 144 ਲਾਗੂ ਕੀਤੀ ਹੈ, ਜਿਸ ਤਹਿਤ ਪੰਜ ਤੋਂ ਵੱਧ ਵਿਅਕਤੀਆਂ ਦੇ ਗੈਰ-ਕਾਨੂੰਨੀ ਇਕੱਠ ਤੇ ਜਨਤਕ ਮੀਟਿੰਗਾਂ ਕਰਨ 'ਤੇ ਪਾਬੰਦੀ ਲਾਈ ਗਈ ਹੈ।

# ਅਵਾਰਾ ਪਸ਼ੂਆਂ ਤੇ ਟ੍ਰੈਫ਼ਿਕ ਵਰਗੇ ਮੁੱਦਿਆਂ 'ਤੇ ਉਮੀਦਵਾਰਾਂ ਨੂੰ ਘੇਰੇ ਦਾ ਰੌਂਅ



**ਭੀਖੀ (ਧਰਮਵੀਰ ਸ਼ਰਮਾ)** ਪਿਛਲੇ ਕਈ ਸਾਲਾਂ ਤੋਂ ਅਵਾਰਾ ਤੇ ਬੇਸਹਾਰਾ ਪਸ਼ੂਆਂ ਤੇ ਟ੍ਰੈਫ਼ਿਕ ਦੀ ਸਮੱਸਿਆ ਨੂੰ ਲੈ ਕੇ ਭੀਖੀ ਵਾਸੀ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਸਮੇਂ ਦੀਆਂ ਸਰਕਾਰਾਂ ਖਿਲਾਫ਼ ਰੋਹ ਭਰਪੂਰ ਮੁਜਾਹਰੇ ਤੇ ਧਰਨੇ ਦਿੰਦੇ ਰਹੇ ਹਨ। ਕਿਸਾਨ ਪੋਹ-ਮਾਘ ਦੀ ਠੰਡੀਆਂ ਰਾਤਾਂ 'ਚ ਆਪਣੀ ਕਣਕ ਤੇ ਹੋਰ ਫ਼ਸਲਾਂ ਦੀ ਰਾਖੀ ਕਰਨ ਲਈ ਠੁਰ-ਠੁਰ ਕਰਦੇ ਰਹੇ ਹਨ। ਪਸ਼ੂਆਂ ਨੂੰ ਖੇਤਾਂ 'ਚ ਜਾਣ ਤੋਂ ਰੋਕਣ ਲਈ ਭੀਖੀ ਦੇ ਚਾਰੇ ਪਾਸਿਆਂ ਤੇ ਨਾਕੇ ਲਾ ਕੇ ਰਾਖੇ ਰੱਖਦੇ ਰਹੇ ਕਦੇ ਅਵਾਰਾ ਪਸ਼ੂਆਂ ਨੂੰ ਅਨਾਜ ਮੰਡੀ ਜਾਂ ਹੋਰ ਕਿਸੇ ਸਾਂਝੀ ਥਾਂ 'ਤੇ ਇਕੱਠੇ ਕਰਕੇ ਦੋ-ਦੋ ਮਹੀਨੇ ਉਨ੍ਹਾਂ ਦੀ ਸਾਂਭ-ਸੰਭਾਲ ਕਰਦੇ ਰਹੇ, ਪਰ ਸਮੇਂ ਦੀਆਂ ਸਰਕਾਰਾਂ ਦੇ ਕਿਸੇ ਵੀ ਐਮ.ਪੀ, ਐਮ.ਐਲ.ਏ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇੱਕ ਨਹੀਂ ਸੁਣੀ। ਭੀਖੀ ਦੇ ਮੁੱਖ ਬਜ਼ਾਰਾਂ ਤੇ ਗਲੀਆਂ 'ਚ ਅਵਾਰਾ ਪਸ਼ੂ ਫਿਰਦੇ ਆਮ ਦੇਖੇ ਜਾ ਸਕਦੇ, ਜਿਸ ਨਾਲ ਆਪਸੀ ਪਸ਼ੂਆਂ ਦੀ ਲੜਾਈ ਮੌਕੇ ਕਈ ਤਰ੍ਹਾਂ ਦੇ ਹਾਦਸੇ ਵੀ ਵਾਪਰਦੇ ਹਨ। ਇਹ ਅਵਾਰਾ ਪਸ਼ੂ ਸਵੇਰੇ ਜਾਂ ਸ਼ਾਮ ਨੂੰ ਸ਼ੈਰ ਕਰਨ ਵਾਲਿਆਂ ਨੂੰ ਟੱਕਰ ਮਾਰ ਕੇ ਜ਼ਖ਼ਮੀ ਵੀ ਕਰ ਚੁੱਕੇ ਹਨ। ਪਟਿਆਲਾ-ਬਠਿੰਡਾ ਮੁੱਖ ਮਾਰਗ 'ਤੇ ਫਿਰਦੇ ਇਨ੍ਹਾਂ ਅਵਾਰਾ ਪਸ਼ੂਆਂ ਨਾਲ ਵਹੀਕਲਾਂ ਦੇ ਐਕਸੀਡੈਂਟ ਵੀ ਹੋ ਚੁੱਕੇ ਹਨ, ਜਿਸ ਕਰਕੇ ਕਈ ਵਿਅਕਤੀ ਆਪਣੀ ਜਾਨ ਤੋਂ ਹੱਥ ਧੋ ਚੁੱਕੇ ਹਨ। ਇਸ ਤਰ੍ਹਾਂ ਹੀ ਪਿਛਲੇ ਕਈ ਸਾਲਾਂ ਤੋਂ ਟ੍ਰੈਫ਼ਿਕ ਦੀ ਸਮੱਸਿਆ ਵੀ ਬਰਕਰਾਰ ਹੈ। ਬਰਨਾਲਾ ਤੇ ਥਾਣਾ ਰੋਡ ਉੱਪਰ ਦੁਕਾਨਦਾਰਾਂ ਵੱਲੋਂ ਆਪਣਾ ਸਮਾਨ ਸੜਕ ਤੱਕ ਰੱਖਣ ਨਾਲ ਵੀ ਬਜ਼ਾਰਾਂ 'ਚ ਹਰ ਸਮੇਂ ਜਾਮ ਲੱਗਣ ਦੀ ਸਮੱਸਿਆ ਬਣੀ ਰਹਿੰਦੀ ਹੈ।

ਇਸ ਤਰ੍ਹਾਂ ਗੁਰਦੁਆਰਾ ਰੋਡ ਉੱਪਰ ਸਬਜ਼ੀਆਂ ਦੀਆਂ ਤੇ ਹੋਰ ਰੇਹੜੀਆਂ ਲੱਗਣ ਕਾਰਨ ਲੋਕਾਂ ਨੂੰ ਵੱਡੀ ਸਮੱਸਿਆ ਪੇਸ਼ ਆਉਂਦੀ ਹੈ। ਬਠਿੰਡਾ ਪਟਿਆਲਾ ਮੁੱਖ ਸੜਕ 'ਤੇ ਗੱਡੀਆਂ ਤੇ ਹੋਰ ਵਹੀਕਲ ਖੜੇ ਕਰ ਦੇਣ ਕਰਕੇ ਆਵਾਜਾਈ ਲਈ ਵੱਡੀ ਸਮੱਸਿਆ ਬਣੀ ਰਹਿੰਦੀ ਹੈ। ਕਈ ਵਾਰ ਐਂਬੂਲੈਂਸ ਵੀ ਜਾਮ 'ਚ ਫਸ ਜਾਂਦੀ ਹੈ। ਸੁਨਾਮ ਮਾਨਸਾ ਰੋਡ 'ਤੇ ਦੁਕਾਨਾਂ ਅੱਗੇ ਲੱਗੀਆਂ ਰੇਹੜੀਆਂ ਤੋਂ ਅੱਗੇ ਫਿਰਦੇ ਰੇਹੜੇ ਵੀ ਇਸ ਸਮੱਸਿਆ ਦਾ ਕਾਰਨ ਬਣ ਰਹੇ ਹਨ, ਜਿਸ ਨਾਲ ਲੋਕ ਵੀ ਭਾਰੀ ਪ੍ਰੇਸ਼ਾਨ ਹੁੰਦੇ ਰਹਿੰਦੇ ਹਨ। ਉਕਤ ਦੋਵੇਂ ਮੁੱਦਿਆਂ ਨੂੰ ਲੈ ਕੇ ਸਮੇਂ ਦੀਆਂ ਸਰਕਾਰਾਂ ਖਿਲਾਫ਼ ਰੋਸ ਵੀ ਪ੍ਰਗਟ ਕਰਦੇ ਆ ਰਹੇ ਹਨ, ਪ੍ਰੰਤੂ 'ਆਪ' ਸਰਕਾਰ ਤੋਂ ਲੋਕਾਂ ਨੂੰ ਉਮੀਦ ਸੀ ਕਿ ਮੁੱਦੇ ਹੱਲ ਹੋ ਜਾਣਗੇ, ਪ੍ਰੰਤੂ ਇਹ ਸਰਕਾਰ ਬਣੀ ਨੂੰ ਵੀ ਦੋ ਸਾਲ ਹੋ ਚੁੱਕੇ ਹਨ, ਮੁੱਦੇ ਉਸੇ ਤਰ੍ਹਾਂ ਮੂੰਹ ਅੱਡੀ ਖੜੇ ਹਨ।

## ਲਿਬਰੇਸ਼ਨ ਵੱਲੋਂ ਸਿੱਧੂ ਦੇ ਪੱਖ 'ਚ ਮੁਹਿੰਮ ਚਲਾਉਣ ਦਾ ਐਲਾਨ



**ਮਾਨਸਾ, (ਆਤਮਾ ਸਿੰਘ ਪਮਾਰ)** ਫ਼ਿਰਕੂ ਫਾਸ਼ਿਸ਼ਟ ਮੋਦੀ ਜੁੰਡਲੀ ਤੇ ਉਸ ਦੇ ਭਾਈਵਾਲਾਂ ਨੂੰ ਹਰਾਉਣ ਅਤੇ ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਇੰਡੀਆ ਗਠਜੋੜ ਦੇ ਇੱਕ ਹਿੱਸੇਦਾਰ ਵਜੋਂ ਸੀਪੀਆਈ (ਐਮ ਐਲ) ਲਿਬਰੇਸ਼ਨ ਨੇ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਬੱਝਵੀਂ ਹਮਾਇਤ ਦੇਣ ਦਾ ਐਲਾਨ ਕੀਤਾ ।ਬਾਬਾ ਬੂਝਾ ਸਿੰਘ ਭਵਨ ਵਿਖੇ ਪਾਰਟੀ ਵਲੋਂ ਕਾਮਰੇਡ ਨਛੱਤਰ ਸਿੰਘ ਖੀਵਾ, ਗੁਰਨਾਮ ਸਿੰਘ ਭੀਖੀ, ਸ਼ਿੰਦਰ ਕੌਰ ਕਣਕਵਾਲ, ਹਾਕਮ ਸਿੰਘ ਖਿਆਲਾ, ਜੀਤ ਸਿੰਘ ਬੋਹਾ, ਵਿਜੇ ਕੁਮਾਰ ਭੀਖੀ ਤੇ ਸੁਰਿੰਦਰ ਪਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਚੋਣ ਮੀਟਿੰਗ ਨੂੰ ਲਿਬਰੇਸ਼ਨ ਦੇ ਕੇਂਦਰੀ ਆਗੂ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਜਿਲਾ ਸਕੱਤਰ ਗੁਰਮੀਤ ਸਿੰਘ ਨੰਦਗੜ੍ਹ, ਜਸਬੀਰ ਕੌਰ ਨੱਤ ਸਮੇਤ ਹਲਕਾ ਬਠਿੰਡਾ ਤੋਂ ਕਾਂਗਰਸ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਲਿਬਰੇਸ਼ਨ ਦੇ ਸੀਨੀਅਰ ਆਗੂ ਸੁਖਦਰਸ਼ਨ ਸਿੰਘ ਨੱਤ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਮਾਈਕਲ ਗਾਗੋਵਾਲ ਤੇ ਕਰਮ ਸਿੰਘ ਚੌਹਾਨ ਵੀ ਹਾਜ਼ਰ ਸਨ।ਕਾਮਰੇਡ ਰਾਣਾ ਨੇ ਕਿਹਾ ਕਿ ਬੇਸ਼ੱਕ ਲਿਬਰੇਸ਼ਨ ਅਨੇਕਾਂ ਮੁੱਦਿਆਂ ਬਾਰੇ ਕਾਂਗਰਸ ਤੋਂ ਵੱਖਰੇ ਵਿਚਾਰ ਰੱਖਦੀ ਹੈ, ਪਰ ਇਹ ਫ਼ਾਸ਼ੀਵਾਦੀ ਤਾਕਤਾਂ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਪੰਜਾਬ ਵਿਚ ਕਾਂਗਰਸੀ ਉਮੀਦਵਾਰਾਂ ਦੇ ਪੱਖ ਵਿੱਚ ਪੂਰੀ ਤਾਕਤ ਨਾਲ ਮੁਹਿੰਮ ਚਲਾ ਰਹੀ ਹੈ।ਅਸੀਂ ਕਾਂਗਰਸ ਤੋਂ ਉਮੀਦ ਰੱਖਾਂਗੇ ਕਿ ਸੱਤਾ ਵਿੱਚ ਆਉਣ 'ਤੇ ਉਹ ਆਪਣੇ ਚੋਣ ਮੈਨੀਫੈਸਟੋ ਵਿਚਲੇ ਮੁੱਦਿਆਂ ਖਾਸ ਕਰਕੇ ਮਜ਼ਦੂਰਾਂ ਕਿਸਾਨਾਂ, ਔਰਤਾਂ ਤੇ ਬੇਰੁਜ਼ਗਾਰਾਂ ਨਾਲ ਕੀਤੇ ਵਾਅਦਿਆਂ ਉਤੇ ਪੂਰੀ ਗੰਭੀਰਤਾ ਨਾਲ ਅਮਲ ਕਰੇਗੀ।ਉਨ੍ਹਾਂ ਕਿਹਾ ਕਿ ਉਮੀਦਵਾਰ ਨੂੰ ਪੰਜਾਬ ਦੇ ਭਖਵੇਂ ਸੁਆਲਾਂ 'ਤੇ ਸਟੈਂਡ ਲੈਣ ਦੇ ਨਾਲ-ਨਾਲ ਹਲਕਾ ਬਠਿੰਡਾ ਵਿਚ ਐਗਰੋ ਇੰਡਸਟਰੀ ਦੇ ਢੁੱਕਵੇਂ ਵਿਕਾਸ, ਉਚ ਪੱਧਰੇ ਮੈਡੀਕਲ ਕਾਲਜ ਹਸਪਤਾਲ, ਸਪੋਰਟਸ ਕੰਪਲੈਕਸ ਖੁਲ੍ਹਵਾਉਣ ਅਤੇ ਸ਼ਹਿਰਾਂ ਦੇ ਵਾਟਰ ਸਪਲਾਈ ਤੇ ਸੀਵਰੇਜ ਸਿਸਟਮ ਦੇ ਵਿਕਾਸ ਲਈ ਪਹਿਲ ਦੇਣੀ ਚਾਹੀਦੀ ਹੈ।

## ਪੰਜਾਬ ਦੇ ਭਖਦੇ ਹਰ ਗੰਭੀਰ ਮੁੱਦੇ 'ਤੇ ਬੇਬਾਕ ਬੋਲਣ ਲਈ ਲੜਾਕਾ ਹਾਂ ਮੈਂ : ਖਹਿਰਾ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਮਹਿਲ ਕਲਾਂ ਦੇ ਪਿੰਡਾਂ ਵਿੱਚ ਚੋਣ ਪ੍ਰਚਾਰ ਦੌਰਾਨ 'ਆਪ' ਉਮੀਦਵਾਰ ਤੇ ਖੇਡ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਦੇ ਪਿੰਡ ਕੁਰੜ ਦੀ ਸੱਥ ਵਿੱਚ ਖੜ ਭਗਵੰਤ ਮਾਨ ਸਮੇਤ ਪੂਰੀ 'ਆਪ' ਟੀਮ ਨੂੰ ਲਲਕਾਰਿਆ ਤੇ ਕਿਹਾ ਕਿ ਭਗਵੰਤ ਮਾਨ ਕਹਿ ਰਿਹਾ ਕਿ ਇੱਕ ਆ ਖਹਿਰਾ ਬਾਹਰਲੇ ਲੋਕਾਂ ਦਾ ਵਿਰੋਧੀ ਹੈ, ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਗ਼ਲਤ ਪ੍ਰਚਾਰ ਕਰ ਰਹੇ ਹਨ। ਮੈਂ ਤਾਂ ਹਿਮਾਚਲ ਤੇ ਗੁਜਰਾਤ ਦੀ ਤਰਜ਼ 'ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਇੱਕ ਪ੍ਰਾਈਵੇਟ ਬਿੱਲ ਪੇਸ਼ ਕਰਿਆ ਸੀ ਕਿ ਪੰਜਾਬ ਦੀ ਵਿਧਾਨ ਸਭਾ ਕਾਨੂੰਨ ਪਾਸ ਕਰੋ ਕਿ ਪੰਜਾਬ ਦੀਆਂ ਨੌਕਰੀਆਂ ਸਿਰਫ਼ ਪੰਜਾਬੀਆਂ ਨੂੰ ਹੀ ਮਿਲਣ, ਨਾ ਕਿ ਗ਼ੈਰ ਪੰਜਾਬੀਆਂ ਨੂੰ। ਇਸ ਵਿੱਚ ਮੈਂ ਕੀ ਗ਼ਲਤ ਕਿਹਾ। ਜਦ ਪੰਜਾਬ ਦੀਆਂ ਨੌਕਰੀਆਂ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਕਿ ਇਹ ਪੰਜਾਬੀਆਂ ਦੇ ਹੱਕਾਂ ਉੱਪਰ ਡਾਕਾ ਨਹੀਂ ਤਾਂ ਹੋਰ ਕੀ ਹੈ।



ਲੜਾਕੂ। ਅਜਿਹਾ ਬੰਦਾ ਜੋ ਹਰ ਕਿਸੇ ਨਾਲ ਬਿਨਾਂ ਗੱਲੋਂ ਲੜਾਈਆਂ ਕਰਦਾ ਰਹਿੰਦਾ। ਮੈਂ ਭਗਵੰਤ ਮਾਨ ਨੂੰ ਦੱਸਣਾ ਚਾਹੁੰਦਾ ਹੈ ਕਿ ਮੈਂ ਪੰਜਾਬ ਦੇ ਗੰਭੀਰ ਮਸਲਿਆਂ 'ਤੇ ਹਮੇਸ਼ਾ ਲੜਦਾ ਰਿਹਾ ਹਾਂ ਤੇ ਆਖਰੀ ਸਾਹ ਤੱਕ ਲੜਦਾ ਰਹਾਂਗਾ।ਖਹਿਰਾ ਨੇ ਭਗਵੰਤ ਮਾਨ ਨੂੰ ਲਲਕਾਰਦਿਆਂ ਕਿਹਾ ਕਿ ਜੇਕਰ ਨਸ਼ਿਆਂ ਦੇ ਮੁੱਦੇ, ਬੇਅਦਬੀ ਦੇ ਮੁੱਦੇ, ਬੇਕਸੂਰ ਨੌਜਵਾਨਾਂ 'ਤੇ ਐਨ ਐਸ ਏ ਲਾਉਣ ਖਿਲਾਫ਼ ਕਿਸਾਨਾਂ ਦੇ ਮੁੱਦਿਆਂ, ਮਜ਼ਦੂਰਾਂ ਦੇ ਹੱਕਾਂ ਲਈ ਬੋਲਣਾ ਮੇਰਾ ਲੜਾਕਾਪਣ ਲੱਗਦਾ ਹੈ ਤਾਂ ਮੈਂ ਹਰ ਸਮੇਂ ਇਸ ਤਰ੍ਹਾਂ ਹੀ ਲੜਦਾ ਰਹਾਂਗਾ।ਖਹਿਰਾ ਨੇ ਕਿਹਾ ਭਗਵੰਤ ਮਾਨ ਲੋਕਾਂ ਵਿੱਚ ਪ੍ਰਚਾਰ ਕਰ ਰਿਹਾ ਹੈ ਕਿ ਖਹਿਰਾ

## ...ਸਫ਼ਾ 1 ਦੇ ਬਾਕੀ

### ਸੈਂਕੜੇ ਨਮ ਅੱਖਾਂ ...

ਕਾਮਰੇਡ ਗੁਰਮੀਤ, ਕੁਲਦੀਪ ਭੋਲਾ, ਡਾ. ਇੰਦਰਵੀਰ ਗਿੱਲ, ਛੋਟੇ ਭਰਾ ਅਲੋਕ ਸ਼ਰਮਾ ਤੇ ਹੋਰ ਸਾਥੀਆਂ ਵੱਲੋਂ ਕਮਿਊਨਿਸਟ ਪਾਰਟੀ ਦਾ ਲਾਲ ਝੰਡਾ ਪਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਾਬਕਾ ਐੱਸ ਐੱਮ ਓ ਅਤੇ ਰਾਕੇਸ਼ ਦੇ ਦੋਸਤ ਡਾਕਟਰ ਇੰਦਰਵੀਰ ਗਿੱਲ ਨੇ ਦੱਸਿਆ ਕਿ ਉਹ ਸਿਆਸੀ ਅਤੇ ਸਮਾਜਕ ਪੱਖੋਂ ਸੁਚੇਤ ਸ਼ਖ਼ਸੀਅਤ ਸੀ, ਜਿਸ ਨੂੰ ਮਿਹਨਤਕਸ਼ ਲੋਕਾਂ ਨਾਲ ਲਗਾਅ ਸੀ ਅਤੇ ਉਹ ਕਿਸੇ ਵੀ ਤਰ੍ਹਾਂ ਦੇ ਵਿਤਕਰਿਆਂ ਦੇ ਖ਼ਿਲਾਫ਼ ਸੀ। ਉਹ ਕਲਾ ਦਾ ਸ਼ੌਕੀਨ ਸੀ ਅਤੇ ਸੈਂਕੜੇ ਹੋਰਨਾਂ ਨੂੰ ਆਪਣਾ ਇਹ ਹੁਨਰ ਸਿਖਾਇਆ। ਪੱਤਰਕਾਰ ਸੁਰਿੰਦਰ ਮਾਨ, ਮਹਿੰਦਰ ਸਿੰਘ ਰੱਤੀਆਂ, ਪੱਤਰਕਾਰ ਅਮਜ਼ਦ ਖਾਨ, ਸੁਖਜਿੰਦਰ ਮਹੇਸਰੀ, ਜਗਸੀਰ ਖੋਸਾ, ਸ਼ੇਰ ਸਿੰਘ ਦੌਲਤਪੁਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕਾਂ ਨੇ ਨਮ ਅੱਖਾਂ ਨਾਲ ਉਹਨਾ ਨੂੰ ਅੰਤਮ ਵਿਦਾਇਗੀ ਦਿੱਤੀ।


**ਉਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

**ਟੈਂਡਰ ਨੰਬਰ : 251-ਬਿਜਲੀ-ਟੀ-15-2024-25 ਕੰਮਾਂ ਦਾ ਵੇਰਵਾ :** JAT-SVDK ਵਿਚ ਪੜਾਅ-1 ਦੇ ਲਈ ਬਹੁ-ਅਨੁਸ਼ਾਸਨਤਮਕ ਸਮਿਤੀ ਦੀ ਰੀਪੋਰਟ ਦੇ ਅਨੁਸਾਰ ਪਾਰਸਲ ਸਕੈਨਿੰਗ, ਅਕਸਬੀਐਸ ਹਾਲ, ਬੂਮ ਬੈਰਿਯਰ, ਨਵੀਂ ਬਾੜ ਲਗਾਉਣ ਦੇ ਸਬੰਧ ਵਿਚ ਬਿਜਲੀ ਸਪਲਾਈ ਦਾ ਪ੍ਰਾਵਧਾਨ ਅਤੇ ਪੜਾਅ-1 ਦੇ ਲਈ ਸੁਰੱਖਿਆ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਲਈ ਐਮਡੀਸੀ ਰੀਪੋਰਟ ਦੇ ਅਨੁਸਾਰ BAHL BRML ਅਨੁਭਾਗ ਵਿਚ ਜੀਆਰਪੀ ਬੈਰਕ ਐਸ.ਡੀ.ਪੀ.ਓ. ਦਫਤਰ, ਕੰਪਨੀ ਹੈਡਕੁਆਟਰ, ਸਟੇਸ਼ਨ ਤੇ ਬਾੜ ਦੀ ਮੁਰੰਮਤ ਸੀਮਾ ਦੀਵਾਰ ਆਦਿ ਦੇ ਸਬੰਧ ਵਿਚ ਬਿਜਲੀ ਸਪਲਾਈ ਦਾ ਪ੍ਰਾਵਧਾਨ। **ਅੰਦਾਜਨ ਲਾਗਤ (ਰੁ) : 1,09,82,823.00 ਬਿਆਨਾ ਰਾਸ਼ੀ (ਰੁ) : 2,04,900.00 ਕੰਮ ਦਾ ਸਮਾਂ : 6 ਮਹੀਨੇ ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 12.06.2024 15:00 ਵਜੇ ਦੇ ਬਾਅਦ** ਵੈਬਸਾਈਟ www.ireps.gov.in

**ਨੰ. 251-ਬਿਜਲੀ -ਟੈਂਡਰ ਨੋਟਿਸ ਨੰ. 10-ਬਿਜਲੀ-2024-25 ਮਿਤੀ :- 22.05.2024** 1547/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਟੈਂਡਰ ਨੋਟਿਸ ਨੰ: 06/2024-25 ਮਿਤੀ :- 21.05.2024**

**ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀ. ਮੰਡਲ ਸਾਮਗਰੀ ਪ੍ਰਬੰਧਕ/ਉੱਤਰ ਰੇਲਵੇ/ਭੰਡਾਰ ਬਰਾਂਚ/ਫ਼ਿਰੋਜ਼ਪੁਰ ਦੁਆਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਟੈਂਡਰ ਮੰਗ ਕੀਤੀ ਜਾਂਦੀ ਹੈ:-

| ਲ. ਨੰ: | ਟੈਂਡਰ ਨੰਬਰ | ਮਾਲ ਦਾ ਵੇਰਵਾ | ਮਾਤਰਾ | ਟੈਂਡਰ ਖੁਲਣ ਦੀ ਮਿਤੀ |
|---|---|---|---|---|
| 1. | 94245500 | Rechargeable Long Range High Power LED Search Light/Dragon Light with Charger | 832 Nos | 18.06.2024 |

**ਟੈਂਡਰ ਸ਼ਰਤਾਂ**- ireps ਦੀ ਵੈਬਸਾਇਟ **www.ireps.gov.in** ਉਤੇ ਉਪਲਬਧ ਹੈ । ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀ 'ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ। ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ । 1548/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-07/24-25 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 14.06.2024 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

| | | | |
|---|---|---|---|
| ਕੰਮ ਦਾ ਨਾਮ | (i) ਫਿਰੋਜ਼ਪੁਰ ਮੰਡਲ ਦੇ ਸਾਰੇ ਪੀਆਈ/ਈਆਈ/ਆਰਆਰਆਈ ਸਟੇਸ਼ਨਾਂ ਤੇ ਆਟੋਮੈਟਿਕ ਫਯੂਜ ਚੇਂਜ ਓਵਰ ਸਿਸਟਮ ਦਾ ਪ੍ਰਾਵਧਾਨ। ਅਤੇ (ii) ਫਿਰੋਜ਼ਪੁਰ ਡਵੀਜਨ ਵਿਚ ਇੰਟਰਲਾਕਡ ਐਲ-ਅਕਿਸੰਗ ਗੇਟਾਂ ਤੇ ਏਕੀਕ੍ਰਿਤ ਬਿਜਲੀ ਸਪਲਾਈ ਪ੍ਰਣਾਲੀ (ਆਈਪੀਐਸ) (ii) ਫਿਰੋਜ਼ਪੁਰ ਮੰਡਲ ਦੇ ਪੀਟੀਕੇ-ਜੇਈਟੀ ਅਤੇ ਐਸਐਨਐਲ-ਜੇਯੂਸੀ ਖੰਡਾਂ ਤੇ ਬਲਾਕ ਵਰਕਿੰਗ ਦੇ ਲਈ ਦੋਹਰੀ ਪਹਿਚਾਨ ਦਾ ਪ੍ਰਾਵਧਾਨ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 14.06.2024 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 21.05.2024 11:11 |
| ਅੰਦਾਜਨ ਲਾਗਤ | (i) ₹1,65,95,969.21 (ii) ₹1,66,65,073.74 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 31.05.2024 |
| ਬਿਆਨਾ ਰਾਸ਼ੀ | (i) ₹2,33,000.00 (ii) ₹2,33,300.00 | ਕੰਮ ਪੂਰਾ ਕਰਨ ਦਾ ਸਮਾਂ | (i) 06 ਮਹੀਨੇ (ii) 09 ਮਹੀਨੇ |

ਨਿਵਿਦਾ ਸੂਚਨਾ ਨੰ. 433-ਸਿਗ- ਟੀ-07-24-25 ਮਿਤੀ: 22.05.2024 1551/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲ. ਨੰ. | ਟੈਂਡਰ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (₹) | ਬਿਆਨਾ ਰਾਸ਼ੀ (₹) | ਖੁਲਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|
| 1. | OT-08-JRC-2024 | SSE/BR/M/JUC & SSE/BR/M/ PTK ਦੇ ਅਧਿਕਾਰ ਖੇਤਰ ਦੇ ਤਹਿਤ ਵਖ-ਵਖ ਪੁਲਾਂ ਤੇ ਸਾਈਡ ਪਾਥਵੇ ਦਾ ਫੇਬ੍ਰਿਕੇਸ਼ਨ ਅਤੇ ਇਰੀਕੇਸ਼ਨ ਦਾ ਕੰਮ ਕਰਨਾ। | ₹2,36,00,917.95 | ₹2,68,000/- | 13.06.2024 | 30.05.2024 ਤੋਂ 13.06.2024 | 09 ਮਹੀਨੇ |
| | | | ਨਿਵਿਦਾ ਫਾਰਮ ਦੀ ਲਾਗਤ (₹): 0.00/- | | | | |
| 2. | OT-09-JRC-2024 | SSE/BR/M/JUC & SSE/BR/M/ PTK ਦੇ ਅਧਿਕਾਰ ਖੇਤਰ ਵਿਚ ਫਿਰੋਜ਼ਪੁਰ ਡਵੀਜਨ ਦੇ ਤਹਿਤ ਮਹਤਵਪੂਰਨ ਅਤੇ ਪ੍ਰਮੁਖ ਪੁਲਾਂ ਦੀ ਪੇਂਟਿੰਗ ਕੰਮ ਕਰਨਾ। | ₹1,57,80,685.48 | ₹2,28,900/- | 13.06.2024 | 30.05.2024 ਤੂੰ 13.06.2024 | 09 ਮਹੀਨੇ |
| | | | ਨਿਵਿਦਾ ਫਾਰਮ ਦੀ ਲਾਗਤ (₹): 0.00/- | | | | |
| ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੋਹਲਣ ਦੇ ਲਈ ਮਿਤੀ ਅਤੇ ਸਮਾਂ। | | | ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ। | | | | |
| ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ। | | | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ। | | | | |

ਨੰ.: 80-W/30/Bridges/Invitation ਤਾਰੀਕ : 21.05.2024 1543/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਝੂਠੀ ਸਹੁੰ ਚੁੱਕਣ ਲਈ ਕੈਪਟਨ ਅਮਰਿੰਦਰ ਨੂੰ ਗੁਟਕਾ ਸਾਹਿਬ ਫੜਾਉਣ ਵਾਲੇ ਸੁਖਜਿੰਦਰ ਰੰਧਾਵਾ ਸਨ: ਡਾ. ਚੀਮਾ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਦੇਸ਼ ਦੀ ਜਨਤਾ ਨੂੰ ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਰਿਹਾ ਕਿ ਆਮ ਆਦਮੀ ਪਾਰਟੀ ਕਿਸ ਏਜੰਡੇ 'ਤੇ ਲੋਕ ਸਭਾ ਚੋਣਾਂ ਲੜ ਰਹੀ ਹੈ।ਕੋਟਲੀ ਸੂਰਤ ਮੱਲ੍ਹੀ ਦੇ ਗੋਲਡਨ ਰਿਜ਼ੋਰਟ ਵਿਖੇ ਹਲਕਾ ਡੇਰਾ ਬਾਬਾ ਨਾਨਕ ਦੇ ਅਕਾਲੀ ਅਹੁਦੇਦਾਰਾਂ ਅਤੇ ਵਰਕਰਾਂ ਵੱਲੋਂ ਰੱਖੀ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਚੀਮਾ ਨੇ ਦੋਸ਼ ਲਾਇਆ ਕਿ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੌਰਾਨ ਘੱਟ-ਗਿਣਤੀ ਸਿੱਖਾਂ, ਇਸਾਈਆਂ ਅਤੇ ਮੁਸਲਮਾਨਾਂ ਨਾਲ ਬੇਇਨਸਾਫੀ ਵਧੀ ਹੈ ਅਤੇ ਉਨ੍ਹਾਂ ਨੂੰ ਹਾਸ਼ੀਏ ਵੱਲ ਧੱਕਿਆ ਗਿਆ। ਉਨ੍ਹਾਂ ਕਿਹਾ ਕਿ ਘੱਟ-ਗਿਣਤੀਆਂ ਦੇ ਜੀਣ-ਥੀਣ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰਨ ਲਈ ਉਨ੍ਹਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਸਕਾਲਰਸ਼ਿਪਾਂ ਨੂੰ ਬੰਦ ਕਰ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਪ ਦੇ 92 ਵਿਧਾਇਕ ਬਣਾ ਕੇ ਇਸ ਦੀ ਸਰਕਾਰ ਬਣਾਈ ਪਰ ਭਗਵੰਤ ਮਾਨ ਸਰਕਾਰ ਬੋਗਸ ਸਾਬਤ ਹੋਈ ਹੈ।ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਤਹਿਸੀਲਾਂ, ਕਚਹਿਰੀਆਂ ਵਿਚ ਰਿਸ਼ਵਤਖੋਰੀ ਵਿਚ ਵਾਧਾ ਹੋਇਆ ਹੈ ਜਦੋਂਕਿ ਸੂਬੇ ਦੀ ਅਮਨ-ਕਾਨੂੰਨ ਵਿਵਸਥਾ ਕਾਬੂ ਤੋਂ ਬਾਹਰ ਹੋ ਗਈ ਹੈ, ਜਿਸ ਦੀ ਮਿਸਾਲ ਆਏ ਦਿਨ ਲੁੱਟਾਂ-ਖੋਹਾਂ, ਫਿਰੌਤੀਆਂ ਅਤੇ ਕਤਲੋਗਾਰਤ ਦੀਆਂ ਘਟਨਾਵਾਂ ਹਨ, ਜਿਸ ਕਾਰਨ ਕੋਈ ਵੀ ਕਾਰੋਬਾਰੀ ਤੇ ਵਪਾਰੀ ਪੰਜਾਬ ਵਿਚ ਰਹਿਣ ਲਈ ਰਾਜੀ ਨਹੀਂ ਹੈ। ਡਾ. ਚੀਮਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ 2017 ਵਿਚ ਗੁਟਕਾ ਸਾਹਿਬ ਦੀ ਝੂਠੀ ਸਹੁੰ ਚੁੱਕ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਸਰਕਾਰ ਬਣਾਈ ਸੀ, ਜੋ ਕਿ ਇਕ ਘੋਰ ਬੇਅਦਬੀ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਨਸ਼ਾ ਖਤਮ ਕਰਨ ਅਤੇ ਘਰ-ਘਰ ਨੌਕਰੀ ਦੇਣ ਦਾ ਵਾਅਦਾ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਆਪਣਾ ਹੀ ਘਰ ਬਦਲ ਕੇ ਭਾਰਤੀ ਜਨਤਾ ਪਾਰਟੀ ਵਿਚ ਚਲੇ ਗਏ ਅਤੇ ਉਸ ਵੇਲੇ ਝੂਠੀ ਸਹੁੰ ਖਾਣ ਲਈ ਕੈਪਟਨ ਨੂੰ ਗੁਟਕਾ ਸਾਹਿਬ ਫੜਾਉਣ ਵਾਲੇ ਸੁਖਜਿੰਦਰ ਸਿੰਘ ਰੰਧਾਵਾ ਸਨ, ਜੋ ਹੁਣ ਕਾਂਗਰਸ ਵਲੋਂ ਗੁਰਦਾਸਪੁਰ ਤੋਂ ਲੋਕ ਸਭਾ ਦੇ ਉਮੀਦਵਾਰ ਹਨ।ਉਨ੍ਹਾਂ ਕਿਹਾ ਕਿ ਇਸ ਕਰਕੇ 1 ਜੂਨ ਨੂੰ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਵੋਟ ਪਾ ਕੇ ਪੰਜਾਬ ਤੇ ਪੰਜਾਬੀਆਂ ਨਾਲ ਧੋਖਾ ਕਰਨ ਵਾਲੀਆਂ ਦੂਜੀਆਂ ਪਾਰਟੀਆਂ ਨੂੰ ਸਬਕ ਸਿਖਾਉਣਾ ਜ਼ਰੂਰੀ ਹੈ।ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਗੁਰਦਾਸਪੁਰ ਦੇ ਜ਼ਿਲ੍ਹਾ ਜਥੇਦਾਰ ਰਮਨਦੀਪ ਸਿੰਘ ਸੰਧੂ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੀਆਂ ਸਰਕਾਰਾਂ ਦੌਰਾਨ ਹਰ ਵਰਗ ਨੂੰ ਸਹੂਲਤਾਂ ਦਿੱਤੀਆਂ ਤੇ ਸੂਬੇ ਦਾ ਵਿਕਾਸ ਕਰਵਾਇਆ, ਜਿਸ ਕਰਕੇ ਅੱਜ ਵੀ ਲੋਕ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚੇਤੇ ਕਰਦੇ ਹਨ।ਇਸ ਮੌਕੇ ਕੁਲਜੀਤ ਸਿੰਘ ਮਝੈਲ, ਬਾਬਾ ਗੁਪਾਲ ਸਿੰਘ ਰਊਵਾਲ, ਸਾਬਕਾ ਚੇਅਰਮੈਨ ਸੁੱਚਾ ਸਿੰਘ ਮੰਮਣ, ਰਣਜੀਤ ਸਿੰਘ ਭੱਟੀ, ਕੇ. ਪੀ. ਸ਼ਾਹ ਸ਼ਮਸ, ਬਲਰਾਜ ਸਿੰਘ ਖਹਿਰਾ, ਮੱਖਣ ਸਿੰਘ ਬਸੰਤਕੋਟ, ਸਤਨਾਮ ਸਿੰਘ ਡੀਸੀ ਸ਼ਿਕਾਰ, ਦਲਜੀਤ ਸਿੰਘ ਕੋਟਲੀ, ਕਸ਼ਮੀਰ ਡੋਲੀ, ਕਸ਼ਮੀਰ ਸਿੰਘ ਬਿੱਟਾ, ਤਸਵੀਰ ਸਿੰਘ, ਬਖਸ਼ੀਸ਼ ਸਿੰਘ, ਸੁਮਨ ਰੰਧਾਵਾ, ਜੋਤੀ ਬੰਬ, ਹਰਭਜਨ ਸਿੰਘ, ਸਰਪੰਚ ਸਿੰਘ, ਸਰਵਣ ਸਿੰਘ ਅਤੇ ਹਰਦਿਆਲ ਸਿੰਘ ਭੱਟੀ ਆਦਿ ਵੀ ਹਾਜ਼ਰ ਸਨ।

# ਡਾ. ਚੀਮਾ ਦੀ ਅਗਵਾਈ 'ਚ ਵੱਡੇ ਇਕੱਠ ਨੇ ਉਡਾਈਆਂ ਵਿਰੋਧੀਆਂ ਦੀਆਂ ਨੀਂਦਾਂ



**ਝਬਾਲ( ਹਰਜਿੰਦਰ ਸਿੰਘ ਸੋਨੀ)**-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਮ ਪਾਰਟੀ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਦੇ ਹੱਕ ਵਿੱਚ ਜ਼ਿਲਾ ਪ੍ਰੀਸ਼ਦ ਮੈਂਬਰ ਮੋਨੂੰ ਚੀਮਾਂ ਤੇ ਵਿਕਰਮ ਖੁੱਲਰ ਦੀ ਅਗਵਾਈ ਹੇਠ ਝਬਾਲ ਵਿਖੇ ਲੋਕਾਂ ਦੇ ਵੱਡੇ ਇਕੱਠ ਨੇ ਵਿਰੋਧੀਆਂ ਦੀਆ ਨੀਂਦਾਂ ਉਡਾ ਦਿੱਤੀਆ।ਇਸ ਮੌਕੇ ਪੁੱਜੇ ਲਾਲਜੀਤ ਭੁੱਲਰ ਨੇ ਇਕੱਤਰਤਾ ਨੂੰ ਵੇਖਦਿਆਂ ਵੱਡੀ ਖੁਸ਼ੀ ਜਾਹਰ ਕਰਦਿਆਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੋਨੂੰ ਚੀਮਾ ਤੇ ਮੋਨੂੰ ਚੀਮਾ ਭਰਾਵਾ ਵੱਲੋਂ ਆਪਣੇ ਦੋ ਦਰਜਨ ਤੋ ਵੱਧ ਪਿੰਡਾਂ ਦੇ ਸਰਪੰਚਾਂ ਦੇ ਨਾਲ ਆਮ ਪਾਰਟੀ ਨੂੰ ਸਹਿਯੋਗ ਦਿੰਦਿਆਂ ਵਿਧਾਨ ਸਭਾ ਚੋਣਾਂ ਵਿੱਚ ਡਾ. ਕਸ਼ਮੀਰ ਸਿੰਘ ਸੋਹਲ ਨੂੰ ਜਿਤਾਉਣ 'ਚ ਆਹਿਮ ਭੂਮਿਕਾ ਨਿਭਾਈ ਤੇ ਹੁਣ ਵੀ ਜਿੱਤ ਯਕੀਨੀ ਬਣਾ ਦਿਉ, ਤੁਹਾਡੇ ਹਰ ਮਸਲੇ ਪਹਿਲ ਦੇ ਆਧਾਰ ਪਾਰਲੀਮੈਂਟ ਵਿੱਚ ਚੁੱਕਾਂਗਾ।ਸ. ਲਾਲਜੀਤ ਭੁੱਲਰ ਨੇ ਜਨਵਰੀ ਮਹੀਨੇ ਸਰਪੰਚ ਸੋਨੂੰ ਚੀਮਾ ਦਾ ਕਤਲ ਹੋਣ ਤੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਮੋਨੂੰ ਚੀਮਾ ਦਾ ਵੱਡਾ ਭਰਾ ਅਤੇ ਵਿਕਰਮ ਖੁੱਲਰ ਦਾ ਵਡੇਰਾ ਬਣ ਕੇ ਹਮੇਸ਼ਾ ਨਾਲ ਖੜਾ ਹਾਂ ਤੇ ਕਾਤਲ ਚਾਹੇ ਬਾਹਰਲੇ ਮੁਲਕਾਂ 'ਚ ਹਨ ਪਰ ਸਰਕਾਰ ਨੂੰ ਕਹਿ ਕੇ ਉਨ੍ਹਾਂ ਭਾਰਤ ਲਿਆਉਣ ਲਈ ਚਾਰਾਜੋਈ ਕਰਾਂਗਾ ਤਾਂ ਕਿ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਸਏ। ਇਸ ਮੌਕੇ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਵੀ ਲਾਲਜੀਤ ਸਿੰਘ ਭੁੱਲਰ ਨੂੰ ਆਪਣਾ ਇੱਕ :ਇੱਕ ਵੋਟ ਪਾਉਣ ਦੀ ਆਪੀਲ ਕੀਤੀ।ਇਸ ਤੋਂ ਪਹਿਲਾ ਪੰਡਾਲ 'ਚ ਨਾਮਵਰ ਗਾਇਕ ਸਰਬਜੀਤ ਬੁੱਗਾ ਤੇ ਆਰਜਨ ਲਾਡਲਾ ਵੱਲੋਂ ਆਪਣੇ ਗੀਤਾ ਨਾਲ ਜੁੜ ਬੈਠੇ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ।ਮੋਨੂੰ ਚੀਮਾ, ਵਿਕਰਮ ਖੁੱਲਰ ਵੱਲੋਂ ਆਪਣੇ ਸਰਪੰਚਾਂ, ਪੰਚਾਂ ਤੇ ਸਮਰਥਕਾਂ ਸਮੇਤ ਲਾਲਜੀਤ ਸਿੰਘ ਭੁੱਲਰ, ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦਾ ਫੁੱਲਾਂ ਦੇ ਹਾਰਾਂ, ਢੋਲ ਨਾਲ ਸਵਾਗਤ ਕੀਤਾ ਗਿਆ ਅਤੇ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪੀਏ ਕੋਮਲਪ੍ਰੀਤ ਸਿੰਘ, ਪ੍ਰਸ਼ੋਤਮ ਚੋਪੜਾ, ਭਲਵਾਨ ਹਰਜੀਤ ਜੀਤੀ ਗੰਡੀਵਿੰਡ, ਸਰਪੰਚ ਸਰਵਣ ਸਿੰਘ ਸੋਹਲ, ਸਰਪੰਚ ਤੇਜਿੰਦਰਪਾਲ ਸਿੰਘ ਕਾਲਾ ਰਸੂਲਪੁਰ, ਸਰਪੰਚ ਆਵਤਾਰ ਸਿੰਘ ਬੁਰਜ, ਸਰਪੰਚ ਕੁਲਜੀਤ ਸਿੰਘ ਚੀਮਾ, ਸਾਬਕਾ ਸਰਪੰਚ ਮਲਕੀਤ ਸਿੰਘ ਚੀਮਾ, ਸਰਪੰਚ ਗੁਰਲਾਲ ਸਿੰਘ ਮਾਹਣੇ, ਸਰਪੰਚ ਦਿਲਬਾਗ ਸਿੰਘ ਲਾਲੂ ਘੁੰਮਣ, ਸਰਪੰਚ ਵਰਿੰਦਰ ਸਿੰਘ ਹੀਰਾਪੁਰ, ਸਾਬਕਾ ਸਰਪੰਚ ਨਿਰਵੈਲ ਸਿੰਘ ਭੂਸੇ, ਸਰਪੰਚ ਹੈਪੀ ਲੱਠਾ, ਸਰਪੰਚ ਸ਼ੇਰਾ ਮੱਲ੍ਹੀਆਂ, ਮੈਬਰ ਮੁਖਤਾਰ ਸਿੰਘ, ਮਨਜੀਤ ਸਿੰਘ ਭੋਜੀਆਂ, ਬਿੱਟੂ, ਜਪਾਨਾ ਸਿੰਘ, ਹਰਭਜਨ ਸਿੰਘ, ਕਰਮ ਸਿੰਘ, ਬੁੱਧੂ, ਰਵੀ, ਗੁਰਬੀਰ ਸਿੰਘ ਢਾਲਾ, ਹਰਪਾਲ ਸਿੰਘ ਢਾਲਾ, ਭੁਪਿੰਦਰ ਸਿੰਘ ਘਈ, ਗੁਰਨਾਮ ਸਿੰਘ ਸੱਲੋ, ਸੋਨੀ ਸਾਂਘਣੀਆ, ਹੀਰਾ ਸਿੰਘ, ਸਾਗਰ ਸ਼ਰਮਾ, ਸੁਨੀਲ ਛੀਨਾ, ਰਾਜਾ ਖੱਤਰੀ, ਜੱਗਾ ਚੱਕ ਸਿਕੰਦਰ, ਅਮਨ, ਐਚ ਐਸ ਚੀਮਾ, ਗਿੰਦਰ ਸਰਪੰਚ, ਸਾਗਰ ਖੁੱਲਰ, ਗੋਲਡੀ, ਮਾਇਕਲ, ਅਮਨ , ਡਾ. ਨਿਰਵੈਲ ਸਿੰਘ ਨਿੱਝਰ, ਗੁਰਦੇਵ ਸਿੰਘ ਬੇਗੇਪੁਰ, ਗੁਰਪ੍ਰੀਤ ਸਿੰਘ ਪੱਧਰੀ, ਬਿੰਦਰ ਝਾਮਕੇ, ਹਰਜੀਤ ਸਿੰਘ ਕਲਸ, ਸ਼ਾਮ ਸਿੰਘ, ਜਗਤਾਰ ਸਿੰਘ ਕਲਸ, ਰਣਜੀਤ ਸਿੰਘ, ਕਾਲਾ, ਗੁਰਜੀਤ ਸਮੇਤ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

## ਅਜਨਾਲਾ ਵੱਲੋਂ ਕਾਂਗਰਸੀ ਉਮੀਦਵਾਰਾਂ ਦੇ ਹੱਕ 'ਚ ਵੋਟਾਂ ਪਾਉਣ ਦੀ ਅਪੀਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਵਿਧਾਨ ਸਭਾ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਤੇ ਕਾਂਗਰਸ ਪਾਰਟੀ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਨੇ ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ ਅਜਨਾਲਾ ਦੇ ਦਫ਼ਤਰ ਵਿਖੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਤੋਂ ਪੰਜਾਬ ਵਾਸੀਆਂ ਦਾ ਮੋਹ ਪੂਰੀ ਤਰ੍ਹਾਂ ਭੰਗ ਹੋ ਚੁੱਕਾ ਹੈ।ਉਨ੍ਹਾਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਅੰਦਰ ਹੋ ਰਹੀਆਂ 1 ਜੂਨ ਨੂੰ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਸਫਲ ਬਣਾਉਣ।ਹਰਪ੍ਰਤਾਪ ਸਿੰਘ ਅਜਨਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੋਂ ਲੋਕ ਦੁਖੀ ਹੋ ਕੇ ਕਾਂਗਰਸ ਪਾਰਟੀ ਵਿੱਚ ਧੜਾਧੜ ਸ਼ਾਮਿਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਕਾਂਗਰਸ ਹੀ ਇਕ ਅਜਿਹੀ ਪਾਰਟੀ ਹੈ ਜੋ ਸਭ ਧਰਮਾਂ ਦਾ ਮਾਣ ਸਤਿਕਾਰ ਕਰਦੀ ਤੇ ਹਰ ਨੂੰ ਨਾਲ ਲੈ ਕੇ ਚੱਲਦੀ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਕਾਂਗਰਸ ਪਾਰਟੀ ਸ਼ਹਿਰੀ ਅਜਨਾਲਾ ਦੇ ਪ੍ਰਧਾਨ ਡੈਮ ਦਵਿੰਦਰ ਸਿੰਘ ਅਜਨਾਲਾ, ਵਾਰਡ ਨੰਬਰ 7 ਤੋਂ ਸੀਨੀਅਰ ਕਾਂਗਰਸੀ ਆਗੂ ਐਡਵੋਕੇਟ ਬ੍ਰਿਜ ਮੋਹਨ ਔਲ, ਬਾਊ ਦਰਸ਼ਨ ਲਾਲ ਸ਼ਰਮਾ, ਤਰੁਣ ਕੁਮਾਰ ਹੈਪੀ ਸ਼ਾਹ, ਸੁਸ਼ੀਲ ਕੁਮਾਰ, ਕੁਲਦੀਪ ਕੁਮਾਰ, ਬਬਲੂ ਅਜਨਾਲਾ, ਅਮਿਤ ਕੁਮਾਰ ਆਦਿ ਹਾਜ਼ਰ ਸਨ।

## ਡੈਨੀਅਲ ਗਿੱਲ ਨੇ ਸਾਥੀਆਂ ਸਮੇਤ ਛੱਡੀ ਆਮ ਆਦਮੀ ਪਾਰਟੀ



**ਦੀਨਾਨਗਰ,(ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਦੇ ਪੈਂਦੇ ਪਿੰਡ ਅੱਬਲਖੈਰ ਦੇ ਸਰਪੰਚ ਡੈਨੀਅਲ ਗਿੱਲ ਆਪਣੇ ਅਨੇਕਾਂ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕਾਂਗਰਸ ਪਾਰਟੀ 'ਚ ਸ਼ਾਮਿਲ ਹੋ ਗਏ ।ਕਾਂਗਰਸ ਪਾਰਟੀ ਚ ਸ਼ਾਮਿਲ ਹੋਣ ਵਾਲਿਆਂ ਨੂੰ ਵਿਧਾਇਕਾ ਅਰੁਨਾ ਚੌਧਰੀ ਅਤੇ ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਚੌਧਰੀ ਵੱਲੋਂ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਸਰਪੰਚ ਨੇ ਕਿਹਾ ਕਿ ਮੈਂ ਪਹਿਲਾਂ ਵੀ ਕਾਂਗਰਸੀ ਸੀ ਪਰ ਆਪ ਦੀ ਸਰਕਾਰ ਆਉਂਦਿਆਂ ਹੀ ਆਪ ਆਗੂ ਵੱਲੋਂ ਮੈਨੂੰ ਧੱਕੇ ਨਾਲ ਆਪ ਪਾਰਟੀ 'ਚ ਸ਼ਾਮਿਲ ਕੀਤਾ ਗਿਆ ਸੀ।ਉਨ੍ਹਾਂ ਕਿਹਾ ਕਿ ਮੈਂ ਪਹਿਲਾਂ ਵੀ ਕਾਂਗਰਸੀ ਸੀ ਤੇ ਅੱਜ ਵੀ ਹਾਂ।ਉਨ੍ਹਾਂ ਕਿਹਾ ਕਿ ਅੱਜ ਮੈ ਆਪਣੇ ਅਨੇਕਾਂ ਸਾਥੀਆਂ ਸਮੇਤ ਕਾਂਗਰਸ ਪਾਰਟੀ 'ਚ ਵਾਪਸੀ ਕੀਤੀ ਹੈ ਅਤੇ ਤਨਦੇਹੀ ਨਾਲ ਸੁਖਜਿੰਦਰ ਸਿੰਘ ਰੰਧਾਵਾ ਨੂੰ ਜਿਤਾਉਣ ਲਈ ਰਾਤ-ਦਿਨ ਇੱਕ ਕੀਤਾ ਜਾਵੇਗਾ।ਇਸ ਮੌਕੇ ਚੇਅਰਮੈਨ ਹਰਵਿੰਦਰ ਸਿੰਘ ਭੱਟੀ, ਪੰਚ ਰਫੀਕ ਮਸੀਹ, ਅਸ਼ੋਕ ਮਸੀਹ, ਅਮਰੀਕ ਮਸੀਹ, ਮੇਜਰ ਮੰਗਾ ਮਸੀਹ, ਵਿਜੇ ਗਿੱਲ, ਗੁਰਮੀਤ ਸਿੰਘ, ਡਾ, ਸੁਰੇਸ਼ ਕੁਮਾਰ, ਪੇਂਟਰ ਸੂਰਜ ਕੁਮਾਰ, ਅਵਤਾਰ ਸਿੰਘ, ਪ੍ਰਭ ਧਾਰੋਚੱਕ, ਸਰਪੰਚ ਗੁਰਮੁਖ ਸਿੰਘ, ਮਨਜੀਤ ਸਿੰਘ ਖਰਲ, ਬਲਦੇਵ ਸਿੰਘ, ਦਲਬੀਰ ਮਸੀਹ, ਅੰਬੀਰ ਮਸੀਹ, ਹੀਰਾ ਗਿੱਲ, ਤਰਲੋਕ ਸਿੰਘ, ਰਮਨ ਪਾਲ, ਵਿਕਟਰ ਗਿੱਲ, ਜਸਬੀਰ ਮਸੀਹ, ਅਸ਼ੋਕ, ਹਰਜੀਤ ਮਸੀਹ, ਨਿਸ਼ਾਨ ਸਿੰਘ ਲੰਬੜਦਾਰ , ਭਜਨ ਸਿੰਘ ਅਤੇ ਬਿੱਕਾ ਗਿੱਲ ਆਦਿ ਹਾਜ਼ਰ ਸਨ।

## ਗੁ. ਸ੍ਰੀ ਅਰੰਮਗੜ੍ਹ ਸਾਹਿਬ ਵਿਖੇ ਲੋੜਵੰਦ ਜੋੜਿਆਂ ਦੇ ਆਨੰਦ ਕਾਰਜ ਭਲਕੇ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਅਤੇ ਬ੍ਰਹਮ ਗਿਆਨੀ ਸੰਤ ਬਾਬਾ ਆਲਾ ਸਿੰਘ ਦੀ ਯਾਦ ਨੂੰ ਸਮਰਪਿਤ ਸਮੂਹਿਕ ਅਨੰਦ ਕਾਰਜ ਸਮਾਗਮ ਗੁਰਦੁਆਰਾ ਅਰੰਮਗੜ੍ਹ ਸਾਹਿਬ, ਤਰਸਿੱਕਾ ਵਿਖੇ ਹਰ ਸਾਲ ਦੀ ਤਰ੍ਹਾਂ ਐਤਕੀਂ ਵੀ 24 ਮਈ ਦਿਨ ਸ਼ੁੱਕਰਵਾਰ ਨੂੰ ਸਮੂਹਿਕ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਅਨੰਦ ਕਾਰਜ ਕੀਤੇ ਜਾਣਗੇ ਅਤੇ ਲੋੜ ਅਨੁਸਾਰ ਘਰੇਲੂ ਸਾਮਾਨ ਵੀ ਦਿੱਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੀ ਮੁਖੀ ਬਾਬਾ ਅਜੈਬ ਸਿੰਘ ਨੇ ਦੱਸਿਆ ਕਿ 22 ਮਈ ਤੋਂ ਬੁੱਧ ਅਖੰਡ ਪਾਠ ਸਾਹਿਬ ਆਰੰਭ ਹੋ ਗਏ ਹਨ ਅਤੇ 24 ਮਈ (11 ਜੇਠ) ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਭੋਗ ਪਾਏ ਜਾਣਗੇ ਅਤੇ ਉਪਰੰਤ ਸਮੂਹਿਕ ਅਨੰਦ ਕਾਰਜ ਕੀਤੇ ਜਾਣਗੇ।

## ਸੇਮ ਨਹਿਰ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਾਰਨ ਜੰਗਲੀ ਘਾਹ ਬੂਟੀ ਨੇ ਜਮਾਇਆ ਕਬਜ਼ਾ



**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਪਿੰਡ ਚਾਵਾ ਤੇ ਪੁਰਾਣਾ ਸ਼ਾਲਾ ਵਿਚਕਾਰ ਵਗਦੀ ਸੇਮ ਨਹਿਰ ਦੀ ਸਫਾਈ ਤੇ ਡੂੰਘਾਈ ਨਾ ਹੋਣ ਕਾਰਨ ਇਸ ਵਿੱਚ ਵੱਡੀ ਮਾਤਰਾ ਵਿੱਚ ਜੰਗਲੀ ਘਾਹ ਬੂਟੀ ਉੱਗੀ ਪਈ ਹੈ ਜਿਸ ਨਾਲ ਵਰਖਾ ਦੇ ਦਿਨਾਂ ਵਿੱਚ ਪਾਣੀ ਦਾ ਵਹਾਅ ਠੀਕ ਨਾ ਹੋਣ ਕਾਰਨ ਨਹਿਰ ਕੰਡੇ ਕਿਸਾਨਾਂ ਦੇ ਖੇਤਾਂ ਵਿੱਚ ਪਾਣੀ ਚਲਾ ਜਾਂਦਾ ਹੈ। ਇਸ ਤਰ੍ਹਾਂ ਫਸਲਾਂ ਦਾ ਨੁਕਸਾਨ ਹੁੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀ ਤਰਸੇਮ ਅਤੇ ਨਰਿੰਦਰ ਕੁਮਾਰ ਨੇ ਦੱਸਿਆ ਕਿ ਇਹ ਸੇਮ ਨਹਿਰ ਗੁਰਦੁਆਰਾ ਸ਼ਹੀਦ ਬੀਬੀ ਸੁੰਦਰੀ ਵੱਲੋਂ ਆਉਂਦੀ ਹੈ ਅਤੇ ਗੁਰਦੁਆਰਾ ਸਾਹਿਬ ਸ੍ਰੀ ਘੱਲੂਘਾਰਾ ਵੱਲ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਤਿਹਾਸਿਕ ਪੱਖੋਂ ਇਸ ਨਹਿਰ ਦਾ ਬੜਾ ਮਹੱਤਵ ਹੈ ਕਿਉਂਕਿ ਇਸ ਨਹਿਰ ਕੰਢੇ ਦੋ ਇਤਿਹਾਸਕ ਗੁਰਦੁਆਰੇ ਹੋਣ ਕਾਰਨ ਇੱਥੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਜਾਂਦੇ ਹਨ ਜਿਸ ਨਾਲ ਇਸ ਨਹਿਰ ਕੰਡੇ ਵਹੀਕਲਾਂ ਦੀ ਕਾਫੀ ਆਵਾਜਾਈ ਲੱਗੀ ਰਹਿੰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸੇਮ ਨਹਿਰ 'ਤੇ ਬਣੀ ਪੁਲ 'ਤੇ ਰੇਲਿੰਗ ਵੀ ਹੁਣ ਕਈ ਜਗ੍ਹਾ ਤੋਂ ਟੁੱਟ ਗਈ ਹੈ ਜਿਸ ਦੀ ਜਲਦੀ ਹੀ ਮੁਰੰਮਤ ਕਰਵਾਉਣ ਦੀ ਲੋੜ ਹੈ ਤਾਂ ਜੋ ਕਿਸੇ ਵੇਲੇ ਕੋਈ ਅਣਸਖਾਵੀਂ ਘਟਨਾ ਨਾ ਵਾਪਰ ਸਕੇ।

## ਫਲਿੱਪਕਾਰਟ ਗ੍ਰੌਸਰੀ ਵੱਲੋਂ 1.6 ਗੁਣਾ ਸਾਲਾਨਾ ਵਾਧਾ ਦਰਜ

**ਲੁਧਿਆਣਾ**:ਭਾਰਤ ਦੇ ਘਰੇਲੂ ਈ-ਕਾਮਰਸ ਮਾਰਕੀਟਪਲੇਸ ਫਲਿੱਪਕਾਰਟ ਨੇ ਸਾਲ-ਦਰ-ਸਾਲ ਦੇ ਆਧਾਰ 'ਤੇ ਆਪਣੇ ਕਰਿਆਨੇ ਦੇ ਕਾਰੋਬਾਰ ਵਿੱਚ 1.6 ਗੁਣਾ ਵਾਧਾ ਦਰਜ ਕੀਤਾ ਹੈ। ਇਹ ਮਹੱਤਵਪੂਰਨ ਵਾਧਾ ਦੇਸ਼ ਭਰ ਦੇ ਗਾਹਕਾਂ ਨੂੰ ਕਿਫਾਇਤੀ ਕੀਮਤਾਂ 'ਤੇ ਪੂਰੀ ਸਹੂਲਤ ਦੇ ਨਾਲ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ ਦੇ ਵਿਆਪਕ ਵਿਕਲਪਾਂ ਦੇ ਨਾਲ ਵਧੀਆ ਔਨਲਾਈਨ ਖਰੀਦਦਾਰੀ ਅਨੁਭਵ ਪ੍ਰਦਾਨ ਕਰਨ ਲਈ ਫਲਿੱਪਕਾਰਟ ਦੀ ਪ੍ਰਤੀਬੱਧਤਾ ਦਾ ਪ੍ਰਮਾਣ ਹੈ।ਗਾਹਕਾਂ ਦੀ ਸਹੂਲਤ 'ਤੇ ਪੂਰਾ ਧਿਆਨ ਕੇਂਦਰਿਤ ਕਰਨ ਵਾਲਾ ਸੰਗਠਨ ਹੋਣ ਦੇ ਨਾਤੇ, ਫਲਿੱਪਕਾਰਟ ਗ੍ਰੌਸਰੀ ਇਹ ਯਕੀਨੀ ਬਣਾਉਂਦਾ ਹੈ ਕਿ ਲੋਕਾਂ ਨੂੰ ਤਾਜ਼ੀਆਂ ਚੀਜ਼ਾਂ ਕਿਫਾਇਤੀ ਕੀਮਤਾਂ 'ਤੇ ਮਿਲਣ।ਹਰੀ ਕੁਮਾਰ ਵਾਈਸ ਪ੍ਰੈਜ਼ੀਡੈਂਟ, ਹੈੱਡ ਆਫ਼ ਗ੍ਰੌਸਰੀ, ਫਲਿੱਪਕਾਰਟ ਨੇ ਕਿਹਾ ਕਿ ਗ੍ਰੌਸਰੀ ਦੀ ਕੈਟਾਗਰੀ ਵਿੱਚ ਫਲਿੱਪਕਾਰਟ ਦਾ ਵਾਧਾ ਇਨੋਵੇਸ਼ਨ ਨੂੰ ਉਤਸ਼ਾਹਿਤ ਕਰਨ ਅਤੇ ਉਭਰਦੀਆਂ ਹੋਈਆਂ ਕੈਟਾਗਰੀਆਂ ਨੂੰ ਗਾਹਕ ਕੇਂਦਰਿਤ ਬਣਾਉਣ ਦੇ ਨਾਲ-ਨਾਲ ਗਾਹਕਾਂ ਨੂੰ ਰੋਜ਼ਾਨਾ ਦੀਆਂ ਕਰਿਆਨੇ ਦੀਆਂ ਲੋੜਾਂ ਨੂੰ ਕਿਫਾਇਤੀ ਕੀਮਤਾਂ ਉਤੇ ਪ੍ਰਦਾਨ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਗਰਮੀ ਤੋਂ ਬਚਾਅ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਇਆ



**ਚੋਹਲਾ ਸਾਹਿਬ (ਰਮਨ ਚੱਢਾ)**-ਸਿਵਲ ਸਰਜਨ ਡਾਕਟਰ ਸੰਜੀਵ ਕੋਹਲੀ ਤਰਨ ਤਾਰਨ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰਪਾਲ ਕੌਰ, ਜ਼ਿਲ੍ਹਾ ਐਪੀਡਮੋਲੋਜਿਸਟ ਡਾ. ਸਿਮਰਨ ਕੌਰ ਅਤੇ ਡਾ. ਅਮਨਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾ. ਕਰਨਵੀਰ ਸਿੰਘ ਸੀਨੀਅਰ ਮੈਡੀਕਲ ਅਫਸਰ ਕੰਮਿਊਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਵਿਖੇ ਗਰਮੀ ਤੋਂ ਬਚਾਅ ਲਈ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਡਾ. ਕਰਨਵੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗਰਮੀਂ ਦਾ ਤਾਪਮਾਨ ਦਿਨੋਂ ਦਿਨ ਵੱਧ ਰਿਹਾ ਹੈ ਜਿਸ ਤੋਂ ਸਾਨੂੰ ਬਚਾਅ ਕਰਨਾ ਚਾਹੀਦਾ ਹੈ। ਲਾਲ ਅਤੇ ਸੁੱਕੀ ਚਮੜੀ, ਸਰੀਰ ਦਾ ਤਾਪਮਾਨ 40 ਸੈਲਸੀਅਸ ਜਾਂ 104 ਫਾਰਨਹੀਟ ਜਾਂ ਉਲਟੀ, ਬਹੁਤ ਤੇਜ਼ ਸਿਰਦਰਦ, ਸਾਹ ਫੁੱਲਣਾਂ ਜਾਂ ਦਿਲ ਦੀ ਧੜਕਣ ਤੇਜ਼ ਹੋਣਾ, ਮਾਸਪੇਸ਼ੀਆਂ ਵਿੱਚ ਕਮਜ਼ੋਰੀ, ਚੱਕਰ ਆਉਣਾ, ਹਲਕਾ ਸਿਰ ਦਰਦ ਹੋਣਾ ਆਦਿ ਦੀ ਪਹਿਚਾਣ ਕਰਦੇ ਹੋਏ ਇਸਦੇ ਇਲਾਜ ਲਈ ਤੁਰੰਤ ਪਾਣੀ ਪੀਓ, ਛਾਂਦਾਰ ਜਾਂ ਠੰਡੀ ਜਗ੍ਹਾ ਤੇ ਆਰਾਮ ਕਰੋ ਅਤੇ ਜੇਕਰ ਹੋ ਸਕੇ ਤਾਂ ਠੰਡੇ ਪਾਣੀ ਨਾਲ ਨਹਾਓ। ਬਿਮਾਰੀ ਦੇ ਲੱਛਣ ਹੋਣ 'ਤੇ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾਓ। ਲੰਮਾ ਸਫਰ ਨਹੀਂ ਕਰਨਾ ਚਾਹੀਦਾ, ਖਾਸ ਕਰਕੇ ਦੁਪਿਹਰ ਦੇ ਸਮੇਂ ਘਰੋਂ ਬਾਹਰ ਨਾ ਨਿਕਲੋ। ਠੰਡੀਆਂ ਚੀਜ਼ਾਂ ਦਾ ਸੇਵਨ ਜ਼ਿਆਦਾ ਕਰਨਾ ਚਾਹੀਦਾ। ਪਾਣੀ ਵੱਧ ਤੋਂ ਵੱਧ ਪੀਣਾ ਚਾਹੀਦਾ।

## ਵੋਟਰਾਂ ਨੂੰ ਵੋਟ ਪਾਉਣ ਵਾਸਤੇ ਸੱਦਾ ਪੱਤਰ ਭੇਜੇਗਾ ਜ਼ਿਲ੍ਹਾ ਪ੍ਰਸ਼ਾਸਨ




**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**-ਚੋਣਾਂ ਦੇ ਤਿਉਹਾਰ ਨੂੰ ਸਹੀ ਅਰਥਾਂ ਵਿਚ ਮਨਾਉਣ ਦੇ ਮਨੋਰਥ ਨਾਲ ਜ਼ਿਲ੍ਹਾ ਪ੍ਰਸ਼ਾਸਨ ਨੇ ਵੋਟਰਾਂ ਨੂੰ ਵੋਟ ਪਾਉਣ ਵਾਸਤੇ ਸੱਦਾ ਪੱਤਰ ਭੇਜਣ ਦਾ ਪ੍ਰੋਗਰਾਮ ਬਣਾਇਆ ਹੈ ਅਤੇ ਇਸ ਕੰਮ ਲਈ ਪੰਜਾਬੀ ਅਤੇ ਅੰਗਰੇਜ਼ੀ ਦੋ ਭਾਸ਼ਾਵਾਂ ਵਿਚ ਸੱਦਾ ਪੱਤਰ ਤਿਆਰ ਕੀਤੇ ਜਾ ਰਹੇ ਹਨ। ਜ਼ਿਲ੍ਹਾ ਚੋਣ ਅਧਿਕਾਰੀ ਘਨਸ਼ਾਮ ਥੋਰੀ ਨੇ ਇਹ ਜਾਣਕਾਰੀ ਦਿੰਦੇ ਦੱਸਿਆ ਕਿ ਅਸੀਂ ਲੋਕਤੰਤਰ ਦੇ ਇਸ ਤਿਉਹਾਰ ਵਿਚ ਵੱਧ ਤੋਂ ਵੱਧ ਵੋਟਰਾਂ ਦੀ ਸ਼ਮੂਲੀਅਤ ਯਕੀਨੀ ਬਣਾਉਣੀ ਚਾਹੁੰਦੇ ਹਾਂ। ਇਸ ਲਈ ਵਿਆਹ ਅਤੇ ਹੋਰ ਸਮਾਗਮਾਂ ਵਾਂਗ ਜਿਸ ਤਰ੍ਹਾਂ ਮਹਿਮਾਨਾਂ ਨੂੰ ਸੱਦਾ ਪੱਤਰ ਭੇਜੇ ਜਾਂਦੇ ਹਨ, ਉਸੇ ਤਰਜ਼ ਉਤੇ ਵੋਟਾਂ ਪਾਉਣ ਲਈ ਵੀ ਸੱਦਾ ਪੱਤਰ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਫੁੱਲਕਾਰੀ ਦੇ ਡਿਜ਼ਾਇਨ ਵਿਚ ਛਾਪੇ ਜਾ ਰਹੇ ਇਨ੍ਹਾਂ ਸੱਦਾ ਪੱਤਰਾਂ ਨੂੰ ਪਹਿਲੀ ਵਾਰ ਵੋਟ ਪਾ ਰਹੇ ਨੌਜਵਾਨਾਂ ਜਿੰਨੀ ਦੀ ਗਿਣਤੀ 51032 ਹੈ, ਨੂੰ ਭੇਜੇ ਜਾਣਗੇ। ਇਸ ਤੋਂ ਇਲਾਵਾ ਸਾਡੇ ਬਜ਼ੁਰਗ ਵੋਟਰ ਜਿਨ੍ਹਾਂ ਦੀ ਉਮਰ 80 ਤੋਂ ਵੱਧ ਹੈ, ਨੂੰ ਭੇਜੇ ਜਾਣਗੇ। ਇਨ੍ਹਾਂ ਦੀ ਕੁੱਲ ਗਿਣਤੀ 42018 ਹੈ, ਨੂੰ ਭੇਜੇ ਜਾਣਗੇ। ਇਨ੍ਹਾਂ ਵਿਚ 100 ਸਾਲ ਤੋਂ ਵੱਧ ਉਮਰ ਵਾਲੇ ਹੀ 505 ਵੋਟਰ ਹਨ। ਇਸ ਤੋਂ ਇਲਾਵਾ 74 ਟਰਾਂਸਜੈਂਡਰ ਵੋਟਰਾਂ ਨੂੰ ਇਹ ਸੱਦਾ ਪੱਤਰ ਭੇਜੇ ਜਾਣਗੇ। ਇਸ ਮੌਕੇ ਚੋਣ ਤਹਿਸੀਲਦਾਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਇਹ ਸੱਦਾ ਛਪਣ ਲਈ ਜਾ ਚੁੱਕੇ ਹਨ ਅਤੇ ਇਨ੍ਹਾਂ ਨੂੰ ਵੰਡਣ ਲਈ ਬੀਐੱਲਓਜ਼ ਦੀ ਡਿਊਟੀ ਲਗਾ ਦਿੱਤੀ ਗਈ ਹੈ, ਜੋ ਕਿ ਸੱਦਾ ਪੱਤਰ ਮਿਲਣ ਉਪਰੰਤ ਇਨ੍ਹਾਂ ਵੋਟਰਾਂ ਦੇ ਘਰ-ਘਰ ਜਾ ਕੇ ਇਹ ਸੱਦਾ ਪੱਤਰ ਦੇਣਗੇ। ਉਨ੍ਹਾਂ ਦੱਸਿਆ ਕਿ ਸਾਡੇ ਜ਼ਿਲ੍ਹੇ ਵਿਚ ਇਸ ਵਾਰ 1995719 ਕੁੱਲ ਵੋਟਰ ਆਪਣੇ ਮੱਤਦਾਨ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿਚ 1047086 ਮਰਦ ਅਤੇ 948559 ਔਰਤਾਂ ਸ਼ਾਮਿਲ ਹਨ। ਇੰਦਰਜੀਤ ਸਿੰਘ ਨੇ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 1 ਜੂਨ ਨੂੰ ਵੱਧ-ਚੜ੍ਹ ਕੇ ਲੋਕਤੰਤਰ ਦੇ ਇਸ ਤਿਉਹਾਰ ਵਿਚ ਸ਼ਾਮਿਲ ਹੁੰਦੇ ਹੋਏ ਆਪਣਾ ਕੀਮਤੀ ਵੋਟ ਪਾਉਣ।

## ਲੜਕੀ ਉਧਾਲਣ ਵਾਲੇ ਖ਼ਿਲਾਫ਼ ਪੁਲਸ ਵੱਲੋਂ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਦਰ ਗੁਰਦਾਸਪੁਰ ਪੁਲਿਸ ਨੇ ਲੜਕੀ ਨੂੰ ਉਧਾਲਣ ਵਾਲੇ ਨੌਜਵਾਨ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਲਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਬੱਬਰੀ ਨੇ ਦੱਸਿਆ ਕਿ ਮੇਰੀ ਭਤੀਜੀ ਦੀ ਜਨਮ ਮਿਤੀ 05.09.2007 ਹੈ ਜੋ ਸੁਖਜਿੰਦਰਾ ਸਕੂਲ ਬੱਬਰੀ ਵਿਖੇ ਬਾਰ੍ਹਵੀਂ ਵਿੱਚ ਪੜ੍ਹਦੀ ਹੈ ਜੋ 15 ਮਈ ਨੂੰ ਘਰ ਤੋਂ ਬੱਬਰੀ ਵਿਖੇ ਸਕੂਲ ਦੀਆਂ ਕਾਪੀਆਂ ਲੈਣ ਵਾਸਤੇ ਗਈ ਸੀ ਪਰ ਘਰ ਵਾਪਿਸ ਨਹੀਂ ਆਈ। ਸਾਡੇ ਵੱਲੋਂ ਕਾਫੀ ਭਾਲ ਕੀਤੀ ਗਈ, ਪਰ ਉਹ ਕਿਧਰੇ ਵੀ ਨਹੀਂ ਮਿਲੀ।

ਉਨ੍ਹਾਂ ਕਿਹਾ ਕਿ ਸਾਨੂੰ ਯਕੀਨ ਹੈ ਕਿ ਉਸ ਦੀ ਭਤੀਜੀ ਰਸ਼ਪਾਲ ਸਿੰਘ ਰਾਜਾ ਪੁੱਤਰ ਗੁਰਨਾਮ ਸਿੰਘ ਵਾਸੀ ਆਦੋਵਾਲੀ ਥਾਣਾ ਰੰਘੜ ਨੰਗਲ ਬਟਾਲਾ ਜ਼ਬਰਦਸਤੀ ਵਿਆਹ ਕਰਵਾਉਣ ਦੀ ਨੀਅਤ ਨਾਲ ਵਰਗਲਾ, ਫੁਸਲਾ ਕੇ ਭਜਾ ਕੇ ਲੈ ਗਿਆ ਹੈ। ਪੁਲਸ ਨੇ ਉਕਤ ਦੋਸ਼ੀ ਖ਼ਿਲਾਫ਼ ਜ਼ੇਰੇ ਧਾਰਾ 363 ਅਤੇ 366 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਮੋਦੀ ਸਰਕਾਰ ਵਿਰੁੱਧ ਡਟ ਕੇ ਆਵਾਜ਼ ਉਠਾਉਣ ਵਾਲੇ ਔਜਲਾ ਹੀ ਵੋਟ ਦੇ ਸਹੀ ਹੱਕਦਾਰ : ਪੰਮਾ ਪ੍ਰਧਾਨ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸ ਪਾਰਟੀ ਦੇ ਤੀਸਰੀ ਵਾਰ ਚੋਣ ਲੜ ਰਹੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਦੇ ਹੱਕ ਵਿੱਚ ਹਲਕਾ ਮਜੀਠਾ ਦੇ ਪਿੰਡ ਰਾਮਦਿਵਾਲੀ ਹਿੰਦੂਆਂ ਕਾਂਗਰਸੀ ਵਰਕਰਾਂ ਵੱਲੋਂ ਕੀਤੀ ਗਈ ਇੱਕ ਵਿਸ਼ਾਲ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਐਮਪੀ ਗੁਰਜੀਤ ਸਿੰਘ ਔਜਲਾ ਨੇ ਕਿਹਾ ਮੈਂ ਹਲਕੇ ਦੇ ਲੋਕਾਂ ਵੱਲੋਂ ਮਿਲ ਰਹੇ ਪਿਆਰ ਸਦਕਾ ਨਿਸ਼ਚਿੰਤ ਹਾਂ ਅਤੇ ਮੈਂ ਜਿੱਤ ਕੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਾਂਗਾ।

ਉਨ੍ਹਾਂ ਨੂੰ ਕਦੀ ਉਮੀਦਾਂ ਪ੍ਰਤੀ ਨਿਰਾਸ਼ ਨਹੀਂ ਹੋਣ ਦੇਵਾਂਗਾ। ਹਲਕੇ ਦੇ ਵਿਕਾਸ ਨੂੰ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਜਾਏਗਾ। ਇਸ ਚੋਣ ਸਭਾ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਿੰਘ ਪੰਮਾ ਪ੍ਰਧਾਨ ਮਜੀਠਾ ਵੱਲੋਂ ਇਹ ਦੱਸਿਆ ਗਿਆ ਕਿ ਗੁਰਜੀਤ ਸਿੰਘ ਔਜਲਾ ਕੇਂਦਰ ਦੀ ਤਾਨਾਸ਼ਾਹ ਮੋਦੀ ਸਰਕਾਰ ਦੇ ਕਾਲੇ ਤਿੰਨੇ ਕਾਲੇ ਕਾਨੂੰਨਾਂ ਦੇ ਖਿਲਾਫ ਕਿਸਾਨ ਮਜ਼ਦੂਰ ਵਪਾਰੀ ਦੁਕਾਨਦਾਰਾਂ ਦੇ ਹੱਕ ਵਿੱਚ ਦਿੱਲੀ ਦੇ ਜੰਤਰ ਮੰਤਰ ਤੇ ਧਰਨਾ ਦੇਣ ਤੇ ਨਾਲ-ਨਾਲ ਲੋਕ ਸਭਾ ਦੇ ਅੰਦਰ ਵੀ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਉਂਦੇ ਰਹੇ। ਇਨ੍ਹਾਂ ਨੇ ਆਪਣੇ ਪੰਜਾਬ ਹਤੈਸ਼ੀ ਹੋਣ ਦਾ ਸਬੂਤ ਦਿੱਤਾ। ਇਸ ਲਈ ਐਮਪੀ ਔਜਲਾ ਹੀ ਅਸਲੀ ਵੋਟ ਦੇ ਹੱਕਦਾਰ ਹਨ, ਦੂਸਰੀਆਂ ਪਾਰਟੀਆਂ ਦੇ ਉਮੀਦਵਾਰ ਕਦੀ ਵੀ ਔਜਲਾ ਵਾਂਗ ਆਵਾਜ਼ ਲੋਕ ਸਭਾ ਵਿੱਚ ਨਹੀਂ ਉਠਾ ਸਕਦੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਕਾਂਗਰਸੀ ਆਗੂ ਭਗਵੰਤਪਾਲ ਸਿੰਘ ਸੱਚਰ, ਜਗਦੀਪ ਸਿੰਘ ਗੋਗਾ ਮਜੀਠਾ, ਮਿਲਖਾ ਸਿੰਘ, ਸਰਪੰਚ ਕਾਲਾ ਸਿੰਘ, ਮੇਵਾ ਸਿੰਘ, ਸਾਬਕਾ ਫੌਜੀ ਸਤਨਾਮ ਸਿੰਘ ਬਿੱਟੂ, ਪ੍ਰੀਤਇੰਦਰ ਸਿੰਘ ਢਿੱਲੋਂ, ਬਲਾਕ ਪ੍ਰਧਾਨ ਨਵਤੇਜਪਾਲ ਸਿੰਘ ਸੋਹੀਆ, ਪ੍ਰਧਾਨ ਨਵਦੀਪ ਸਿੰਘ ਸੋਨਾ, ਸਰਪੰਚ ਜਰਮਨਜੀਤ ਸਿੰਘ ਤਲਵੰਡੀ, ਸਰਪੰਚ ਜੋਬਨਜੀਤ ਸਿੰਘ ਦੁਧਾਲਾ ਸਮੇਤ ਹੋਰ ਵੀ ਸੀਨੀਅਰ ਕਾਂਗਰਸੀ ਆਗੂ ਹਾਜ਼ਰ ਸਨ।

## ਗੁੰਡਾਗਰਦੀ ਦਾ ਨੰਗਾ ਨਾਚ; ਗੋਲੀਆਂ ਚੱਲਣ ਨਾਲ ਤਿੰਨ ਨੌਜਵਾਨ ਜ਼ਖ਼ਮੀ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਪਿੰਡ ਝਬਾਲ ਵਿਖੇ ਕੁਝ ਨੌਜਵਾਨਾਂ ਵੱਲੋਂ ਦਿਨ-ਦਿਹਾੜੇ ਗੋਲੀਆਂ ਚਲਾ ਕੇ ਤਿੰਨ ਨੌਜਵਾਨਾਂ ਨੂੰ ਜ਼ਖ਼ਮੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਮੌਕੇ ਸਰਕਾਰੀ ਹਸਪਤਾਲ ਝਬਾਲ ਵਿਖੇ ਦਾਖਲ ਹੋਏ ਲਵਜੀਤ ਸਿੰਘ ਪੁੱਤਰ ਸੁੱਚਾ ਸਿੰਘ ਨੇ ਦੱਸਿਆ ਕਿ ਅਜੈ ਮੋਟਾ ਪੱਧਰੀ ਪੁੱਤਰ ਜਿੰਦੂ ਵਾਸੀ ਝਬਾਲ ਉਨ੍ਹਾਂ ਨੂੰ ਫੋਨ 'ਤੇ ਧਮਕੀਆਂ ਦੇ ਰਿਹਾ ਸੀ ਤੇ ਹਸਪਤਾਲ ਨੇੜੇ ਛੱਪੜ ਲਾਗੇ ਬੁਲਾ ਰਿਹਾ ਸੀ।ਜਦ ਉਹ ਆਪਣੇ ਸਾਥੀ ਗੁਰਪਾਲ ਸਿੰਘ ਪੁੱਤਰ ਮੰਗਲ ਸਿੰਘ ਅਤੇ ਵਿਸ਼ਾਲ ਪੁੱਤਰ ਦਿਲਬਾਗ ਸਿੰਘ ਵਾਸੀ ਝਬਾਲ ਨਾਲ ਉਕਤ ਸਥਾਨ 'ਤੇ ਪੁੱਜੇ ਤਾਂ ਅਜੇ ਮੋਟਾ, ਬਾਬਾ ਹੀਰਾ ਸਿੰਘ ਵਾਸੀ ਸੁਰਸਿੰਘ, ਜੋਬਨਜੀਤ ਰੌਣਕ ਪੁੱਤਰ ਰਾਣਾ ਸਿੰਘ ਵਾਸੀ ਝਬਾਲ ਸਮੇਤ 10-15 ਨੌਜਵਾਨ ਮੋਟਰਸਾਈਕਲਾਂ 'ਤੇ ਸਵਾਰ ਖੜ੍ਹੇ ਸਨ ।ਉਕਤ ਤਿੰਨਾਂ ਦੇ ਹੱਥ ਪਿਸਟਲ ਸਨ ਜਿਨ੍ਹਾਂ ਨੇ ਸਾਨੂੰ ਵੇਖਦਿਆਂ ਹੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਨਾਲ ਗੁਰਪਾਲ ਸਿੰਘ ਪੁੱਤਰ ਮੰਗਾ ਸਿੰਘ ਦੀ ਸੱਜੀ ਲੱਤ 'ਤੇ ਅਤੇ ਲਵਜੀਤ ਸਿੰਘ ਪੁੱਤਰ ਸੁੱਚਾ ਸਿੰਘ ਦੇ ਖੱਬੇ ਪੱਟ ਗੋਡੇ ਦੇ ਉਪਰ ਅਤੇ ਵਿਸ਼ਾਲ ਸਿੰਘ ਪੁੱਤਰ ਦਿਲਬਾਗ ਸਿੰਘ ਦੀ ਉਂਗਲ 'ਤੇ ਗੋਲੀਆਂ ਲੱਗਣ ਨਾਲ ਉਨ੍ਹਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਆਂਦਾ ਗਿਆ।ਇਸ ਸਬੰਧੀ ਐੱਸਐੱਚਓ ਝਬਾਲ ਸ਼ਮੀਰ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਕਿ ਜ਼ਖਮੀ ਨੌਜਵਾਨਾਂ ਦੇ ਬਿਆਨ ਲੈ ਕੇ ਦੋਸ਼ੀਆਂ 'ਤੇ ਕੇਸ ਦਰਜ ਕੀਤਾ ਜਾ ਰਿਹਾ ਹੈ।

## ਸੋਸ਼ਲ ਮੀਡੀਆ ਕਾਰਨ ਕਿਸਾਨਾਂ 'ਚ ਝੋਨੇ ਦੀ ਸਿੱਧੀ ਬਿਜਾਈ ਲਈ ਉਤਸ਼ਾਹ ਵਧਿਆ : ਡਾ. ਰਿਆੜ



**ਟਾਂਗਰਾ (ਲਾਡੀ ਮੱਲ੍ਹੀ)**-ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਝੋਨੇ ਦੀ ਸਿੱਧੀ ਬਿਜਾਈ ਲਈ ਕਿਸਾਨਾਂ ਵਿਚ ਭਾਰੀ ਉਤਸ਼ਾਹ ਹੈ।ਬਲਾਕ ਤਰਸਿੱਕਾ ਦੇ ਖੇਤੀਬਾੜੀ ਅਫਸਰ ਡਾ. ਗੁਰਮੀਤ ਸਿੰਘ ਰਿਆੜ ਨੇ ਦੱਸਿਆ ਕਿ ਇਸ ਵਾਰ ਹੁਣ ਤੱਕ ਪਿੰਡੋ ਪਿੰਡ ਸਿੱਧੀ ਬਿਜਾਈ ਚੱਲ ਰਹੀ ਹੈ ਅਤੇ ਵਿਭਾਗ ਦੇ ਅਧਿਕਾਰੀ ਵੀ ਪੂਰੀ ਮੁਸਤੈਦੀ ਨਾਲ ਇਸ ਸਭ 'ਤੇ ਨਿਗ੍ਹਾ ਰੱਖ ਰਹੇ ਹਨ ਅਤੇ ਕਿਸਾਨਾਂ ਨੂੰ ਸਿੱਧੀ ਬਿਜਾਈ ਲਈ ਹਰ ਰੋਜ਼ ਲੋੜੀਂਦੀ ਜਾਣਕਾਰੀ ਉਨ੍ਹਾਂ ਤੱਕ ਪਹੁੰਚ ਰਹੀ ਹੈ।ਉਨ੍ਹਾਂ ਵੱਲੋਂ ਪਿੰਡ ਟਾਂਗਰਾ, ਕੋਟਲਾ, ਮਾਲੋਵਾਲ, ਡੇਹਰੀਵਾਲ, ਸ਼ਾਹਪੁਰ, ਸੰਗਰਾਵਾ, ਤਲਵੰਡੀ, ਜੋਧਾਨਗਰੀ, ਤਰਸਿੱਕਾ ਆਦਿ ਪਿੰਡਾਂ ਦੇ ਦੌਰੇ ਕੀਤੇ ਗਏ ਅਤੇ ਵੇਖਿਆ ਕਿ ਕਿਸਾਨ ਸਿੱਧੀ ਬਿਜਾਈ ਲਈ ਬਹੁਤ ਉਤਸ਼ਾਹਿਤ ਹਨ ।ਬਲਾਕ ਤਰਸਿੱਕਾ ਦੇ ਖੇਤੀਬਾੜੀ ਵਿਕਾਸ ਅਫਸਰ ਡਾ. ਸਤਵਿੰਦਰਬੀਰ ਸਿੰਘ, ਡਾ. ਹਰਉਪਿੰਦਰਜੀਤ ਸਿੰਘ ਨੇ ਦੱਸਿਆ ਕਿ ਸੋਸ਼ਲ ਮੀਡੀਆ ਦੇ ਯੁੱਗ ਵਿਚ ਕਿਸਾਨਾਂ ਨੂੰ ਸਿੱਧੀ ਬਿਜਾਈ ਦੀ ਜਾਣਕਾਰੀ ਮੁਹੱਈਆਂ ਕਰਵਾਉਣ ਲਈ ਅਤੇ ਪ੍ਰਚਾਰ ਲਈ ਵਿਭਾਗ ਵੱਲੋ ਵਟਸਐਪ ਗਰੁੱਪ ਬਣਾਏ ਗਏ ਹਨ ਅਤੇ ਲਗਭਗ ਤਰਸਿੱਕਾ ਬਲਾਕ ਦੇ 1000 ਕਿਸਾਨ ਇਸ ਮਾਧਿਅਮ ਰਾਹੀਂ ਵਿਭਾਗ ਨਾਲ ਸਿੱਧੇ ਜੁੜੇ ਹਨ ਅਤੇ ਹਰ ਰੋਜ਼ ਲੋੜੀਂਦੀ ਜਾਣਕਾਰੀ ਕਿਸਾਨਾਂ ਨਾਲ ਸ਼ੇਅਰ ਕੀਤੀ ਜਾਂਦੀ ਹੈ।

ਇਹ ਕਿਸਾਨ ਅੱਗੇ ਹੋਰਨਾਂ ਕਿਸਾਨਾਂ ਤੱਕ ਜਾਣਕਾਰੀ ਪੁਹੰਚਾ ਰਹੇ ਹਨ ।ਪਿੰਡ ਜੱਬੋਵਾਲ ਦੇ ਗੁਰਮੇਜ ਸਿੰਘ, ਤਰਸਿੱਕਾ ਦੇ ਕਿਸਾਨ ਜਰਮਨ ਸਿੰਘ, ਦਲਜੀਤ ਸਿੰਘ ਬੁਲਾਰਾ ਆਦਿ ਨੇ ਦੱਸਿਆ ਕਿ ਉਨ੍ਹਾਂ ਨੇ ਝੋਨੇ ਦੀ ਸਿੱਧੀ ਬਿਜਾਈ ਦਾ ਮਨ ਤਾ ਬਣਾ ਲਿਆ। ਕਿਸਾਨਾਂ ਨੇ ਦੱਸਿਆ ਕਿ ਵਿਭਾਗ ਵੱਲੋਂ ਕਿਸਾਨਾਂ ਨੂੰ ਸਲਾਹ ਦਿੱਤੀ ਜਾਂ ਰਹੀ ਹੈ ਕਿ ਘੱਟ ਸਮਾਂ ਲੈਣ ਵਾਲੀਆਂ ਵੈਰਾਇਟੀਆਂ ਹੀ ਬੀਜੀਆਂ ਜਾਣ ਅਤੇ ਭਾਰੀਆਂ ਜ਼ਮੀਨਾਂ ਵਿਚ ਹੀ ਸਿੱਧੀ ਬਿਜਾਈ ਕੀਤੀ ਜਾਵੇ ਅਤੇ ਪਿਛਲੇ ਸਾਲ ਝੋਨੇ ਦੀ ਕਿਹੜੀ ਵੈਰਾਇਟੀ ਬੀਜੀ ਹੈ, ਧਿਆਨ ਵਿਚ ਰੱਖਿਆ ਜਾਵੇ ਤਾਂ ਜੋ ਚੋਭੇ ਦੀ ਸਮੱਸਿਆ ਤੋਂ ਬਚਿਆਂ ਜਾਵੇ।

## ਪੁਲ ਤਿੱਬੜੀ ਤੋਂ ਗਾਜ਼ੀਕੋਟ ਸੰਪਰਕ ਸੜਕ ਟੁੱਟਣ ਕਾਰਨ ਰਾਹਗੀਰ ਡਾਢੇ ਪ੍ਰੇਸ਼ਾਨ



**ਗੁਰਦਾਸਪੁਰ, (ਜਨਕ ਮਹਾਜਨ)**-ਪੁਲ ਤਿੱਬੜੀ ਤੋਂ ਗਾਜ਼ੀਕੋਟ ਨੂੰ ਜਾਣ ਵਾਲੀ ਸੜਕ ਜੋ ਪਿਛਲੇ ਸਾਲ ਮਹਿਕਮੇ ਨੇ ਬਣਾਈ ਸੀ ਅਤੇ ਦਿਲੀ ਕਟੜਾ ਐਕਸਪ੍ਰੈਸ ਤੇ ਮਿਟੀ ਪਾਉਣ ਵਾਲੇ ਹੈਵੀ ਟਿੱਪਰਾਂ ਨੇ ਬਹੁਤ ਬੁਰੀ ਤਰ੍ਹਾਂ ਨਾਲ ਤੋੜ ਕੇ ਰੱਖ ਦਿੱਤਾ ਹੈ ਜਿਸ ਕਾਰਨ ਰਾਹਗੀਰਾਂ ਦਾ ਇਥੋਂ ਲੰਘਣਾ ਮੁਸ਼ਕਿਲ ਹੋਇਆ ਪਿਆ ਹੈ। ਸੀਨੀਅਰ ਲੈਕਚਰਾਰ ਪ੍ਰਤਾਪ ਸਿੰਘ ਸੈਣੀ, ਨਰਿੰਦਰ ਸ਼ਰਮਾ ਉਪ ਪ੍ਰਧਾਨ ਪੰਜਾਬ ਡਿਪੂ ਯੂਨੀਅਨ ਅਤੇ ਇਕਬਾਲ ਸਿੰਘ ਨੇ ਦੱਸਿਆ ਕਿ ਇਸ ਸੜਕ ਨੂੰ 30-40 ਪਿੰਡ ਲੱਗਦੇ ਹਨ ਅਤੇ ਇਥੇ ਆਵਾਜਾਈ ਵੀ ਕਾਫ਼ੀ ਹੈ ਕਿਉਂਕਿ ਇਸ ਸੜਕ ਰਾਹੀਂ ਹੀ ਸਾਬਕਾ ਫੌਜੀ ਤਿੱਬੜੀ ਛਾਉਣੀ ਵਿਖੇ ਸਾਮਾਨ ਆਦਿ ਖ਼ਰੀਦਣ ਲਈ ਆਉਂਦੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਪਿਛਲੇ ਸਾਲ ਹੀ 50 ਲੱਖ ਰੁਪਏ ਕਰੀਬ ਖਰਚ ਕਰਕੇ ਬਣਾਈ ਸੀ ਪਰ ਇਥੋਂ ਹੈਵੀ ਲੋਡਿਡ ਟਿੱਪਰ ਲੰਘਣ ਕਰਕੇ ਸੜਕ ਇਕ ਸਾਲ ਵਿਚ ਟੁੱਟ ਚੁੱਕੀ ਹੈ ਜਿਸ ਵਿਚ ਡੂੰਘੇ ਡੂੰਘੇ ਟੋਏ ਪੈ ਚੁੱਕੇ ਹਨ। ਲੋਕਾਂ ਨੇ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਪਾਸੋਂ ਮੰਗ ਕੀਤੀ ਕਿ ਉਪਰੋਕਤ ਸੜਕ ਨੂੰ ਬਣਾਉਣ ਲਈ ਮਹਿਕਮੇ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਖ਼ਰਾਬ ਸੜਕ ਤੋਂ ਲੋਕਾਂ ਨੂੰ ਨਿਜਾਤ ਮਿਲ ਸਕੇ।

## ਸਾਕਾ ਸ੍ਰੀ ਪਾਉਂਟਾ ਸਾਹਿਬ ਦੀ ਯਾਦ 'ਚ ਸਮਾਗਮ ਅੱਜ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੇ ਪ੍ਰਬੰਧ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਸਮੇਂ 1964 ਨੂੰ ਵਾਪਰੇ ਸਾਕੇ 'ਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ 23 ਮਈ ਨੂੰ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸ੍ਰੀ ਪਾਉਂਟਾ ਸਾਹਿਬ ਦੇ ਸਾਕੇ ਦੌਰਾਨ ਨਿਹੰਗ ਜਥੇਬੰਦੀ ਮਿਸਲ ਸ਼ਹੀਦਾਂ ਤਰਨ ਦਲ ਦੇ 11 ਸਿੰਘ ਸ਼ਹੀਦ ਹੋਏ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਸਾਕੇ ਦੀ ਸਾਲਾਨਾ ਯਾਦ ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ 23 ਮਈ ਨੂੰ ਸਵੇਰੇ 9:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਸਮਾਗਮ ਸਜਾਏ ਜਾਣਗੇ। ਇਸ ਮੌਕੇ ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਪੁੱਜਣਗੀਆਂ। ਉਨ੍ਹਾਂ ਸੰਗਤਾਂ ਨੂੰ ਵੀ ਸਮਾਗਮ ਵਿਚ ਪੁੱਜਣ ਦੀ ਅਪੀਲ ਕੀਤੀ।

## ਡਾ. ਚੀਮਾ ਦੇ ਹੱਕ 'ਚ ਹਲਕਾ ਇੰਚਾਰਜ ਮਾਹਲ ਵੱਲੋਂ ਜੱਫਰਵਾਲ 'ਚ ਚੋਣ ਮੀਟਿੰਗ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਦੀ ਅਗਵਾਈ ਹੇਠ ਪਿੰਡ ਜੱਫਰਵਾਲ ਵਿੱਚ ਚੋਣ ਮੀਟਿੰਗ ਹੋਈ। ਇਸ ਦੌਰਾਨ ਸੰਬੋਧਨ ਕਰਦਿਆਂ ਡਾ. ਚੀਮਾ ਨੇ ਆਖਿਆ ਕਿ ਕਾਂਗਰਸ ਦੇ ਆਗੂ ਹੱਥਾਂ ਵਿੱਚ ਸੰਵਿਧਾਨ ਫੜ ਕੇ ਵੋਟਾਂ ਮੰਗ ਰਹੇ ਹਨ, ਪਰ ਇਸੇ ਕਾਂਗਰਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿੱਚ ਐਮਰਜੈਂਸੀ ਲਾ ਕੇ ਸੰਵਿਧਾਨ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੀ ਸਿੱਖ ਵਿਰੋਧੀ ਜਮਾਤ ਹੈ, ਜੋ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਦੇ ਕੇ ਸਿੱਖ ਸ਼ਕਤੀ ਨੂੰ ਖਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਿੱਲੀ ਤੋਂ ਪੰਜਾਬ ਨੂੰ ਕੰਟਰੋਲ ਕਰ ਰਹੀ ਹੈ ਅਤੇ ਪੰਜਾਬ ਦੇ ਵਿੱਤੀ ਸਰੋਤਾਂ ਦੀ ਦੁਰਵਰਤੋਂ ਆਪਣੀ ਰਾਜਸੀ ਤਾਕਤ ਵਧਾਉਣ ਲਈ ਪੰਜਾਬ ਤੋਂ ਬਾਹਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਥ ਤੇ ਪੰਜਾਬ ਲਈ ਵੱਡੇ-ਵੱਡੇ ਸੰਘਰਸ ਲੜੇ ਹਨ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਵਿੱਚ ਸਿਰਫ ਸ੍ਰੋਮਣੀ ਅਕਾਲੀ ਦਲ ਹੀ ਪੰਜਾਬ ਦੀ ਸਹੀ ਆਵਾਜ਼ ਪਹੁੰਚਾ ਸਕਦਾ ਹੈ, ਜੋ ਪੰਜਾਬ ਦੀ ਖੇਤਰੀ ਪਾਰਟੀ ਹੈ। ਇਸ ਮੌਕੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਆਖਿਆ ਕਿ ਡਾ. ਦਲਜੀਤ ਸਿੰਘ ਚੀਮਾ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜਿਆ ਜਾਣਾ ਜ਼ਰੂਰੀ ਹੈ। ਇਸ ਮੌਕੇ ਯੂਥ ਅਕਾਲੀ ਆਗੂ ਕੰਵਲਜੀਤ ਸਿੰਘ ਚਾਹਲ, ਰਜਿੰਦਰ ਸਿੰਘ ਜੱਫਰਵਾਲ, ਜਥੇਦਾਰ ਬਲਵਿੰਦਰ ਸਿੰਘ ਜੱਫਰਵਾਲ, ਅਜੀਤ ਸਿੰਘ ਰਾਣਾ ਰਾਏਚੱਕ, ਪ੍ਰਿੰਸੀ. ਮਲਕੀਤ ਸਿੰਘ, ਜਸਬੀਰ ਸਿੰਘ, ਮਨਵਿੰਦਰ ਸਿੰਘ, ਨਿਸ਼ਾਨ ਸਿੰਘ, ਰਣਜੀਤ ਸਿੰਘ, ਸਿਮਰਨਜੀਤ ਸਿੰਘ, ਸ਼ਮਸ਼ੇਰ ਸਿੰਘ, ਮਨਜੀਤ ਸਿੰਘ, ਜਸਬੀਰ ਸਿੰਘ ਸਾਬਕਾ ਸਰਪੰਚ, ਨੌਜਵਾਨ ਆਗੂ ਸੰਦੀਪ ਸਿੰਘ, ਕੁਲਵੰਤ ਸਿੰਘ ਅਤੇ ਰੂਪ ਸਿੰਘ ਆਦਿ ਹਾਜ਼ਰ ਸਨ।

## ਅਖਬਾਰਾਂ 'ਚ ਇਕ ਪਾਸੜ ਖਬਰਾਂ ਛਾਪਣ 'ਤੇ ਖਰਚਾ ਬੁੱਕ ਹੋਵੇਗਾ : ਜ਼ਿਲ੍ਹਾ ਚੋਣ ਅਧਿਕਾਰੀ

**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**-ਚੋਣ ਲੜ ਰਹੇ ਉਮੀਦਵਾਰਾਂ ਦੀ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਰੂਪ ਵਿੱਚ ਛਾਪੀਆਂ ਗਈਆਂ ਖਬਰਾਂ, ਜਿਸ ਵਿਚ ਇਕ ਪਾਸੜ ਕਵਰੇਜ਼ ਕੀਤੀ ਗਈ ਹੋਵੇ, ਪੇਡ ਨਿਊਜ਼ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ ਜਿਸ ਦੀ ਪ੍ਰੈੱਸ ਕੌਂਸਲ ਆਫ ਇੰਡੀਆ ਵੱਲੋਂ ਕੀਤੀ ਗਈ ਵਿਆਖਿਆ ਨੂੰ ਮੰਨਦੇ ਹੋਏ ਚੋਣ ਕਮਿਸ਼ਨ ਨੇ ਇਸ ਦਾ ਖਰਚਾ ਉਮੀਦਵਾਰ ਦੇ ਖਾਤੇ ਵਿੱਚ ਪਾਉਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਲੋਕ ਸਭਾ ਹਲਕਾ ਅੰਮ੍ਰਿਤਸਰ ਦੇ ਰਿਟਰਨਿੰਗ ਅਫ਼ਸਰ ਅਤੇ ਜਿਲ੍ਹਾ ਚੋਣ ਅਧਿਕਾਰੀ ਸ੍ਰੀ ਘਨਸ਼ਾਮ ਥੋਰੀ ਨੇ ਮੀਡੀਆ ਸਰਟੀਫਿਕੇਸ਼ਨ ਤੇ ਮਾਨੀਟਰਿੰਗ ਸੈਂਟਰ ਦਾ ਦੌਰਾ ਕਰਨ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਅਖਬਾਰਾਂ ਵਿੱਚ ਕੁਝ ਚੋਣਵੇਂ ਉਮੀਦਵਾਰਾਂ ਦੀਆਂ ਗਿਣੀ-ਮਿੱਥੀ ਥਾਂ ਦੇ ਕੇ ਉਨ੍ਹਾਂ ਦੀ ਪ੍ਰਮੋਸ਼ਨ ਕੀਤੀ ਜਾਵੇਗੀ ਤਾਂ ਉਸਨੂੰ ਪੇਡ ਨਿਊਜ਼ ਮੰਨਿਆ ਜਾਵੇਗਾ।ਉਨ੍ਹਾਂ ਕਿਹਾ ਕਿ ਅਜਿਹੀਆਂ ਖ਼ਬਰਾਂ ਦਾ ਉਸ ਅਖ਼ਬਾਰ ਦੇ ਇਸ਼ਤਿਹਾਰ ਦੇ ਰੇਟ ਅਨੁਸਾਰ ਖ਼ਰਚਾ ਬੁੱਕ ਕਰਕੇ ਉਮੀਦਵਾਰ ਦੇ ਖਾਤੇ ਵਿੱਚ ਪਾਇਆ ਜਾਵੇਗਾ । ਸਮੂਹ ਪ੍ਰਿੰਟ ਅਤੇ ਇਲੈਕਟਰੋਨਿਕ ਮੀਡੀਆ ਦੇ ਨੁਮਾਇੰਦਿਆਂ ਨੂੰ ਮੁਖਾਤਿਬ ਹੁੰਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਖਬਰਾਂ ਛਾਪਣ ਤੋਂ ਗੁਰੇਜ਼ ਕੀਤਾ ਜਾਵੇ। ਇਸ ਸਬੰਧੀ ਇਲੈਕਸ਼ਨ ਕਮਿਸ਼ਨ ਨੇ ਰੀਪ੍ਰੇਜ਼ੈਂਟੇਸ਼ਨ ਆਫ ਪੀਪਲ ਐਕਟ 1951 ਵਿੱਚ ਤਰਮੀਮ ਕਰਕੇ ਦੋ ਸਾਲ ਦੀ ਸਜ਼ਾ ਦੇ ਪ੍ਰਾਵਧਾਨ ਦੀ ਤਜਵੀਜ਼ ਵੀ ਰੱਖੀ ਹੈ।ਜ਼ਿਲਾ ਪੱਧਰੀ ਐੱਮਸੀਐੱਮਸੀ ਦੇ ਪੇਡ ਨਿਊਜ਼ ਸਬੰਧੀ ਲਏ ਫ਼ੈਸਲੇ ਖਿਲਾਫ ਉਮੀਦਵਾਰ 48 ਘੰਟੇ ਵਿੱਚ ਸਟੇਟ ਲੈਵਲ ਐੱਮਸੀਐੱਮਸੀ ਵਿਖੇ ਅਪੀਲ ਕਰ ਸਕਦਾ ਹੈ ਅਤੇ ਸਟੇਟ ਲੈਵਲ ਐੱਮਸੀਐੱਮਸੀ ਖਿਲਾਫ ਮੁੱਖ ਚੋਣ ਕਮਿਸ਼ਨ ਤੱਕ ਜਾ ਸਕਦਾ ਹੈ।

## ਹੰਸ ਰਾਜ ਹੰਸ ਵੱਲੋਂ ਕਿਸਾਨਾਂ ਵਿਰੁੱਧ ਵਰਤੀ ਭੱਦੀ ਸ਼ਬਦਾਵਲੀ ਦੀ ਨਿਖੇਧੀ

**ਗੁਰਦਾਸਪੁਰ, (ਜਨਕ ਮਹਾਜਨ)**-ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਇਕਾਈ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾਕਟਰ ਜਗਜੀਵਨ ਲਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪੰਜਾਬੀ ਦੇ ਸੰਸਾਰ ਪ੍ਰਸਿੱਧ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਰਬਸਮੰਤੀ ਦੇ ਨਾਲ ਪਾਸ ਕੀਤੇ ਇੱਕ ਮਤੇ ਰਾਹੀਂ ਭਾਜਪਾ ਆਗੂ ਤੇ ਫਰੀਦਕੋਟ ਤੋਂ ਚੋਣ ਲੜ ਰਹੇ ਹੰਸ ਰਾਜ ਹੰਸ ਵੱਲੋਂ ਕਿਸਾਨਾਂ ਵਿਰੁੱਧ ਭੱਦੀ ਸ਼ਬਦਾਵਲੀ ਵਰਤ ਕੇ ਧਮਕੀ ਭਰੀ ਟਿੱਪਣੀ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦੇ ਹੋਏ ਰਣਜੀਤ ਧਾਲੀਵਾਲ ਪ੍ਰੈਸ ਸਕੱਤਰ ਨੇ ਦੱਸਿਆ ਕਿ ਜ਼ਿਲ੍ਹਾ ਕਮੇਟੀ ਦੀ ਹੋਈ ਮਾਸਿਕ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਅਮਰਜੀਤ ਸ਼ਾਸਤਰੀ, ਅਸ਼ਵਨੀ ਕੁਮਾਰ, ਅਮਰਜੀਤ ਸਿੰਘ ਮਨੀ, ਗੁਰਦਿਆਲ ਸਿੰਘ ਬਾਲਾ ਪਿੰਡੀ, ਸੁਰਿੰਦਰ ਸਿੰਘ ਕੋਠੇ, ਹਰਭਜਨ ਸਿੰਘ ਮਾਂਗਟ, ਕਰਨੈਲ ਸਿੰਘ ਚਿੱਟੀ, ਸੁਖਵਿੰਦਰ ਪਾਲ, ਰੂਪ ਸਿੰਘ ਆਦਿ ਹਾਜ਼ਰ ਸਨ। ਮੀਟਿੰਗ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾਈ ਇਜਲਾਸ ਜੋ 15-16 ਜੂਨ 2024 ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋ ਰਿਹਾ ਹੈ, ਇਸ ਇਜਲਾਸ ਵਿੱਚ ਸ਼ਾਮਿਲ ਹੋਣ ਲਈ ਡੈਲੀਗੇਟ ਅਤੇ ਦਰਸ਼ਕਾਂ ਦੇ ਨਾਵਾਂ ਦੀ ਸੂਚੀ ਫ਼ਾਈਨਲ ਕੀਤੀ ਗਈ।


**ਉੱਤਰ ਰੇਲਵੇ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਟੈਂਡਰ ਸੂਚਨਾ**

**ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀ. ਮੰਡਲ ਸਾਮਗਰੀ ਪ੍ਰਬੰਧਕ/ਉੱਤਰ ਰੇਲਵੇ/ਭੰਡਾਰ ਡਿਪੋ/ਯਾਂਤ੍ਰਿਕ ਕਾਰਖਾਨਾ/ਫ਼ਿਰੋਜ਼ਪੁਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਟੈਂਡਰ ਮੰਗ ਕੀਤੀ ਜਾਂਦੀ ਹੈ:-

| ਲ. ਨੰ: | ਟੈਂਡਰ ਨੰਬਰ | ਮਾਲ ਦਾ ਵੇਰਵਾ | ਮਾਤਰਾ | ਟੈਂਡਰ ਖੁਲਣ ਦੀ ਮਿਤੀ |
|---|---|---|---|---|
| 01 | 94245624 | Automated Immune Assay Analyzer | 01 NOS | 13.06.2024 |

**ਟੈਂਡਰ ਸ਼ਰਤਾਂ**- ireps ਦੀ ਵੈਬਸਾਈਟ **www.ireps.gov.in** ਉਤੇ ਉਪਲਬਧ ਹੈ । ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ। ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ । **ਟੈਂਡਰ ਨੋਟਿਸ ਨੰ: 05/2024-2025**

**ਮਿਤੀ : 21.05.2024**

1535/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਨਵਾਂ ਜ਼ਮਾਨਾ

ਵੀਰਵਾਰ, 23 ਮਈ 2024

# ਭਾਜਪਾ ਯੂ ਪੀ 'ਚ ਦਫ਼ਨ ਹੋ ਜਾਵੇਗੀ

*ਇਹ ਆਮ ਕਿਹਾ ਜਾਂਦਾ ਹੈ ਕਿ ਦਿੱਲੀ ਦੀ ਗੱਦੀ ਦਾ ਰਸਤਾ ਯੂ ਪੀ 'ਚੋਂ ਹੋ ਕੇ ਜਾਂਦਾ ਹੈ। ਇਹ ਸੱਚ ਵੀ ਹੈ ਕਿਉਂਕਿ ਹੁਣ ਤੱਕ 8 ਪ੍ਰਧਾਨ ਮੰਤਰੀ; ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਲਾਲ ਬਹਾਦਰ ਸ਼ਾਸਤਰੀ, ਰਾਜੀਵ ਗਾਂਧੀ, ਵੀ ਪੀ ਸਿੰਘ, ਚੰਦਰ ਸ਼ੇਖਰ, ਚੌਧਰੀ ਚਰਨ ਸਿੰਘ ਤੇ ਮੌਜੂਦਾ ਨਰਿੰਦਰ ਮੋਦੀ ਯੂ ਪੀ ਵਿੱਚੋਂ ਜਿੱਤ ਕੇ ਹੀ ਦਿੱਲੀ ਦੀ ਗੱਦੀ ਤੱਕ ਪੁੱਜੇ ਸਨ। ਯੂ ਪੀ ਦੀਆਂ ਲੋਕ ਸਭਾ ਦੀਆਂ 80 ਸੀਟਾਂ ਹਨ, ਜੋ ਕਿਸੇ ਵੀ ਸੂਬੇ ਦੀਆਂ ਸੀਟਾਂ ਨਾਲੋਂ ਕਿਤੇ ਵੱਧ ਹਨ। ਇਸ ਲਈ ਜਿਹੜੀ ਵੀ ਪਾਰਟੀ ਨੇ ਯੂ ਪੀ ਜਿੱਤ ਲਿਆ, ਉਹ ਦੇਸ਼ ਜਿੱਤ ਜਾਂਦੀ ਹੈ।*

*ਭਾਜਪਾ ਨੂੰ 2014 ਵਿੱਚ ਯੂ ਪੀ ਵਿੱਚੋਂ 71 ਤੇ 2019 ਵਿੱਚ 62 ਸੀਟਾਂ ਹਾਸਲ ਹੋਈਆਂ ਸਨ। ਇਸ ਸਮੇਂ ਚੋਣਾਂ ਦੇ ਪੰਜ ਗੇੜ ਮੁਕੰਮਲ ਹੋ ਚੁੱਕੇ ਹਨ। ਯੂ ਪੀ ਦੀਆਂ 52 ਸੀਟਾਂ 'ਤੇ ਚੋਣਾਂ ਹੋ ਗਈਆਂ ਹਨ। ਇਸ ਸਮੇਂ ਯੂ ਪੀ ਵਿੱਚ 'ਇੰਡੀਆ' ਗੱਠਜੋੜ ਦੇ ਹੱਕ ਵਿੱਚ ਜਿਵੇਂ ਹਨੇਰੀ ਚੱਲ ਰਹੀ ਹੈ, ਉਸ ਤੋਂ ਜਾਪਦਾ ਹੈ ਕਿ ਭਾਜਪਾ ਦੀ ਕਬਰ ਵੀ ਯੂ ਪੀ ਵਿੱਚ ਹੀ ਬਣੇਗੀ।*

*ਚੋਣਾਂ ਦੇ ਸ਼ੁਰੂ ਹੋਣ ਤੋਂ ਵੀ ਪਹਿਲਾਂ ਮੋਦੀ ਨੇ 'ਇਸ ਵਾਰ 400 ਪਾਰ' ਦਾ ਨਾਅਰਾ ਦਿੱਤਾ ਸੀ। ਪਹਿਲੇ ਦੋ ਗੇੜਾਂ ਦੌਰਾਨ ਜੋ ਮਾਹੌਲ ਬਣਿਆ, ਉਸ ਤੋਂ ਬਾਅਦ 400 ਦਾ ਨਾਅਰਾ ਗਾਇਬ ਹੋ ਗਿਆ। ਚੋਣਾਂ ਦਾ ਜਾਇਜ਼ਾ ਲੈਣ ਵਾਲੇ ਪੱਤਰਕਾਰਾਂ ਦਾ ਅੰਦਾਜ਼ਾ ਸੀ ਕਿ ਭਾਜਪਾ ਯੂ ਪੀ ਵਿੱਚ 55 ਤੋਂ 60 ਸੀਟਾਂ ਹਾਸਲ ਕਰ ਲਵੇਗੀ। ਤੀਜੇ ਤੇ ਚੌਥੇ ਗੇੜ ਦੀਆਂ ਚੋਣਾਂ ਤੋਂ ਬਾਅਦ ਇਹ ਅੰਦਾਜ਼ਾ 50-55 ਉੱਤੇ ਪੁੱਜ ਗਿਆ।*

*20 ਮਈ ਨੂੰ ਪੰਜਵੇਂ ਗੇੜ ਦੀਆਂ ਵੋਟਾਂ ਤੋਂ ਪਹਿਲਾਂ ਹੀ ਮਾਹੌਲ ਵਿੱਚ ਸਿਫਤੀ ਤਬਦੀਲੀ ਇਹ ਆਈ ਕਿ ਪਹਿਲੇ ਚਾਰ ਗੇੜਾਂ ਦੌਰਾਨ ਵੋਟਰ ਬੋਲਣੋਂ ਝਿਜਕ ਰਿਹਾ ਸੀ, ਇਸ ਲਈ ਸਹੀ ਅੰਦਾਜ਼ਾ ਮੁਸ਼ਕਲ ਸੀ, ਪਰ ਚੌਥੇ ਗੇੜ ਤੋਂ ਬਾਅਦ ਵੋਟਰਾਂ ਨੂੰ ਜਾਪਣ ਲੱਗ ਪਿਆ ਕਿ ਭਾਜਪਾ ਹਾਰ ਰਹੀ ਹੈ, ਇਸ ਲਈ ਉਨ੍ਹਾਂ ਨੇ ਬੇਖ਼ੌਫ਼ ਹੋ ਕੇ ਬੋਲਣਾ ਸ਼ੁਰੂ ਕਰ ਦਿੱਤਾ।*

*ਇੰਡੀਆ ਗੱਠਜੋੜ ਦੀਆਂ ਰੈਲੀਆਂ ਵਿੱਚ ਆਪ-ਮੁਹਾਰੇ ਜੁੜੀਆਂ ਭੀੜਾਂ ਨੇ ਰਿਕਾਰਡ ਤੋੜ ਦਿੱਤੇ ਹਨ। ਫੂਲਪੁਰ ਤੇ ਪ੍ਰਯਾਗਰਾਜ ਵਿੱਚ ਲੋਕ ਬੈਰੀਕੇਡ ਤੋੜ ਕੇ ਸਟੇਜ ਤੱਕ ਪੁੱਜ ਗਏ। ਇਹ ਮਾਹੌਲ ਅੱਜ ਤੱਕ ਜਾਰੀ ਹੈ। ਆਜ਼ਮਗੜ੍ਹ, ਬਸਤੀ ਤੇ ਲਾਲ ਗੰਜ ਦੀਆਂ ਰੈਲੀਆਂ ਦਾ ਵੀ ਇਹੋ ਹਾਲ ਰਿਹਾ। ਇਨ੍ਹਾਂ ਵਿੱਚ ਵੱਡਾ ਹਿੱਸਾ ਨੌਜਵਾਨਾਂ ਦਾ ਸੀ। ਇਹ ਉਹੋ ਲੋਕ ਹਨ, ਜਿਨ੍ਹਾਂ ਮਹਿੰਗਾਈ ਤੇ ਬੇਰੁਜ਼ਗਾਰੀ ਦੀ 10 ਸਾਲ ਤੱਕ ਮਾਰ ਝੱਲੀ ਹੈ। ਨੌਕਰੀ ਦੀ ਉਡੀਕ ਵਿੱਚ ਜਵਾਨੀ ਬੀਤ ਗਈ ਤੇ ਸ਼ਾਦੀਆਂ ਤੱਕ ਟੁੱਟ ਗਈਆਂ ਜਾਂ ਸ਼ਾਦੀ ਦੀ ਉਮਰ ਲੰਘ ਗਈ।*

*ਇਨ੍ਹਾਂ ਭੀੜਾਂ ਨੂੰ ਕਿਸੇ ਨੇ ਇਕੱਠਾ ਕਰਕੇ ਨਹੀਂ ਸੀ ਲਿਆਂਦਾ। ਇਹ ਉਹੋ ਲੋਕ ਸਨ, ਜਿਨ੍ਹਾਂ ਆਪਣਾ ਦਰਦ 10 ਸਾਲ ਆਪਣੇ ਸੀਨੇ ਵਿੱਚ ਦਬਾਈ ਰੱਖਿਆ। ਮਨੁੱਖ ਦੀ ਇਹ ਫਿਤਰਤ ਹੈ ਕਿ ਉਹ ਆਪਣਾ ਦਰਦ ਬਿਆਨ ਨਹੀਂ ਕਰਦਾ, ਪਰ ਜੇਕਰ ਕੋਈ ਉਸ ਦਾ ਦਰਦ ਵੰਡਾਉਣ ਦੀ ਕੋਸ਼ਿਸ਼ ਕਰੇ ਤਾਂ ਉਹ ਰਾਹਤ ਮਹਿਸੂਸ ਕਰਦਾ ਹੈ। ਇਹ ਲੋਕ ਅਖਿਲੇਸ਼ ਤੇ ਰਾਹੁਲ ਦੀਆਂ ਰੈਲੀਆਂ ਵੱਲ ਇਸ ਲਈ ਉਮੜ ਰਹੇ ਹਨ, ਕਿਉਂਕਿ ਉਨ੍ਹਾਂ ਦੇ ਸ਼ਬਦਾਂ ਤੋਂ ਉਨ੍ਹਾਂ ਨੂੰ ਰਾਹਤ ਮਹਿਸੂਸ ਹੁੰਦੀ ਹੈ।*

*ਪੰਜਵੇਂ ਗੇੜ ਵਿੱਚ ਯੂ ਪੀ ਦੀਆਂ 14 ਸੀਟਾਂ ਉਤੇ ਵੋਟਾਂ ਪਈਆਂ ਸਨ। ਇਨ੍ਹਾਂ ਵਿੱਚੋਂ 13 ਭਾਜਪਾ ਕੋਲ ਤੇ ਇੱਕ ਰਾਇਬਰੇਲੀ ਦੀ ਕਾਂਗਰਸ ਕੋਲ ਸੀ। ਅੰਦਾਜ਼ਾ ਇਹ ਹੈ ਕਿ ਇਨ੍ਹਾਂ ਵਿੱਚੋਂ ਭਾਜਪਾ ਜੇ ਰਾਜਨਾਥ ਦੀ ਲਖਨਊ ਤੇ ਬ੍ਰਿਜ ਭੂਸ਼ਣ ਦੇ ਮੁੰਡੇ ਵਾਲੀ ਕੈਸਰਗੰਜ ਸੀਟ ਜਿੱਤ ਜਾਵੇ ਤਾਂ ਇਹ ਉਸ ਦੀ ਵੱਡੀ ਪ੍ਰਾਪਤੀ ਹੋਵੇਗੀ। ਇਨ੍ਹਾਂ ਦੋਹਾਂ ਦੇ ਮੂਹਰੇ ਵੀ 'ਜੇ' ਲੱਗੀ ਹੋਈ ਹੈ। ਇੱਥੋਂ ਤੱਕ ਕਿ ਅਯੁੱਧਿਆ ਦੀ ਰਾਮ ਮੰਦਰ ਵਾਲੀ ਫੈਜ਼ਾਬਾਦ ਲੋਕ ਸਭਾ ਸੀਟ ਵੀ ਭਾਜਪਾ ਲਈ ਬਚਾਉਣੀ ਮੁਸ਼ਕਲ ਹੋ ਚੁੱਕੀ ਹੈ। ਬਾਂਦਾ ਸੀਟ 'ਤੇ ਤਾਂ ਟੱਕਰ ਸਪਾ ਤੇ ਬਸਪਾ ਵਿੱਚ ਬਣ ਗਈ ਸੀ ਦੇ ਭਾਜਪਾ ਦੇ ਤੀਜੇ ਥਾਂ ਲੁੜਕ ਜਾਣ ਦਾ ਖ਼ਤਰਾ ਹੈ। ਪੰਜਵੇਂ ਗੇੜ ਤੋਂ ਬਾਅਦ ਹੁਣ ਭਾਜਪਾ ਨੂੰ ਮਿਲਣ ਵਾਲੀਆਂ ਸੀਟਾਂ ਦਾ ਅੰਦਾਜ਼ਾ 30 ਉੱਤੇ ਪੁੱਜ ਗਿਆ ਹੈ।*

*ਬਾਕੀ ਰਾਜਾਂ ਦੀ ਗੱਲ ਕਰੀਏ ਤਾਂ ਅੰਦਾਜ਼ੇ ਉਨ੍ਹਾਂ ਵਿੱਚ ਵੀ ਸੁੰਗੜਨੇ ਸ਼ੁਰੂ ਹੋ ਗਏ ਹਨ। ਰਾਜਸਥਾਨ ਵਿੱਚ ਪਹਿਲਾਂ ਕਿਹਾ ਗਿਆ ਸੀ ਕਿ ਕਾਂਗਰਸ 8 ਸੀਟਾਂ ਜਿੱਤ ਸਕਦੀ ਹੈ, ਪਰ ਹੁਣ ਗੱਲ 13 ਤੱਕ ਪੁੱਜ ਗਈ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ ਸਭ ਮਾਹਰ ਪੱਤਰਕਾਰ ਕਾਂਗਰਸ ਨੂੰ 5 ਸੀਟਾਂ ਦਿੰਦੇ ਸਨ, ਪਰ ਹੁਣ ਉਹ 10 ਉੱਤੇ ਜਾ ਪੁੱਜੇ ਹਨ। ਮਹਾਰਾਸ਼ਟਰ ਵਿੱਚ ਪਿਛਲੀਆਂ ਚੋਣਾਂ ਅੰਦਰ 48 ਵਿੱਚੋਂ 41 ਸੀਟਾਂ ਜਿੱਤਣ ਵਾਲਾ ਐੱਨ ਡੀ ਏ ਇਸ ਵਾਰ ਮਸਾਂ 11-12 ਉੱਤੇ ਪੁੱਜ ਸਕੇਗਾ। ਬਾਕੀ ਰਹਿੰਦੇ ਰਾਜਾਂ, ਬਿਹਾਰ, ਪੱਛਮੀ ਬੰਗਾਲ, ਅਸਾਮ, ਛੱਤੀਸਗੜ੍ਹ, ਝਾਰਖੰਡ, ਸਭ ਥਾਵਾਂ ਉੱਤੇ ਭਾਜਪਾ ਨੂੰ ਸੱਟ ਪੈਣ ਦੇ ਵੱਡੇ ਚਾਂਸ ਹਨ। ਓਡੀਸ਼ਾ ਵਿੱਚ ਸ਼ਾਇਦ ਉਹ ਆਪਣੀ ਪੁਰਾਣੀ ਸਥਿਤੀ ਬਹਾਲ ਰੱਖ ਸਕੇਗੀ।*

*ਹਾਲਤ ਇਹ ਹੈ ਕਿ ਰਾਜਸਥਾਨ ਦੇ ਫੌਲਾਦੀ ਸੱਟਾ ਬਜ਼ਾਰ ਨੇ ਵੀ ਭਾਜਪਾ ਦੀਆਂ ਸੀਟਾਂ ਦਾ ਅੰਦਾਜ਼ਾ 330 ਤੋਂ ਘਟਾ ਕੇ 280 ਕਰ ਦਿੱਤਾ ਹੈ। ਮੋਦੀ-ਸ਼ਾਹ ਭਾਵੇਂ ਜਿੱਤਣ ਦੀਆਂ ਟਾਹਰਾਂ ਮਾਰੀ ਜਾਣ, ਪਰ ਜ਼ਮੀਨੀ ਹਕੀਕਤ ਉਨ੍ਹਾਂ ਨਾਲ ਮੇਲ ਨਹੀਂ ਖਾਂਦੀ। ਇਸੇ ਕਾਰਨ ਹੁਣ ਉਸ ਨੂੰ ਪ੍ਰਸ਼ਾਂਤ ਕਿਸ਼ੋਰ ਵਰਗੇ ਚੋਣ ਰਣਨੀਤੀਕਾਰਾਂ ਦੀ ਸ਼ਰਨ 'ਚ ਜਾਣਾ ਪੈ ਰਿਹਾ ਹੈ। ਪੂਰਾ ਦੇਸ਼ ਜਾਣਦਾ ਹੈ ਕਿ ਪ੍ਰਸ਼ਾਂਤ ਕਿਸ਼ੋਰ ਦਾ ਤਾਂ ਇਹ ਪੇਸ਼ਾ ਹੈ। ਉਹ ਜੇ ਇਹ ਕਹਿੰਦਾ ਹੈ ਕਿ ਭਾਜਪਾ ਸੌਖਿਆਂ ਜਿੱਤ ਜਾਵੇਗੀ, ਤਾਂ ਇਹ ਉਸ ਦੇ ਪੇਸ਼ੇ ਦਾ ਹਿੱਸਾ ਹੈ।*

**-ਚੰਦ ਫਤਿਹਪੁਰੀ**

# 'ਭਾਜਪਾ ਹਟਾਓ, ਦੇਸ਼ ਬਚਾਓ, ਸੰਵਿਧਾਨ ਬਚਾਓ' ਦਾ ਨਾਅਰਾ ਤੇ ਕਿਸਾਨ ਅੰਦੋਲਨ



ਡਾ. ਅਰੁਣ ਮਿੱਤਰਾ

ਦੇਰ ਆਏ ਦਰੁਸਤ ਆਏ! ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਵੱਲੋਂ ਜੋ ਰੇਲ ਰੋਕੋ ਕੀਤਾ ਗਿਆ ਸੀ, ਉਸ ਨੂੰ ਵਾਪਸ ਲੈਣ ਦਾ ਫੈਸਲਾ ਭਾਵੇਂ ਦੇਰ ਨਾਲ ਲਿਆ ਗਿਆ ਹੈ, ਪਰ ਬਹੁਤ ਵਾਜਬ ਹੈ। ਜੀ ਟੀ ਰੋਡ ਸ਼ੰਭੂ ਬਾਰਡਰ 'ਤੇ ਕਿਸਾਨਾਂ ਨੂੰ ਰੋਕਣ ਦੇ ਲਈ ਹਰਿਆਣਾ ਸਰਕਾਰ ਵੱਲੋਂ ਬੈਰੀਕੇਡ ਇੰਜ ਲਾਏ ਗਏ ਹਨ, ਜਿਵੇਂ ਕੋਈ ਆਪਣੇ ਦੇਸ਼ ਦੇ ਨਾਗਰਿਕ ਨਹੀਂ, ਬਲਕਿ ਦੁਸ਼ਮਣ ਦੀ ਫੌਜ ਹਮਲਾ ਕਰਨ ਲਈ ਆ ਰਹੀ ਹੈ। ਇਸ ਲਈ ਉਹਨਾਂ ਕਿਸਾਨਾਂ ਨੂੰ ਉਥੇ ਹੀ ਬੈਠਣਾ ਪਿਆ ਤੇ ਪੁਲਸ ਤਸ਼ੱਦਦ ਵਿੱਚ ਅਨੇਕਾਂ ਕਿਸਾਨ ਫੱਟੜ ਹੋਏ ਤੇ ਇਕ ਨੌਜਵਾਨ ਕਿਸਾਨ ਸ਼ਹੀਦ ਹੋਇਆ, ਪਰ ਰੇਲ ਗੱਡੀਆਂ ਦੇ ਰਸਤੇ ਰੋਕਣ ਕਰਕੇ ਲੋਕਾਂ ਨੂੰ ਬਹੁਤ ਅਸੁਵਿਧਾ ਹੋ ਰਹੀ ਸੀ ਤੇ ਲੱਖਾਂ ਲੋਕ ਪੰਜਾਬ ਤੋਂ ਬਾਹਰ ਇਧਰ-ਉਧਰ ਜਾਣ ਦੇ ਲਈ ਬਹੁਤ ਮੁਸ਼ਕਲ ਵਿੱਚ ਫਸ ਗਏ ਸਨ। ਆਮ ਲੋਕ ਨਹੀਂ ਸਮਝਦੇ ਕਿ ਇਹ ਕੰਮ ਕਿਸਾਨਾਂ ਦੀਆਂ ਕੁਝ ਕੁ ਜਥੇਬੰਦੀਆਂ ਦਾ ਫੈਸਲਾ ਹੈ, ਇਸ ਲਈ ਉਹ ਸਮੁੱਚੀ ਕਿਸਾਨੀ ਨੂੰ ਦੋਸ਼ ਦੇਣ ਲੱਗ ਪਏ। ਮਾਲ ਗੱਡੀਆਂ ਨਾ ਆਉਣ ਕਰਕੇ ਪੰਜਾਬ ਦੀ ਆਰਥਿਕਤਾ 'ਤੇ ਬੁਰਾ ਅਸਰ ਪਿਆ ਹੈ। ਬੰਦੇ ਛੁਡਾਉਣ ਦੀ ਕਿਸਾਨਾਂ ਦੀ ਮੰਗ ਤਾਂ ਠੀਕ ਹੈ, ਪਰ ਰੇਲ ਗੱਡੀਆਂ ਰੋਕਣ ਦੇ ਨਾਲ ਅੰਦੋਲਨ ਨੂੰ ਆਮ ਲੋਕਾਂ ਦਾ ਸਮਰਥਨ ਘਟਦਾ ਹੈ ਅਤੇ ਉਸ ਦਾ ਲਾਭ ਮੋਦੀ ਸਰਕਾਰ ਨੂੰ ਹੀ ਹੋਇਆ ਹੈ।

ਕਿਸਾਨਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਰੇਲ ਰੋਕੋ ਇਕ ਸੰਕੇਤਕ ਤਰੀਕਾ ਹੋ ਸਕਦਾ ਹੈ, ਪਰ ਲੰਬੇ ਸਮੇਂ ਲਈ ਰੇਲ ਰੋਕਣ ਦੇ ਨਾਲ ਲੋਕਾਂ ਦਾ ਸਮਰਥਨ ਘਟਣ ਦੇ ਕਾਰਨ ਅੰਦੋਲਨ ਕਮਜ਼ੋਰ ਹੋ ਸਕਦਾ ਹੈ ਤੇ ਸਰਕਾਰਾਂ ਨੂੰ ਇਸ ਦਾ ਲਾਭ ਹੋ ਸਕਦਾ ਹੈ। ਅੱਜ ਲੜਾਈ ਕੇਂਦਰ ਦੀ ਫਾਸ਼ੀਵਾਦੀ ਸਰਕਾਰ ਦੇ ਖਿਲਾਫ ਹੋ ਰਹੀ ਹੈ। ਇਕ ਵੀ ਕਮਜ਼ੋਰੀ ਨਹੀਂ ਦਿਖਣੀ ਚਾਹੀਦੀ, ਜਿਸ ਦਾ ਕਿ ਮੋਦੀ ਸਰਕਾਰ ਲਾਭ ਉਠਾ ਸਕੇ ਤੇ ਸਾਡੇ ਸੰਘਰਸ਼ ਨੂੰ ਕਮਜ਼ੋਰ ਕਰ ਸਕੇ। ਇਸ ਲਈ ਸਮੁੱਚੀਆਂ ਕਿਸਾਨ ਜਥੇਬੰਦੀਆਂ ਨੂੰ ਜੋ ਆਪਸ 'ਚ ਕੁਝ ਵਖਰੇਵੇਂ ਹਨ, ਬੈਠ ਕੇ ਇਸ ਬਾਰੇ ਗੱਲਬਾਤ ਕਰਨ ਅਤੇ ਅਗਲੀ ਰਣਨੀਤੀ ਬਾਰੇ ਵਿਚਾਰ ਕਰਨੀ ਚਾਹੀਦੀ ਹੈ।

21 ਮਈ ਨੂੰ ਜਗਰਾਉਂ ਵਿਖੇ ਸੰਯੁਕਤ ਕਿਸਾਨ ਮੋਰਚਾ ਦੀ ਮਹਾਂ ਪੰਚਾਇਤ ਨੇ ਇੱਕ ਵਾਰ ਫੇਰ ਕਿਸਾਨ-ਮਜ਼ਦੂਰ ਏਕਤਾ ਨੂੰ ਉਭਾਰਿਆ ਹੈ। ਇਸ ਮਹਾਂ ਪੰਚਾਇਤ ਵਿੱਚ ਇਕੱਲੇ ਕਿਸਾਨ ਹੀ ਨਹੀਂ, ਬਲਕਿ ਵੱਡੀ ਗਿਣਤੀ ਵਿੱਚ ਕਾਮੇ, ਖੇਤ ਮਜ਼ਦੂਰ ਅਤੇ ਮੁਲਾਜ਼ਮ ਵੀ ਸ਼ਾਮਲ ਹੋਏ ਹਨ। ਕਿਸਾਨ ਅੰਦੋਲਨ ਨੇ ਇੱਕ ਗੱਲ ਉਭਾਰ ਕੇ ਰੱਖ ਦਿੱਤੀ ਹੈ ਕਿ ਜੇ ਦੇਸ਼ ਦੀ ਆਰਥਿਕਤਾ ਨੂੰ ਕਾਰਪੋਰੇਟ ਖੇਤਰ ਦੇ ਹਵਾਲੇ ਕਰ ਦਿੱਤਾ ਜਾਏਗਾ ਤਾਂ ਮੁਲਕ ਦੀ ਤਰੱਕੀ ਰੁਕ ਜਾਏਗੀ ਤੇ ਆਮ ਨਾਗਰਿਕਾਂ ਦੀ ਆਰਥਿਕਤਾ 'ਤੇ ਬਹੁਤ ਨਾਂਹਪੱਖੀ ਅਸਰ ਪਏਗਾ। ਇਸ ਲਈ ਕਿਸਾਨ ਅੰਦੋਲਨ ਕੇਵਲ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਨਹੀਂ, ਬਲਕਿ ਖੁਰਾਕ ਦੀ ਸਮੱਸਿਆ ਨੂੰ ਨਾਲ ਜੋੜ ਕੇ ਵੀ ਹੈ। ਜੇ ਪੈਦਾਵਾਰ ਪ੍ਰਭਾਵਿਤ ਹੋਏਗੀ ਜਾਂ ਮਹਿੰਗੀ ਹੋਏਗੀ, ਜਿਸ ਦਾ ਕਿ ਕਾਰਪੋਰੇਟ ਖੇਤਰ ਦੇ ਖੇਤੀ ਉੱਪਰ ਕਬਜ਼ੇ ਤੋਂ ਬਾਅਦ ਹੋਣ ਦਾ ਪੂਰਾ ਅੰਦੇਸ਼ਾ ਹੈ ਤਾਂ ਲੋਕਾਂ ਦੀ ਖੁਰਾਕ ਸਮੱਸਿਆ ਵਧ ਜਾਏਗੀ, ਕਿਉਂਕਿ ਉਹਨਾਂ ਲਈ ਖੁਰਾਕ ਨੂੰ ਖਰੀਦਣਾ ਔਖਾ ਹੋ ਜਾਏਗਾ। ਕਿਸਾਨ ਤਾਂ ਆਪਣੇ ਜੋਗੀ ਫਸਲ ਪੈਦਾ ਕਰਕੇ ਥੋੜ੍ਹੀ-ਬਹੁਤ ਜ਼ਮੀਨ ਵਿੱਚ ਆਪਣਾ ਗੁਜ਼ਾਰਾ ਕਰ ਲਏਗਾ, ਪਰ ਉਦਯੋਗਿਕ ਮਜ਼ਦੂਰ, ਮੁਲਾਜ਼ਮ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੇ ਹੋਰ ਲੋਕ ਜਿਹੜੇ ਕਿ ਖੇਤੀ ਦੇ ਕਿੱਤੇ ਨਾਲ ਨਹੀਂ ਜੁੜੇ ਹੋਏ, ਉਹਨਾਂ ਉੱਪਰ ਇਸ ਦਾ ਮਾੜਾ ਪ੍ਰਭਾਵ ਪਏਗਾ। ਇਹ ਸਾਂਝੀਵਾਲਤਾ ਦੀ ਆਵਾਜ਼ ਸੀ, ਜਿਸ ਨੇ ਕਿ ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨ ਮੋਰਚੇ ਨੂੰ ਲੰਮੇ ਸਮੇਂ ਤੱਕ ਕਾਇਮ ਰੱਖਿਆ ਤੇ ਅੰਤ ਮੋਦੀ ਨੂੰ ਝੁਕਣਾ ਪਿਆ ਤੇ ਕਿਸਾਨ ਵਿਰੋਧੀ ਬਿੱਲ ਵਾਪਸ ਲੈਣੇ ਪਏ। ਇਹ ਗੱਲ ਵੱਖਰੀ ਹੈ ਕਿ ਮੋਦੀ ਬਾਅਦ ਵਿੱਚ ਪੂਰੀ ਤਰ੍ਹਾਂ ਮੁੱਕਰ ਗਿਆ। ਇਸ ਲਈ ਫੇਰ ਅੱਜ ਕਿਸਾਨਾਂ ਨੂੰ ਅੰਦੋਲਨ ਕਰਨਾ ਪੈ ਰਿਹਾ ਹੈ।

ਪਰ ਹੁਣ ਅੰਦੋਲਨ ਹੋਰ ਵੀ ਅੱਗੇ ਵਧ ਗਿਆ ਹੈ, ਕਿਉਂਕਿ ਇਸ ਅੰਦੋਲਨ ਨੂੰ ਹੁਣ ਇੱਕ ਗੱਲ ਤਾਂ ਸਮਝ ਆ ਗਈ ਹੈ ਕਿ ਜੇਕਰ ਮੋਦੀ ਦੀ ਅਗਵਾਈ ਵਾਲੀ ਆਰ ਐੱਸ ਐੱਸ ਦੀ ਥਾਪੜੀ ਭਾਜਪਾ ਸਰਕਾਰ ਸੱਤਾ ਵਿੱਚ ਰਹਿੰਦੀ ਹੈ ਤਾਂ ਖੇਤੀਬਾੜੀ ਦਾ ਭਲਾ ਨਹੀਂ ਹੋਣਾ, ਇਸ ਲਈ ਮੋਦੀ ਨੂੰ ਹਟਾਉਣਾ, ਮੋਦੀ ਨੂੰ ਲਾਹੁਣਾ ਅਤੀ ਜ਼ਰੂਰੀ ਹੈ ਤੇ ਇਸੇ ਨਾਅਰੇ ਨੂੰ ਲੈ ਕੇ ਮੋਦੀ ਹਟਾਓ, ਦੇਸ਼ ਬਚਾਓ, ਸੰਵਿਧਾਨ ਬਚਾਓ ਦੇ ਲਈ ਕਿਸਾਨ ਅੰਦੋਲਨ ਅੱਗੇ ਵਧ ਰਿਹਾ ਹੈ। ਜਦੋਂ ਕਿਸਾਨ ਵੱਡੀ ਗਿਣਤੀ ਵਿੱਚ ਮੋਰਚਾ ਲਾਉਣ ਲਈ ਦਿੱਲੀ ਨੂੰ ਜਾ ਰਹੇ ਸਨ, ਤਾਂ 26 ਨਵੰਬਰ 2020 ਨੂੰ ਹਰਿਆਣਾ ਦੀ ਹੱਦ 'ਤੇ ਉਹਨਾਂ ਉੱਪਰ ਪੁਲਸ ਵੱਲੋਂ ਤਸ਼ੱਦਦ ਕੀਤਾ ਗਿਆ, ਪਰ ਉਸ ਦੀ ਪਰਵਾਹ ਕੀਤੇ ਬਿਨਾਂ ਬੈਰੀਕੇਡ ਤੋੜ ਕੇ ਕਿਸਾਨ ਦਿੱਲੀ ਦੀਆਂ ਹੱਦਾਂ 'ਤੇ ਪਹੁੰਚ ਗਏ ਤੇ ਉੱਥੇ ਮੋਰਚਾ ਲਾ ਲਿਆ। ਯਾਦ ਰਹੇ ਕਿਸਾਨਾਂ ਨੇ ਕਦੇ ਵੀ ਸੜਕਾਂ ਜਾਮ ਨਹੀਂ ਕੀਤੀਆਂ। ਦਿੱਲੀ ਦੀਆਂ ਹੱਦਾਂ 'ਤੇ ਜੋ ਬੈਰੀਕੇਡ ਲਗਾਏ ਗਏ, ਉਹ ਤਾਂ ਦਿੱਲੀ ਪੁਲਸ ਨੇ ਲਗਾਏ, ਨਾ ਕਿ ਕਿਸਾਨਾਂ ਨੇ ਸੜਕਾਂ ਰੋਕੀਆਂ। ਸਰਕਾਰ ਵੱਲੋਂ ਕੀਤੀਆਂ ਗਈਆਂ ਅਨੇਕ ਸਾਜ਼ਿਸ਼ਾਂ ਦੇ ਬਾਵਜੂਦ ਤੇ ਕਿਸਾਨਾਂ ਨੂੰ ਖਾਲਿਸਤਾਨੀ ਕਰਾਰ ਦੇਣ ਦੇ ਬਾਵਜੂਦ ਸਰਕਾਰ ਦੀਆਂ ਸਾਰੀਆਂ ਦਾ ਸਾਰੀਆਂ ਸਾਜ਼ਿਸ਼ਾਂ ਫੇਲ੍ਹ ਹੋਈਆਂ। 700 ਤੋਂ ਉਪਰ ਕਿਸਾਨਾਂ ਨੇ ਸ਼ਹਾਦਤ ਦਿੱਤੀ, ਪਰ ਮੋਰਚਾ ਲਗਾਤਾਰ ਕਾਇਮ ਰਿਹਾ।

ਇਸ ਲਈ ਉਸ ਵੇਲੇ ਜੋ ਲੋਕਾਂ ਨੂੰ ਆਉਣ-ਜਾਣ ਦੀਆਂ ਤਕਲੀਫਾਂ ਹੋਈਆਂ, ਉਸ ਦੀ ਸਾਰੀ ਜ਼ੁੰਮੇਵਾਰੀ ਤੇ ਸਾਰਾ ਦੋਸ਼ ਦਿੱਲੀ ਪੁਲਸ ਜਾਂ ਕੇਂਦਰ ਸਰਕਾਰ ਜਿਸ ਦੇ ਅਧੀਨ ਪੁਲਸ ਕੰਮ ਕਰਦੀ ਹੈ, ਉਸ ਦੇ ਉਪਰ ਆਉਂਦਾ ਹੈ। ਇਸ ਕਾਰਨ ਕਿਸਾਨ ਅੰਦੋਲਨ ਆਮ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਦਾ ਰਿਹਾ ਤੇ ਅੱਗੇ ਵਧਦਾ ਰਿਹਾ। ਅੱਜ ਫੇਰ ਬੜੇ ਹੀ ਸਹਿਜੇ ਢੰਗ ਨਾਲ ਤੇ ਠਰ੍ਹੰਮੇ ਨਾਲ ਅੰਦੋਲਨ ਨੂੰ ਚਲਾਉਣ ਦੀ ਲੋੜ ਹੈ ਤਾਂ ਜੋ ਇਹਨਾਂ ਚੋਣਾਂ ਵਿੱਚ ਭਾਜਪਾ ਨੂੰ ਹਾਰ ਦੇ ਕੇ ਆਉਣ ਵਾਲੇ ਸਮੇਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਲੰਮੀਆਂ ਲਟਕਦੀਆਂ ਮੰਗਾਂ ਨੂੰ ਹੱਲ ਕਰਵਾਇਆ ਜਾ ਸਕੇ।

**# ਸੰਪਰਕ : 94170-00360**

# ਵੋਟਾਂ ਪ੍ਰਤੀ ਘਟਦਾ ਰੁਝਾਨ ਲੋਕਤੰਤਰ ਲਈ ਖ਼ਤਰਾ

**ਪਰਗਟ ਸਿੰਘ ਜੰਬਰ**

ਦੇਸ਼ ਵਿੱਚ ਵੋਟਾਂ ਪੈ ਰਹੀਆਂ ਹਨ। ਸਾਰੀਆਂ ਸਿਆਸੀ ਪਾਰਟੀਆਂ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਲੜ ਰਹੀਆਂ ਹਨ।ਸਾਰੀਆਂ ਸਿਆਸੀ ਪਾਰਟੀਆਂ ਵੋਟਰਾਂ ਨਾਲ ਦਿਲ ਲੁਭਾਵਣੇ ਵਾਅਦੇ ਕਰਕੇ ਭਰਮਾਅ ਰਹੀਆਂ ਹਨ। ਵੋਟਾਂ ਵੇਲੇ ਹਰ ਪਾਰਟੀ ਲੋਕ ਹਿੱਤਾਂ ਦੀ ਗੱਲ ਕਰ ਰਹੀ ਹੈ। ਪਾਰਟੀ ਵਰਕਰ ਆਪਣੇ-ਆਪਣੇ ਉਮੀਦਵਾਰ ਨੂੰ ਜਿਤਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ।ਸਿਆਸੀ ਪਾਰਟੀਆਂ ਲੋਕ ਮੱਤ ਨੂੰ ਪ੍ਰਭਾਵਿਤ ਕਰਨ ਲਈ ਅਖਬਾਰਾਂ ਵਿੱਚ ਵੱਡੇ-ਵੱਡੇ ਇਸ਼ਤਿਹਾਰ ਲਗਵਾ ਕੇ, ਰੈਲੀਆਂ ਕਰਕੇ, ਬੈਨਰ ਲਗਵਾ ਕੇ ਅਤੇ ਮੁਨਿਆਦੀ ਕਰਵਾ ਕੇ ਕੋਸ਼ਿਸ਼ ਕਰਦੀਆਂ ਹਨ। ਲੋਕਾਂ ਦਾ ਭਵਿੱਖ ਸੁਧਾਰਨ ਲਈ ਵਾਅਦਿਆਂ ਦੀ ਝੜੀ ਲਾਈ ਜਾ ਰਹੀ ਹੈ। ਸਿਆਸੀ ਪਾਰਟੀਆਂ ਦਾ ਮਕਸਦ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨਾ ਹੁੰਦਾ ਹੈ। ਇਸ ਲਈ ਬਹੁਤ ਸਾਰੇ ਝੂਠੇ ਵਾਅਦੇ ਵੀ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਬਾਅਦ ਵਿੱਚ ਚੁਣਾਵੀ ਜੁਮਲੇ ਕਹਿ ਟਾਲ ਦਿੱਤਾ ਜਾਂਦਾ ਹੈ।

1947 ਤੋਂ ਪਹਿਲਾਂ ਭਾਰਤ ਇੰਗਲੈਂਡ ਦਾ ਗੁਲਾਮ ਸੀ। ਉਸ ਤੋਂ ਪਹਿਲਾਂ ਰਾਜਿਆਂ ਦਾ ਰਾਜ ਸੀ। ਭਾਰਤ ਜਦੋਂ ਅਜ਼ਾਦ ਹੋਇਆ ਤਾਂ ਕਾਨੂੰਨ ਦਾ ਰਾਜ ਸਥਾਪਤ ਕਰਨ ਲਈ ਡਾਕਟਰ ਭੀਮ ਰਾਓ ਅੰਬੇਦਕਰ ਦੀ ਅਗਵਾਈ ਵਿੱਚ ਸੰਵਿਧਾਨ ਸਭਾ ਬਣਾਈ ਗਈ। ਇਸ ਸੰਵਿਧਾਨ ਸਭਾ ਵੱਲੋਂ ਬਣਾਇਆ ਗਿਆ ਸੰਵਿਧਾਨ 26 ਜਨਵਰੀ 1950 ਨੂੰ ਲਾਗੂ ਕਰਕੇ ਭਾਰਤ ਨੂੰ ਗਣਤੰਤਰ ਰਾਜ ਬਣਾਇਆ ਗਿਆ। ਇਸ ਸੰਵਿਧਾਨ ਨੇ ਭਾਰਤ ਦੇ ਲੋਕਾਂ ਨੂੰ ਬਿਨਾਂ ਕਿਸੇ ਲਿੰਗ, ਜਾਤ ਜਾਂ ਧਰਮ ਦੇ ਵਿਤਕਰੇ ਤੋਂ ਸਰਕਾਰ ਦੀ ਚੋਣ ਕਰਨ ਲਈ ਵੋਟ ਦਾ ਅਧਿਕਾਰ ਦਿੱਤਾ।ਸੰਵਿਧਾਨ ਵੱਲੋਂ ਵੋਟ ਦਾ ਅਧਿਕਾਰ ਤਾਂ ਦੇ ਦਿੱਤਾ, ਪਰ ਕੀ ਭਾਰਤ ਦੇ ਲੋਕ ਸਰਕਾਰ ਚੁਣਨ ਵੇਲੇ ਆਪਣੀ ਵੋਟ ਦਾ ਸਹੀ ਇਸਤੇਮਾਲ ਕਰ ਰਹੇ ਹਨ? ਬਹੁਤ ਸਾਰੇ ਲੋਕ ਤਾਂ ਵੋਟ ਪਾਉਣ ਹੀ ਨਹੀਂ ਜਾਂਦੇ। ਭਾਰਤ ਦੇ ਲੋਕਾਂ ਵਿੱਚ ਬਹੁਤ ਸਾਰੇ ਲੋਕ ਅਨਪੜ੍ਹ ਹਨ। ਉਹ ਵੋਟ ਦੀ ਤਾਕਤ ਨੂੰ ਨਹੀਂ ਜਾਣਦੇ। ਵੋਟਰਾਂ ਦੀ ਅਨਪੜ੍ਹਤਾ ਤੇ ਭੋਲੇਪਣ ਕਾਰਣ ਬਹੁਤ ਸਾਰੇ ਸ਼ਾਤਰ ਕਿਸਮ ਦੇ ਸਿਆਸੀ ਲੀਡਰਾਂ ਵੱਲੋਂ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ। ਜਿਸ ਨਾਲ ਦੇਸ਼ ਦੇ ਵਿਕਾਸ ਵਿੱਚ ਅਜਿਹੇ ਲੋਕ ਅੜਚਣ ਪਾਉਂਦੇ ਹਨ। ਬਹੁਤ ਸਾਰੇ ਗੁੰਡਾ ਪਰਵਿਰਤੀ ਦੇ ਲੋਕ ਸਿਆਸਤ ਵਿੱਚ ਪ੍ਰਵੇਸ਼ ਕਰਕੇ ਆਪਣੇ ਅਧਿਕਾਰਾਂ ਦਾ ਗਲਤ ਇਸਤੇਮਾਲ ਕਰਦੇ ਹਨ। ਦੇਸ਼ ਦੀਆਂ ਪਹਿਲੀਆਂ ਆਮ ਚੋਣਾਂ 1952 ਵਿੱਚ ਹੋਈਆਂ। ਦੇਸ਼ ਦੇ ਲੱਗਭੱਗ 45% ਲੋਕਾਂ ਨੇ ਆਪਣੇ ਮੱਤ ਅਧਿਕਾਰ ਦੀ ਵਰਤੋਂ ਕੀਤੀ। ਤਕਰੀਬਨ 55% ਲੋਕਾਂ ਨੇ ਵੋਟਾਂ ਵਿੱਚ ਹਿੱਸਾ ਨਹੀਂ ਲਿਆ। ਦੇਸ਼ ਦੇ ਲੋਕਾਂ ਦੀ ਵੋਟਾਂ ਪਾਉਣ ਵਿੱਚ ਉਦਾਸੀਨਤਾ ਦੇਸ਼ ਹਿੱਤ ਵਿੱਚ ਨਹੀਂ ਹੈ। ਭਾਰਤ ਦੇ ਨਾਗਰਿਕਾਂ ਨੂੰ ਆਪਣੀ ਵੋਟ ਪਾਉਣ ਦੀ ਮਹੱਤਤਾ ਸਮਝਣੀ ਚਾਹੀਦੀ ਹੈ। ਭਾਰਤ ਵਿੱਚ ਹੁਣ ਤੱਕ ਜਿੰਨੀਆਂ ਵੀ ਚੋਣਾਂ ਹੋਈਆਂ ਹਨ, ਕਿਸੇ ਵੀ ਚੋਣ ਵਿੱਚ 100% ਲੋਕਾਂ ਨੇ ਵੋਟਾਂ ਨਹੀਂ ਪਾਈਆਂ। 1957 ਵਿੱਚ 47.8 % ਲੋਕਾਂ ਨੇ ਵੋਟਾਂ ਵਿੱਚ ਹਿੱਸਾ ਲਿਆ। 1962 ਵਿੱਚ ਕੁੱਝ ਸੁਧਾਰ ਹੋਇਆ, 61.33 % ਲੋਕਾਂ ਨੇ ਮੱਤਦਾਨ ਕੀਤਾ। 1967 ਵਿੱਚ 61%, 1977 ਵਿੱਚ 60.53%, 1980 ਵਿੱਚ 57%, 1984 ਵਿੱਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਹੋਈਆਂ ਚੋਣਾਂ ਵਿੱਚ 64% ਲੋਕਾਂ ਨੇ ਭਾਗ ਲਿਆ। 1989 ਦੀਆਂ ਚੋਣਾਂ ਵਿੱਚ 62%, 1991 ਵਿੱਚ 55.88%, 1996 ਵਿੱਚ 57.94%, 1998 ਵਿੱਚ 61.97%, 1999 ਵਿੱਚ 60% ਅਤੇ 2004 ਵਿੱਚ 58%, 2009 ਵਿੱਚ 58%, 2014 ਵਿੱਚ 66.44% ਵੋਟਾਂ ਨਾਲ ਬਦਲਾਅ ਹੋਇਆ। 2019 ਵਿੱਚ 67.40% ਵੋਟਾਂ ਨਾਲ ਸਰਕਾਰ ਬਰਕਰਾਰ ਰਹੀ। ਇਹ ਸਾਰੇ ਅੰਕੜੇ ਦੇਣ ਦਾ ਭਾਵ ਹੈ ਕਿ ਭਾਰਤ ਦੇ ਲੋਕ ਚੋਣਾਂ ਵਿੱਚ ਪੂਰੇ ਚਾਅ, ਉਤਸ਼ਾਹ ਨਾਲ ਭਾਗ ਨਹੀਂ ਲੈਂਦੇ। 34% ਤੋਂ ਵੱਧ ਲੋਕਾਂ ਨੇ 1952 ਤੋਂ ਲੈ ਕੇ ਹੁਣ ਤੱਕ ਕਦੇ ਵੋਟ ਨਹੀ ਪਾਈ। ਉਹਨਾਂ ਲੋਕਾਂ ਨੂੰ ਵੋਟ ਦੀ ਤਾਕਤ ਸਮਝ ਨਹੀਂ ਆਈ। ਸਾਡੇ ਸਿਆਸੀ ਆਗੂਆਂ ਦੀ ਮੌਕਾਪ੍ਰਸਤੀ, ਭ੍ਰਿਸ਼ਟਾਚਾਰੀ ਅਤੇ ਗੁੰਡਾ ਅਨਸਰਾਂ ਦਾ ਚੋਣਾਂ ਵਿੱਚ ਖੜ੍ਹੇ ਹੋਣਾ ਵੀ ਆਮ ਲੋਕਾਂ ਨੂੰ ਚੋਣਾਂ ਤੋਂ ਦੂਰ ਰੱਖਦਾ ਹੈ, ਕਿਉਂਕਿ ਆਮ ਲੋਕ ਸੋਚਦੇ ਹਨ ਕਿ ਜੇ ਸਿਸਟਮ ਵਿੱਚ ਸੁਧਾਰ ਨਹੀਂ ਹੋਣਾ ਤਾਂ ਵੋਟ ਪਾਉਣ ਦਾ ਕੀ ਫਾਇਦਾ ? ਭਾਰਤ ਦੇ ਚੋਣ ਕਮਿਸ਼ਨ ਵੱਲੋਂ ਪਿਛਲੇ ਕਈ ਸਾਲਾਂ ਤੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਵੋਟ ਪ੍ਰਤੀਸ਼ਤ ਵਧ ਸਕੇ। ਹੁਣ ਵੀ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਮੇਰੀ ਵੋਟ ਮੇਰੀ ਤਾਕਤ ਤਹਿਤ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਪਰ ਵਰਤਮਾਨ ਸਮੇਂ ਵਿੱਚ ਜੋ ਚੋਣਾਂ ਹੋ ਰਹੀਆਂ ਹਨ, ਉਸ ਵਿੱਚ ਵੀ ਲੋਕਾਂ ਦਾ ਰੁਝਾਨ ਨਹੀਂ ਬਣ ਰਿਹਾ। 55% ਤੋਂ 65% ਦੇ ਦਰਮਿਆਨ ਹੀ ਵੋਟਾਂ ਪੈ ਰਹੀਆਂ ਹਨ। ਭਾਰਤ ਦੇ ਸਾਰੇ ਲੋਕਾਂ ਨੂੰ ਵੋਟਾਂ ਵਾਲੇ ਦਿਨ ਸਾਰੇ ਕੰਮ ਛੱਡ ਕੇ ਵੋਟਾਂ ਪਾਉਣ ਦੇ ਕੰਮ ਨੂੰ ਪਰਮ ਅਗੇਤ ਦੇਣੀ ਚਾਹੀਦੀ ਹੈ। ਚੋਣ ਕਮਿਸ਼ਨ ਵੱਲੋਂ 85 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਲਈ ਘਰ-ਘਰ ਜਾ ਕੇ ਬੈਲਟ ਪੇਪਰ ਰਾਹੀਂ ਵੋਟ ਪਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਅੰਗਹੀਣ ਅਤੇ ਸਰਕਾਰੀ ਮੁਲਾਜ਼ਮਾਂ ਦੀਆਂ ਵੋਟਾਂ ਵੀ ਵੋਟਾਂ ਵਾਲੇ ਦਿਨ ਤੋਂ ਪਹਿਲਾਂ ਹੀ ਪੁਆ ਲਈਆਂ ਜਾਂਦੀਆਂ ਹਨ।ਇਸ ਨਾਲ ਵੋਟ ਪ੍ਰਤੀਸ਼ਤ ਵਿੱਚ ਵਾਧਾ ਹੋ ਸਕਦਾ ਹੈ, ਪਰ ਇੱਥੇ ਬੂਥ ਲੈਵਲ ਅਫਸਰਾਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ ਤਾਂ ਜੋ ਸਾਰੇ ਸਹੀ ਲੋਕਾਂ ਦੀ ਸ਼ਨਾਖਤ ਹੋ ਸਕੇ।

ਜੇਕਰ ਲੋਕ ਵੋਟ ਨਹੀਂ ਪਾਉਣਗੇ ਤਾਂ ਉਹਨਾਂ ਨੂੰ ਵੋਟ ਦੀ ਤਾਕਤ ਸਮਝ ਨਹੀਂ ਆਵੇਗੀ। ਭਾਰਤ ਦੇ ਸੰਵਿਧਾਨ ਨੇ ਭਾਰਤ ਦੇ ਨਾਗਰਿਕਾਂ ਨੂੰ ਵੋਟ ਪਾਉਣ ਦਾ ਬ੍ਰਹਮ ਅਸਤਰ ਦਿੱਤਾ ਹੈ। ਇਸ ਦਾ ਚੋਣਾਂ ਵਾਲੇ ਦਿਨ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ। ਇਸੇ ਕਰਕੇ ਪ੍ਰਧਾਨ ਮੰਤਰੀ, ਮੰਤਰੀ, ਵੱਡੇ-ਵੱਡੇ ਲੀਡਰ ਸਾਡੇ ਘਰਾਂ ਦਾ ਦਰਵਾਜ਼ਾ ਖੜਕਾ ਵੋਟਾਂ ਮੰਗਣ ਆਉਂਦੇ ਹਨ। ਇਹੀ ਸਾਡੇ ਲੋਕਤੰਤਰ ਦੀ ਖ਼ੂਬਸੂਰਤੀ ਹੈ। ਅਰਬਪਤੀ ਉਮੀਦਵਾਰ ਨੂੰ ਗਰੀਬ ਦੀ ਝੁੱਗੀ ਵਿੱਚ ਜਾ ਕੇ ਵੋਟ ਮੰਗਣੀ ਪੈਂਦੀ ਹੈ। ਭਾਰਤ ਦੇ ਚੋਣ ਕਮਿਸ਼ਨ ਦਾ ਇਕ ਹੋਰ ਸ਼ਲਾਘਾਯੋਗ ਕਦਮ ਹੈ ਕਿ ਜੇਕਰ ਕਿਸੇ ਵੋਟਰ ਨੂੰ ਚੋਣਾਂ ਵਿੱਚ ਖੜ੍ਹੇ ਸਾਰੇ ਉਮੀਦਵਾਰ ਪਸੰਦ ਨਹੀਂ ਹਨ ਤਾਂ ਉਹ ਨੋਟਾ ਦਾ ਬਟਨ ਦਬਾ ਸਕਦਾ ਹੈ। ਭਾਰਤ ਦੇ ਲੋਕਤੰਤਰ ਨੇ ਲੋਕਾਂ ਨੂੰ ਵੋਟ ਦੀ ਤਾਕਤ ਦਿੱਤੀ ਹੈ, ਜਿਸ ਦੀ ਵਰਤੋਂ ਕਰਕੇ ਉਹ ਸਰਕਾਰ ਬਣਾ ਵੀ ਸਕਦੇ ਹਨ ਅਤੇ ਸਰਕਾਰ ਹਟਾ ਵੀ ਸਕਦੇ ਹਨ। ਆਓ ਪ੍ਰਣ ਕਰੀਏ ਵੋਟਾਂ ਵਾਲੇ ਦਿਨ ਸਾਰੇ ਕੰਮ ਛੱਡ ਕੇ ਵੋਟ ਪਾਉਣ ਜਾਵਾਂਗੇ। ਮੇਰੀ ਵੋਟ, ਮੇਰੀ ਤਾਕਤ ਦੀ ਸ਼ਕਤੀ ਨੂੰ ਪਹਿਚਾਣਾਂਗੇ। ਵੋਟ ਪਾ ਕੇ ਸਿਆਣੇ-ਸੁਲਝੇ ਹੋਏ ਲੋਕਾਂ ਦੇ ਹੱਥਾਂ ਵਿੱਚ ਦੇਸ਼ ਦੀ ਵਾਗਡੋਰ ਸੌਂਪੀਏ। ਜਿਹੜੇ ਸਾਡਾ ਭਵਿੱਖ ਸੁਧਾਰ ਸਕਦੇ ਹੋਣ।

**# ਸੰਪਰਕ : 88377-26702**

# ਚੋਣਾਂ 'ਚ ਔਰਤਾਂ ਦੀ ਹਿੱਸੇਦਾਰੀ, ਦਾਅਵੇ ਤੇ ਹਕੀਕਤ

**ਕੰਵਲਜੀਤ ਕੌਰ ਗਿੱਲ**

ਭਾਰਤ ਨੂੰ ਵਿਸ਼ਵ ਪੱਧਰ 'ਤੇ ਸਭ ਤੋਂ ਵੱਡੀ ਜਮਹੂਰੀਅਤ ਅਤੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ। 26 ਜਨਵਰੀ 1950 ਵਿੱਚ ਭਾਰਤ ਦਾ ਸੰਵਿਧਾਨ ਲਾਗੂ ਹੋਣ ਉਪਰੰਤ ਹਰੇਕ ਨਾਗਰਿਕ ਨੂੰ ਬਿਨਾਂ ਕਿਸੇ ਰੰਗ, ਜਾਤ, ਬਿਰਾਦਰੀ, ਧਰਮ, ਨਸਲ, ਕਬੀਲੇ ਜਾਂ ਲਿੰਗ ਆਦਿ ਦੇ ਭੇਦਭਾਵ ਤੋਂ ਬਰਾਬਰੀ ਦਾ ਦਰਜਾ ਪ੍ਰਾਪਤ ਹੋ ਗਿਆ ਸੀ। ਇਸ ਸੰਵਿਧਾਨ ਅਨੁਸਾਰ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਅਤੇ ਲੋਕਾਂ ਦੀ ਪ੍ਰਤੀਨਿਧਤਾ ਕਰਨ ਲਈ ਚੁਣੇ ਜਾਣ ਦਾ ਅਧਿਕਾਰ ਵੀ ਮਿਲ ਗਿਆ ਸੀ। ਇਸ ਨਾਲ ਇਹ ਨਿਸ਼ਚਿਤ ਹੋ ਗਿਆ ਕਿ ਹੁਣ ਲੋਕਾਂ ਦੁਆਰਾ ਚੁਣੀ ਹੋਈ ਲੋਕਾਂ ਦੀ ਸਰਕਾਰ, ਲੋਕ ਹਿੱਤ ਲਈ ਦੇਸ਼ ਦਾ ਰਾਜ ਪ੍ਰਬੰਧ ਚਲਾਵੇਗੀ।1952 ਵਿੱਚ ਪਹਿਲੀ ਵਾਰ ਲੋਕ ਸਭਾ ਦੀਆਂ ਚੋਣਾਂ ਹੋਈਆਂ। ਉਸ ਪ੍ਰਕਿਰਿਆ ਨੂੰ ਜਾਰੀ ਰੱਖਦੇ ਹੋਏ 2024 ਵਿੱਚ ਪਾਰਲੀਮੈਂਟ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਲੋਕ ਜਿਸ ਪਾਰਟੀ ਦੀ ਸੋਚ ਅਤੇ ਪ੍ਰੋਗਰਾਮ ਨੂੰ ਸਹੀ ਸਮਝਦੇ ਹਨ, ਉਸ ਨੂੰ ਇਸ ਅਧਿਕਾਰ ਦੀ ਵਰਤੋਂ ਕਰਦੇ ਹੋਏ ਰਾਜ ਸੱਤਾ ਸੌਂਪ ਦਿੰਦੇ ਹਨ। ਚੋਣਾਂ ਤੋਂ ਪਹਿਲਾਂ ਹਰੇਕ ਪਾਰਟੀ ਵੱਲੋਂ ਚੋਣ ਮਨੋਰਥ ਪੱਤਰ/ਮੈਨੀਫੈਸਟੋ ਜਾਰੀ ਕੀਤਾ ਜਾਂਦਾ ਹੈ, ਜਿਸ ਵਿੱਚ ਵਿੱਤੋਂ ਬਾਹਰੇ ਤੇ ਲੁਭਾਉਣੇ ਵਾਅਦੇ ਕੀਤੇ ਜਾਂਦੇ ਹਨ ਅਤੇ ਵੱਧ ਤੋਂ ਵੱਧ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦੇ ਯਤਨ ਕੀਤੇ ਜਾਂਦੇ ਹਨ। ਇਹਨਾਂ ਵਾਅਦਿਆਂ ਵਿੱਚ ਮੁਫਤ ਵਿੱਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਤੋਂ ਇਲਾਵਾ ਵੋਟਰਾਂ ਦੇ ਕਿਸੇ ਖਾਸ ਵਰਗ-ਵਿਸ਼ੇਸ਼ ਜਾਂ ਹਿੱਸੇ ਨੂੰ ਪ੍ਰਭਾਵਿਤ ਕਰਦੇ ਇਕਰਾਰ ਵੀ ਕੀਤੇ ਜਾਂਦੇ ਹਨ। ਔਰਤ ਵੋਟਰਾਂ ਨੂੰ ਲੁਭਾਉਣ ਵਾਸਤੇ ਰਸੋਈ ਗੈਸ ਦੇ ਸਿਲੰਡਰ ਸਸਤੇ ਕਰਨਾ, ਸਰਕਾਰੀ ਬੱਸਾਂ ਵਿੱਚ ਸਫ਼ਰ ਦੀ ਮੁਫਤ ਸਹੂਲਤ ਪ੍ਰਦਾਨ ਕਰਨਾ ਜਾਂ ਬਿਨਾਂ ਕਿਸੇ ਘੱਟੋ-ਘੱਟ ਰਕਮ ਜਮ੍ਹਾਂ ਕਰਵਾਉਣ ਦੇ ਬੈਂਕ ਖਾਤੇ ਖੁਲ੍ਹਵਾਉਣ ਵਿੱਚ ਸਹਾਇਤਾ ਕਰਨਾ, ਸਕੂਲ ਜਾਣ ਵਾਲੀਆਂ ਲੜਕੀਆਂ ਨੂੰ ਸਾਈਕਲ ਮੁਹੱਈਆ ਕਰਾਉਣਾ ਆਦਿ ਸ਼ਾਮਲ ਹਨ। ਹਰ ਇੱਕ ਪਾਰਟੀ ਭਲੀ-ਭਾਂਤ ਜਾਣਦੀ ਹੈ ਕਿ ਕੁਲ ਅਬਾਦੀ ਦਾ ਲੱਗਭੱਗ ਅੱਧਾ ਹਿੱਸਾ ਔਰਤਾਂ ਦੀ ਆਬਾਦੀ ਹੈ ਅਤੇ ਹੁਣ ਔਰਤਾਂ ਆਪਣੇ ਵੋਟ ਪਾਉਣ ਦੇ ਅਧਿਕਾਰ ਦੀ ਸੁਤੰਤਰ ਵਰਤੋਂ ਕਰਨ ਲੱਗੀਆਂ ਹਨ। ਔਰਤਾਂ ਦੇ ਸਿੱਖਿਅਤ ਹੋਣ ਦੀ ਇਸ ਵਿੱਚ ਅਹਿਮ ਭੂਮਿਕਾ ਹੈ, ਜਿਹੜੀ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਪ੍ਰਤੀ ਉਨ੍ਹਾਂ ਨੂੰ ਜਾਗਰੂਕ ਕਰਦੀ ਹੈ ਕਿ ਕਿਸੇ ਦੀ ਪੁੱਤਰੀ, ਪਤਨੀ, ਭੈਣ ਹੋਣ ਦੇ ਨਾਲ-ਨਾਲ ਉਨ੍ਹਾਂ ਦੀ ਆਪਣੀ ਸੁਤੰਤਰ ਹੋਂਦ ਵੀ ਹੈ। ਇਸ ਲਈ ਔਰਤ ਵੋਟਰਾਂ ਦੀ ਗਿਣਤੀ ਪਿਛਲੀਆਂ ਮੁੱਖ ਚੋਣਾਂ ਦੇ ਮੁਕਾਬਲੇ ਲਗਾਤਾਰ ਵਧ ਰਹੀ ਹੈ।

ਸਿਆਸੀ ਖੇਤਰ ਵਿੱਚ ਔਰਤਾਂ ਦੀ ਕਿੰਨੀ ਕੁ ਹਿੱਸੇਦਾਰੀ ਹੈ ਜਾਂ ਪ੍ਰਮੁੱਖ ਪਾਰਟੀਆਂ ਜਿਹੜੀਆਂ ਉਹਨਾਂ ਨੂੰ ਵੋਟਰ ਦੇ ਤੌਰ 'ਤੇ ਆਪਣੇ ਹੱਕ ਵਿੱਚ ਭੁਗਤਣ ਲਈ ਔਰਤ-ਪੱਖੀ ਮੁਫਤ ਸਕੀਮਾਂ, ਪ੍ਰੋਗਰਾਮ ਜਾਂ ਇਕਰਾਰ ਕਰਦੀਆਂ ਹਨ ਉਹ ਆਪਣੀ ਪਾਰਟੀ ਲਈ ਕਿੰਨੀਆਂ ਕੁ ਔਰਤਾਂ ਨੂੰ ਟਿਕਟ ਦਿੰਦੀਆਂ ਹਨ, ਜਿਸ ਤਹਿਤ ਉਹਨਾਂ ਦੀ ਅੱਗੇ ਜਾ ਕੇ ਪਾਰਲੀਮੈਂਟ ਵਿੱਚ ਨੁਮਾਇੰਦਗੀ ਹੁੰਦੀ ਹੈ ? ਮਹਿਲਾ ਰਿਜ਼ਰਵੇਸ਼ਨ ਬਿੱਲ ਤਹਿਤ ਔਰਤ-ਮਰਦ ਦੀ ਬਰਾਬਰੀ ਜਾਂ ਜੈਂਡਰ ਸਮਾਨਤਾ, ਨਾਰੀ ਸ਼ਕਤੀ ਆਦਿ ਦੇ ਦਾਅਵੇ ਕਰਨ ਵਾਲੀਆਂ ਪਾਰਟੀਆਂ ਦੁਆਰਾ ਔਰਤਾਂ ਦੀਆਂ ਕੀਤੀਆਂ ਨਾਮਜ਼ਦਗੀਆਂ ਉੱਪਰ ਝਾਤ ਮਾਰਨ ਉਪਰੰਤ ਪਤਾ ਲੱਗਦਾ ਹੈ ਕਿ ਦਾਅਵਿਆਂ ਅਤੇ ਹਕੀਕਤ ਵਿੱਚ ਚੋਖਾ ਅੰਤਰ ਹੈ। 1962 ਵਿੱਚ ਕੁੱਲ 42% ਔਰਤ ਵੋਟਰ ਸਨ, ਜਿਨ੍ਹਾਂ ਦੀ ਗਿਣਤੀ 2019 ਵਿੱਚ ਵਧ ਕੇ 48.2% ਹੋ ਗਈ ਸੀ। ਇਹ ਆਬਾਦੀ ਦੇ ਵਾਧੇ ਅਤੇ ਇਸ ਦੀ ਬਣਤਰ (ਕੁੱਲ ਵਸੋਂ ਵਿੱਚ ਮਰਦ ਔਰਤਾਂ ਦੀ ਕੁੱਲ ਸੰਖਿਆ) ਨਾਲ ਮੇਲ ਖਾਂਦੀ ਹੈ। ਇਵੇਂ ਹੀ 1962 ਵਿੱਚ ਔਰਤ ਪਾਰਲੀਮੈਂਟ ਮੈਂਬਰਾਂ ਦੀ ਗਿਣਤੀ 6.3% ਸੀ, ਜਿਹੜੀ ਵਧ ਕੇ 2019 ਵਿੱਚ 14.4% ਹੋ ਗਈ ਸੀ, ਪਰ ਇਹ ਅੰਕੜਾ ਮਹਿਲਾ ਰਿਜ਼ਰਵੇਸ਼ਨ ਬਿੱਲ ਦੇ, 33% ਦੇ ਮਾਪਦੰਡ ਤੋਂ ਬਹੁਤ ਘੱਟ ਹੈ। ਮਹਿਲਾ ਰਿਜਰਵੇਸ਼ਨ ਬਿੱਲ ਕੇਂਦਰ ਸਰਕਾਰ ਵੱਲੋਂ ਸਤੰਬਰ 2023 ਵਿੱਚ ਦੋਵਾਂ ਸਦਨਾਂ ਵਿੱਚੋਂ ਪਾਸ ਕਰਵਾ ਲਿਆ ਗਿਆ ਸੀ।ਇਹ ਬਿੱਲ ਮੁੱਖ ਰੂਪ ਵਿੱਚ ਪਾਰਲੀਮੈਂਟ ਵਿੱਚ ਔਰਤਾਂ ਦੇ 33% ਨੁਮਾਇੰਦਗੀ ਨਾਲ ਸੰਬੰਧਤ ਹੈ। ਇਸ ਬਿੱਲ ਦੇ ਪਾਸ ਕਰਵਾਉਣ ਦੇ ਕਾਰਜ ਦਾ ਸਭ ਨੇ ਸਵਾਗਤ ਕੀਤਾ ਸੀ, ਪਰ ਜਲਦੀ ਹੀ ਇਹ ਵੀ ਸਪੱਸ਼ਟ ਹੋ ਗਿਆ ਸੀ ਕਿ ਇਹ ਬਿੱਲ 2024 ਦੀਆਂ ਚੋਣਾਂ ਦਾ ਕੰਮ ਸਮੇਟ ਕੇ 2026 ਤੋਂ ਬਾਅਦ ਹੀ ਲਾਗੂ ਕਰਨ ਬਾਰੇ ਸੋਚਿਆ ਜਾਵੇਗਾ। ਜਦੋਂ ਮਰਦਮ-ਸ਼ੁਮਾਰੀ ਦੇ ਕੰਮ ਉਪਰੰਤ ਹਲਕਿਆਂ ਦੀ ਪੁਨਰ ਹੱਦਬੰਦੀ ਕੀਤੀ ਜਾਵੇਗੀ ਤੇ ਉਸ ਅਨੁਸਾਰ ਸੀਟਾਂ ਦੀ ਨਾਮਜ਼ਦਗੀ ਤੇ ਰਾਖਵੇਂਕਰਨ ਆਦਿ ਬਾਰੇ ਕੰਮ ਕਰਨਾ ਸੰਭਵ ਹੋਵੇਗਾ। ਇਵੇਂ ਇਹ ਗੱਲ ਸਾਹਮਣੇ ਆ ਗਈ ਕਿ ਕੇਂਦਰ ਸਰਕਾਰ ਨੇ ਮਹਿਲਾ ਰਾਖਵਾਂਕਰਨ ਬਿੱਲ ਕੇਵਲ ਤੇ ਕੇਵਲ ਔਰਤ ਵੋਟਰਾਂ ਨੂੰ ਲੁਭਾਉਣ ਅਤੇ ਔਰਤ ਵਿਰੋਧੀ ਚੱਲ ਰਹੇ ਵਰਤਾਰੇ/ਕਾਰਨਾਮੇ ਤੇ ਘਟਨਾਵਾਂ ਵੱਲੋਂ ਧਿਆਨ ਹਟਾਉਣ ਲਈ ਇਕ ਜੁਮਲਾ ਮਾਤਰ ਹੀ ਛੱਡਿਆ ਸੀ। ਸਾਰਥਿਕ ਰੂਪ ਵਿੱਚ ਇਸ ਨੂੰ ਲਾਗੂ ਕਰਨ ਵਿੱਚ ਸਰਕਾਰ ਦਾ ਕੋਈ ਮਕਸਦ ਨਜ਼ਰ ਨਹੀਂ ਆਉਂਦਾ। ਇਸ ਦਾ ਸਬੂਤ ਹੈ ਮੌਜੂਦਾ ਚੋਣਾਂ ਦੌਰਾਨ ਵੰਡੀਆਂ ਗਈਆਂ ਟਿਕਟਾਂ ਅਤੇ ਕੀਤੀ ਗਈ ਸੀਟਾਂ ਦੀ ਵੰਡ। ਅਸਲ ਵਿੱਚ ਕੋਈ ਵੀ ਪਾਰਟੀ 33 ਫੀਸਦੀ ਔਰਤਾਂ ਦੀ ਨੁਮਾਇੰਦਗੀ ਪ੍ਰਤੀ ਸੁਹਿਰਦ ਨਹੀਂ ਹੈ। ਮੌਜੂਦਾ 2024 ਦੀਆਂ ਚੋਣਾਂ ਦੌਰਾਨ ਬੀ ਜੇ ਪੀ ਵੱਲੋਂ ਲੋਕ ਸਭਾ ਦੀਆਂ ਕੁੱਲ 417 ਸੀਟਾਂ ਲਈ ਕੇਵਲ 68 ਔਰਤ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਅਰਥਾਤ 16 ਫੀਸਦੀ ਸੀਟਾਂ 'ਤੇ ਔਰਤਾਂ ਨੂੰ ਖੜ੍ਹਾ ਕੀਤਾ ਹੈ। ਮੁਕਾਬਲੇ 'ਤੇ ਆਉਣ ਵਾਲੀ ਕਾਂਗਰਸ ਦੇ 14 % ਔਰਤ ਉਮੀਦਵਾਰ ਹਨ। ਇਹ ਵੀ ਸੱਚ ਹੈ ਕਿ ਇਹਨਾਂ 68 ਬੀ ਜੇ ਪੀ ਦੀਆਂ ਔਰਤ ਉਮੀਦਵਾਰਾਂ ਵਿੱਚੋਂ 40 ਉਹ ਔਰਤਾਂ ਹਨ, ਜਿਹਨਾਂ ਦਾ ਸੰਬੰਧ ਪਹਿਲਾਂ ਹੀ ਰਾਜਨੀਤਕ ਘਰਾਣਿਆਂ ਜਾਂ ਪਾਰਟੀਆਂ ਨਾਲ ਹੈ।ਅਰਥਾਤ ਕਿਸੇ ਦਾ ਪਤੀ, ਕਿਸੇ ਦਾ ਪਿਤਾ ਤੇ ਕਿਸੇ ਦਾ ਭਰਾ ਪਾਰਟੀ ਵਿੱਚ ਸਨ ਤੇ ਹੁਣ ਉਹਨਾਂ ਮਰਦਾਂ ਦੀ ਥਾਂ 'ਤੇ ਉਹਨਾਂ ਦੀਆਂ ਔਰਤਾਂ ਨੂੰ ਖੜ੍ਹਾ ਕਰ ਦਿੱਤਾ ਗਿਆ ਹੈ। ਰਾਜ-ਭਾਗ ਤੇ ਫੈਸਲੇ ਲੈਣ ਦਾ ਕੰਮ-ਕਾਜ ਅਸਿੱਧੇ ਰੂਪ ਵਿੱਚ ਉਹ ਮਰਦ ਹੀ ਪਹਿਲਾਂ ਵਾਂਗ ਕਰਦੇ ਰਹਿਣਗੇ, ਪੰਜਾਬ ਵਿੱਚ ਜਿੱਥੇ ਚੋਣਾਂ ਦੀ ਮਿਤੀ 1 ਜੂਨ ਹੈ, ਉੱਥੇ ਵੀ ਸਥਿਤੀ ਕੁਝ ਇਸੇ ਪ੍ਰਕਾਰ ਦੀ ਹੀ ਹੈ। 'ਪਾਇਨੀਅਰ' ਦੀ ਇੱਕ ਰਿਪੋਰਟ ਅਨੁਸਾਰ ਹੁਣ ਤੱਕ ਬੀ ਜੇ ਪੀ ਨੇ ਔਰਤਾਂ ਨੂੰ 3 ਥਾਵਾਂ ਤੋਂ ਖੜ੍ਹਾ ਕੀਤਾ ਹੈ। ਪਟਿਆਲਾ ਤੋਂ ਪਰਨੀਤ ਕੌਰ ਬਠਿੰਡਾ ਤੋਂ ਪਰਮਪਾਲ ਕੌਰ ਅਤੇ ਅਨੀਤਾ ਸੋਮ ਪ੍ਰਕਾਸ਼ ਹੁਸ਼ਿਆਰਪੁਰ ਤੋਂ ਹਨ। ਕਾਂਗਰਸ ਦੇ ਅਮਰਜੀਤ ਕੌਰ ਫਰੀਦਕੋਟ ਤੋਂ ਅਤੇ ਯਾਮਨੀ ਗੋਮਰ ਹੁਸ਼ਿਆਰਪੁਰ ਤੋਂ ਕੇਵਲ ਦੋ ਸੀਟਾਂ ਲਈ ਉਮੀਦਵਾਰ ਹਨ। ਅਕਾਲੀ ਦਲ ਦੀ ਇੱਕੋ-ਇੱਕ ਉਮੀਦਵਾਰ ਬਠਿੰਡੇ ਤੋਂ ਹਰਸਿਮਰਤ ਕੌਰ ਬਾਦਲ ਹਨ। ਸੀ ਪੀ ਆਈ ਐਮ ਵੀ ਇੱਕ ਔਰਤ ਨੂੰ ਅੰਮ੍ਰਿਤਸਰ ਤੋਂ ਮੈਦਾਨ ਵਿੱਚ ਉਤਾਰਿਆ ਹੈ।

ਰਾਜਨੀਤਕ ਖੇਤਰ ਵਿੱਚ ਦੇਸ਼ ਪੱਧਰ 'ਤੇ ਔਰਤਾਂ ਦੀ ਨੁਮਾਇੰਦਗੀ ਕੇਵਲ 14.4 ਫੀਸਦੀ ਹੈ। ਉਧਰ ਪੰਜਾਬ ਰਾਜ ਵਿੱਚ ਮੌਜੂਦਾ ਚੋਣਾਂ ਦੌਰਾਨ ਸੱਤਾਧਾਰੀ ਪਾਰਟੀ ਵੱਲੋਂ ਔਰਤਾਂ ਦੀ ਗੈਰ-ਹਾਜ਼ਰੀ ਜਾਂ ਨਾ ਮੌਜੂਦਗੀ ਨਾ ਤਾਂ ਵਸੋਂ ਦੀ ਗਿਣਤੀ ਦੇ ਲਿਹਾਜ਼ ਨਾਲ ਮੇਲ ਖਾਂਦੀ ਹੈ ਤੇ ਨਾ ਹੀ ਔਰਤ ਪੱਖੀ ਲਗਾਏ ਜਾ ਰਹੇ ਨਾਅਰਿਆਂ ਪ੍ਰਤੀ। ਦੂਜੇ ਪਾਸੇ ਇਹ ਵੀ ਹਕੀਕਤ ਹੈ ਕਿ ਔਰਤ ਵੋਟਾਂ ਦੀ ਗਿਣਤੀ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਵਾਸਤੇ ਚੋਣਾਂ ਵਿੱਚ ਵੱਡੀ ਹਿੱਸੇਦਾਰੀ ਰੱਖਣ ਵਾਲੀਆਂ ਪਾਰਟੀਆਂ ਆਪਣੇ ਚੋਣ ਮੈਨੀਫੈਸਟੋ ਵਿੱਚ ਔਰਤ ਵੋਟਰਾਂ ਦੀ ਅਣਦੇਖੀ ਕਰਨ ਦਾ ਜੋਖ਼ਮ ਨਹੀਂ ਲੈ ਸਕਦੀਆਂ। ਇਸ ਲਈ ਉਹ ਔਰਤ ਵੋਟਰਾਂ ਨੂੰ ਭਰਮਾਉਣ ਅਤੇ ਖੁਸ਼ ਕਰਨ ਦਾ ਹਰ ਸੰਭਵ ਯਤਨ ਕਰਦੀਆਂ ਹਨ। ਲੱਗਭੱਗ ਸਾਰੀਆਂ ਹੀ ਸਿਆਸੀ ਪਾਰਟੀਆਂ ਇਹ ਦਾਅਵੇ ਕਰਦੀਆਂ ਹਨ ਕਿ ਅਸੀਂ ਮਰਦ-ਔਰਤ ਬਰਾਬਰੀ ਦੇ ਹੱਕ ਵਿੱਚ ਹਾਂ। ਦੁਨੀਆ ਭਰ ਦੇ ਅਧਿਐਨ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਸਮਾਜਿਕ, ਆਰਥਿਕ ਬਰਾਬਰੀ ਔਰਤ ਵੋਟਰਾਂ ਨੂੰ ਮੱਤਦਾਨ ਕੇਂਦਰਾਂ ਤੱਕ ਲੈ ਜਾਂਦੀ ਹੈ, ਪਰ ਮਹਿਲਾ ਸ਼ਕਤੀਕਰਨ ਦਾ ਸਿੱਧਾ ਸੰਬੰਧ ਮਰਦ ਔਰਤ ਦੀ ਬਰਾਬਰੀ ਨਾਲ ਵਧੇਰੇ ਜੁੜਿਆ ਹੋਇਆ ਹੈ। ਇਸ ਪ੍ਰਵਿਰਤੀ ਵਾਲੇ ਮਰਦ, ਔਰਤਾਂ ਨੂੰ ਇੱਕ ਸਕੂਲ ਅਧਿਆਪਕ, ਨਰਸ, ਏਅਰ ਹੋਸਟੈੱਸ ਜਾਂ ਨਿੱਜੀ ਕੰਪਨੀਆਂ ਦੀ ਰਿਸੈਪਸ਼ਨਿਸਟ ਦੇ ਤੌਰ 'ਤੇ ਹੀ ਵੇਖਣਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਦੇਸ਼ ਦੀਆਂ 31 ਅਸੈਂਬਲੀਆਂ ਵਿੱਚੋਂ ਕੇਵਲ 13 ਵਿੱਚ ਹੀ ਕਿਸੇ ਨਾ ਕਿਸੇ ਸਮੇਂ ਤੇ ਔਰਤ ਮੁੱਖ ਮੰਤਰੀ ਰਹੀਆਂ ਹਨ। ਅਨੇਕਾਂ ਉਦਾਹਰਨਾਂ ਹਨ ਜਿੱਥੇ ਸੱਤਾਧਾਰੀ ਪਾਰਟੀ ਨੇ ਉਹਨਾਂ ਮਰਦਾਂ ਨੂੰ ਵੀ ਟਿਕਟਾਂ ਦਿੱਤੀਆਂ ਹਨ, ਜਿਨ੍ਹਾਂ ਉੱਪਰ ਬਲਾਤਕਾਰੀ ਹੋਣ ਦੇ ਆਰੋਪ ਹੀ ਨਹੀਂ, ਦੋਸ਼ ਵੀ ਸਾਬਤ ਹੋ ਚੁੱਕੇ ਹਨ। ਪ੍ਰਜਵਲ ਰੇਵੰਨਾ, ਜੋ ਕਰਨਾਟਕ ਦੇ ਮੰਤਰੀ ਰਹਿ ਚੁੱਕੇ ਸਿਆਸਤਦਾਨ ਐੱਚ ਡੀ ਰੇਵੰਨਾ ਦਾ ਪੁੱਤਰ ਹੈ, ਉਸ ਨੂੰ ਹਾਸਨ ਲੋਕ ਸਭਾ ਸੀਟ ਤੋਂ ਜਨਤਾ ਦਲ (ਸੈਕੂਲਰ) ਅਤੇ ਭਾਜਪਾ ਗਠਜੋੜ ਵੱਲੋਂ ਉਮੀਦਵਾਰ ਖੜ੍ਹਾ ਕੀਤਾ ਗਿਆ ਹੈ। ਪ੍ਰਜਵਲ ਰੇਵੰਨਾ ਵਿਰੁੱਧ ਦੋਸ਼ ਹੈ ਕਿ ਉਸ ਵਹਿਸ਼ੀ ਨੇ 400 ਤੋਂ ਵੱਧ ਔਰਤਾਂ ਨਾਲ ਦੁਸ਼ਕਰਮ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਦੀਆਂ ਵੀਡੀਓ ਵੀ ਬਣਾਉਂਦਾ ਜਾਂ ਬਣਵਾਉਂਦਾ ਰਿਹਾ ਹੈ। 16 ਅਪ੍ਰੈਲ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨੇ ਪ੍ਰਜਵਲ ਰੇਵੰਨਾ ਦੇ ਹੱਕ ਵਿੱਚ ਹੋਈ ਚੋਣ ਰੈਲੀ ਦੌਰਾਨ ਉਸ ਨਾਲ ਸਟੇਜ ਸਾਂਝੀ ਕੀਤੀ।

ਇਵੇਂ ਹੀ ਮਹਿਲਾ ਕੁਸ਼ਤੀ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਪੁੱਤਰ ਕਰਨ ਭੂਸ਼ਨ ਸਿੰਘ ਨੂੰ ਉਤਰ ਪ੍ਰਦੇਸ਼ ਦੇ ਕੇਸਰਗੰਜ ਲੋਕ ਸਭਾ ਹਲਕੇ ਤੋਂ ਟਿਕਟ ਦੇ ਕੇ ਭਾਜਪਾ ਸਰਕਾਰ ਕੀ ਸਿੱਧ ਕਰਨਾ ਚਾਹੁੰਦੀ ਹੈ।ਇਸ ਸਾਰੇ ਵਰਤਾਰੇ ਨੂੰ ਵੋਟਰ ਅਤੇ ਖਾਸ ਕਰਕੇ ਔਰਤਾਂ ਭਲੀ-ਭਾਂਤ ਜਾਣ ਚੁੱਕੀਆਂ ਹਨ।ਉਹਨਾਂ ਨੂੰ ਹੁਣ ਮੁਫਤ ਮਿਲਦੀਆਂ ਸਹੂਲਤਾਂ ਆਦਿ ਤੋਂ ਜਲਦੀ ਕੀਤੇ ਪ੍ਰਭਾਵਿਤ ਕਰਨਾ ਮੁਸ਼ਕਲ ਹੀ ਨਹੀਂ, ਅਸੰਭਵ ਜਾਪਦਾ ਹੈ। ਭਾਵੇਂ ਅਜੋਕੀਆਂ ਰਾਜਨੀਤਕ ਪਾਰਟੀਆਂ ਦੀ ਕੋਈ ਵਿਚਾਰਧਾਰਕ ਪਰਪੱਕਤਾ ਨਹੀਂ ਹੈ, ਪਰ ਫਿਰ ਵੀ ਜਿਹੜੇ ਸਮਾਜਿਕ ਭਲਾਈ ਤੇ ਲੋਕ ਭਲਾਈ ਦੀ ਗੱਲ ਕਰਦੇ ਹਨ, ਲੋਕਾਂ ਨੂੰ ਭਰਮਾਉਣ ਦੀ ਥਾਂ ਸਹੀ ਅਰਥਾਂ ਵਿੱਚ ਉਹਨਾਂ ਦੀ ਪੀੜਾ ਨੂੰ ਸਮਝਦੇ ਹਨ ਤੇ ਕੋਈ ਚਿਰ ਸਥਾਈ/ ਠੋਸ ਪ੍ਰੋਗਰਾਮ ਉਲੀਕਣ ਦੀ ਗੱਲ ਕਰਦੇ ਹਨ, ਵੋਟ ਉਸੇ ਵੱਲ ਜਾਂਦੀ ਹੈ।

ਔਰਤ ਵੋਟਰਾਂ ਦੀ ਚੋਣ ਪ੍ਰਕਿਰਿਆ ਵਿੱਚ ਵਧਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਜ ਦੀ ਜਾਗਰੂਕ ਔਰਤ ਨੂੰ ਰਾਜਨੀਤੀ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਵੀ ਬਦਲਣਾ ਪਵੇਗਾ। ਕਿਸਾਨ ਅੰਦੋਲਨ ਵਿੱਚ ਔਰਤਾਂ ਦੀ ਸ਼ਮੂਲੀਅਤ ਨੇ ਸਿੱਧ ਕਰ ਦਿੱਤਾ ਹੈ ਕਿ ਆਪਣੇ ਫਰਜ਼ਾਂ ਦੇ ਨਾਲ-ਨਾਲ ਅਧਿਕਾਰਾਂ ਪ੍ਰਤੀ ਚੇਤਨ ਔਰਤ ਲਈ ਘਰ ਤੋਂ ਬਾਹਰ ਨਿਕਲ ਕੇ ਰੈਲੀਆਂ, ਜਲਸਿਆਂ, ਮੁਜ਼ਾਹਰਿਆਂ ਜਾਂ ਇਕੱਠਾਂ ਵਿੱਚ ਬੋਲਣਾ ਤੇ ਆਪਣੇ ਹੱਕਾਂ ਪ੍ਰਤੀ ਆਵਾਜ਼ ਬੁਲੰਦ ਕਰਨਾ ਹੀ ਸਮੇਂ ਦੀ ਜ਼ਰੂਰਤ ਹੈ।ਚੋਣਾਂ ਤੋਂ ਬਾਅਦ ਕਿਹੜੀ ਪਾਰਟੀ ਬਹੁਮਤ ਵਿੱਚ ਹੁੰਦੀ ਹੈ ਤੇ ਰਾਜ-ਸੱਤਾ ਕਿਸ ਦੇ ਹੱਥ ਹੋਵੇਗੀ, ਹਾਲ ਦੀ ਘੜੀ ਕੁਝ ਨਹੀਂ ਕਿਹਾ ਜਾ ਸਕਦਾ, ਪਰ ਹੁਣ ਤੱਕ ਦੇ ਹੋਏ ਚੋਣ ਗੇੜਾਂ ਤੋਂ ਜ਼ਾਹਰ ਹੋ ਗਿਆ ਹੈ ਕਿ ਔਰਤਾਂ ਦੀ ਚੋਣਾਂ ਵਿੱਚ ਅਹਿਮ ਭੂਮਿਕਾ ਹੈ। ਮਾਈਗ੍ਰੇਸ਼ਨ ਜਾਂ ਕਿਸੇ ਹੋਰ ਕਾਰਨ ਆਪਣੇ ਹਲਕੇ ਵਿੱਚ ਮੌਜੂਦ ਨਾ ਹੋਣ ਕਾਰਨ ਕਈ ਵਾਰ ਮਰਦ ਆਪਣੇ ਇਸ ਅਧਿਕਾਰ ਦੀ ਵਰਤੋਂ ਕਰਨ ਵਿੱਚ ਖੁੰਝ ਜਾਂਦੇ ਹਨ, ਪਰ ਔਰਤਾਂ ਪਹਿਲਾਂ ਨਾਲੋਂ ਵਧੇਰੇ ਜਾਗਰੂਕ ਹਨ ਤੇ ਵੋਟ ਪਾਉਣ ਜਾਂਦੀਆਂ ਹਨ। ਭਾਰਤੀ ਸਟੇਟ ਬੈਂਕ ਦੇ ਇਕਨਾਮਿਕ ਰਿਸਰਚ ਡਿਪਾਰਟਮੈਂਟ ਦੀਆਂ ਆਮ ਚੋਣਾਂ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵੱਖ-ਵੱਖ ਸਰਕਾਰੀ ਯੋਜਨਾਵਾਂ ਵਿੱਚ ਪਹਿਲਾਂ ਦੇ ਮੁਕਾਬਲੇ ਔਰਤਾਂ ਦੀ ਭੂਮਿਕਾ ਵਧ ਰਹੀ ਹੈ। ਇਸ ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ 2024 ਵਿੱਚ ਕੁੱਲ ਵੋਟਰਾਂ ਦੀ ਗਿਣਤੀ 68 ਕਰੋੜ ਤੋਂ ਵੀ ਵੱਧ ਹੋਵੇਗੀ, ਜਿਸ ਵਿੱਚ ਔਰਤ ਵੋਟਰ ਲਗਭਗ 32 ਕਰੋੜ ਹੋਣ ਦੀ ਸੰਭਾਵਨਾ ਹੈ। ਇਸ ਸੰਦਰਭ ਵਿੱਚ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ 'ਕੇਵਲ ਔਰਤਾਂ ਦੇ ਵਿੰਗ', ਔਰਤ ਯੂਨੀਵਰਸਿਟੀਆਂ ,ਔਰਤਾਂ ਦੇ ਬੈਂਕ /ਬੱਸਾਂ ਆਦਿ ਦੀ ਥਾਂ ਇਹਨਾਂ ਸਮਾਜਿਕ ਸੰਸਥਾਵਾਂ ਵਿੱਚ 'ਜੈਂਡਰ ਸੈੱਲ' ਬਣਾਏ ਜਾਣ , ਜਿੱਥੇ ਜੈਂਡਰ ਸੰਵੇਦਨਸ਼ੀਲ ਅਤੇ ਜੈਂਡਰ ਜਵਾਬਦੇਹੀ ਕਾਰਜ -ਪ੍ਰਣਾਲੀ ਹੋਵੇ। ਮਹਿਲਾ ਰਾਖਵਾਂਕਰਨ ਬਿੱਲ ਦੇ ਸਮਰਥਕਾਂ ਅਤੇ ਸਮਰਥਕ ਪਾਰਟੀਆਂ, ਖਾਸ ਤੌਰ 'ਤੇ ਭਾਜਪਾ ਅਤੇ ਕਾਂਗਰਸ ਨੂੰ ਚਾਹੀਦਾ ਹੈ ਕਿ ਉਹ ਔਰਤ ਉਮੀਦਵਾਰਾਂ ਨੂੰ ਵੀ ਮਰਦਾਂ ਵਾਂਗ ਉਸੇ ਅਨੁਪਾਤ ਅਨੁਸਾਰ ਮੈਦਾਨ ਵਿੱਚ ਉਤਾਰਨ, ਪਰ ਧਿਆਨ ਰਹੇ, ਪਹਿਲਾਂ ਰਾਜਨੀਤਕ ਮਾਹੌਲ ਸਾਫ-ਸੁਥਰਾ, ਸੁਰੱਖਿਅਤ ਅਤੇ ਸੁਖਾਵਾਂ ਬਣਾਉਣਾ ਹੋਵੇਗਾ। ਰਾਜਨੀਤੀ ਵਿੱਚ ਦਾਖ਼ਲ ਹੋਣ ਲਈ ਔਰਤਾਂ ਨੂੰ ਹੀ ਨਹੀਂ, ਮਰਦਾਂ ਨੂੰ ਵੀ ਓਨੀ ਹੀ ਕਾਬਲੀਅਤ ਉਸਾਰੀ (capacity building) ਦੀ ਜ਼ਰੂਰਤ ਹੈ।ਜਾਗਰੂਕ ਔਰਤ ਜਥੇਬੰਦੀਆਂ ਇਸ ਵਿੱਚ ਅਹਿਮ ਰੋਲ ਅਦਾ ਕਰ ਸਕਦੀਆਂ ਹਨ।

**# ਸੰਪਰਕ : 98551-22857**

23-MAY-PAGE-5.qxd 5/22/2024 10:35 PM Page 1



# ਮਗਨਰੇਗਾ ਮੁਲਾਜ਼ਮਾਂ ਵੱਲੋਂ ਕਲਮਛੋੜ ਹੜਤਾਲ ਦੂਜੇ ਦਿਨ 'ਚ ਸ਼ਾਮਲ




**ਜਲਾਲਾਬਾਦ (ਜੀਤ ਕੁਮਾਰ)** – ਮਨਰੇਗਾ ਕਰਮਚਾਰੀ ਯੂਨੀਅਨ ਬਲਾਕ ਜਲਾਲਾਬਾਦ ਵੱਲੋਂ ਗਰਾਮ ਰੋਜ਼ਗਾਰ ਸੇਵਕ ਬਗੀਚਾ ਸਿੰਘ ਨੂੰ ਬਹਾਲ ਕਰਵਾਉਣ ਲਈ ਸ਼ੁਰੂ ਕੀਤੀ ਗਈ ਕਲਮ ਛੋੜ ਹੜਤਾਲ ਅੱਜ ਦੂਜੇ ਦਿਨ ਵਿਚ ਦਾਖਲ ਹੋ ਗਈ। ਇਸ ਹੜਤਾਲ ਦੌਰਾਨ ਮਨਰੇਗਾ ਕਰਮਚਾਰੀਆਂ ਵੱਲੋਂ ਅੱਜ ਫਿਰ ਸਥਾਨਕ ਬੀ.ਡੀ.ਪੀ.ਓ. ਦਫਤਰ ਅੱਗੇ ਰੋਸ ਧਰਨਾ ਸਵੇਰੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਦਿੱਤਾ ਗਿਆ। ਇਸ ਬਾਰੇ ਪ੍ਰੈਸ ਬਿਆਨ ਜਾਰੀ ਕਰਦਿਆਂ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਮ੍ਰਿਤਪਾਲ ਸਿੰਘ ਅਤੇ ਬਲਾਕ ਪ੍ਰਧਾਨ ਬਲਦੇਵ ਸਿੰਘ ਨੇ ਦੱਸਿਆ ਕਿ ਜੀ ਆਰ ਐਸ ਬਗੀਚਾ ਸਿੰਘ ਨੂੰ 20 ਮਈ 2024 ਤੋਂ ਡਿਪਟੀ ਕਮਿਸ਼ਨਰ ਫਾਜ਼ਿਲਕਾ ਵੱਲੋਂ ਬਿਨਾਂ ਪੱਖ ਸੁਣੇ ਅਤੇ ਬਿਨਾਂ ਕਿਸੇ ਨੋਟਿਸ ਤੋਂ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਜੋ ਕਿ ਸਿੱਧੇ ਤੌਰ 'ਤੇ ਮਗਨਰੇਗਾ ਮੁਲਾਜ਼ਮਾਂ ਨਾਲ ਧੱਕੇਸ਼ਾਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰਾਂ ਨੂੰ ਵੀ ਜ਼ਿਲ੍ਹਾ ਪ੍ਰਸ਼ਾਸਨ ਅਣਦੇਖੀ ਕਰ ਰਿਹਾ ਹੈ ਕਿਉਂਕਿ ਪੱਤਰ ਵਿੱਚ ਸਾਫ ਲਿਖਿਆ ਕਿ ਕਿਸੇ ਵੀ ਨਰੇਗਾ ਮੁਲਾਜ਼ਮਾਂ ਨੂੰ ਨੌਕਰੀ ਤੋਂ ਮੁਅੱਤਲ ਕਰਨ ਤੋਂ ਪਹਿਲਾਂ ਹੈੱਡ ਕੁਆਰਟਰ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ ਪ੍ਰੰਤੂ ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਸ਼ਾਸਨ ਵੱਲੋਂ ਦਬਾਅ ਵਿੱਚ ਆ ਕੇ ਨਰੇਗਾ ਮੁਲਾਜ਼ਮਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਆਗੂਆਂ ਕਿਹਾ ਕਿ ਕੁਝ ਵਿਅਕਤੀਆਂ ਵੱਲੋਂ 6 ਮਈ 2024 ਨੂੰ ਮਗਨਰੇਗਾ ਮੁਲਾਜ਼ਮਾਂ ਨੂੰ ਬਲਾਕ ਜਲਾਲਾਬਾਦ ਵਿਖੇ ਘੇਰ ਕੇ ਉਨ੍ਹਾਂ ਨੂੰ ਕਮਰੇ ਵਿੱਚ ਬੰਦੀ ਬਣਾਉਣ ਦੀ ਵੀ ਕੋਸ਼ਿਸ਼ ਕੀਤੀ ਗਈ ਅਤੇ ਇਨ੍ਹਾਂ ਵਿਚੋਂ ਕੁਝ ਵਿਅਕਤੀ ਡਿਊਟੀ ਸਮੇਂ ਲੇਡੀਜ਼ ਮੁਲਾਜ਼ਮਾਂ ਦੇ ਗਲ ਵੀ ਪਏ ਅਤੇ ਸਰਕਾਰੀ ਕੰਮ ਵਿੱਚ ਵੀ ਉਨ੍ਹਾ ਵੱਲੋਂ ਵਿਘਨ ਪਾਇਆ ਗਿਆ। ਜਿਸ ਸਬੰਧ ਵਿੱਚ ਮੌਕੇ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਜਲਾਲਾਬਾਦ ਵੱਲੋਂ ਲਿਖਤੀ ਰੂਪ ਵਿਚ ਕਾਰਵਾਈ ਕਰਕੇ ਦੋਸ਼ੀਆਂ ਖਿਲਾਫ ਕਰਨ ਦੀ ਸਿਫਾਰਸ਼ ਵੀ ਕੀਤੀ ਜਾ ਚੁੱਕੀ ਹੈ। ਇਸ ਸਬੰਧ ਵਿੱਚ ਨਰੇਗਾ ਕਰਮਚਾਰੀ ਯੂਨੀਅਨ ਫਾਜ਼ਿਲਕਾ ਵੱਲੋਂ ਵੀ ਡਿਪਟੀ ਕਮਿਸ਼ਨਰ ਫਾਜ਼ਿਲਕਾ ਅਤੇ ਸੀਨੀਅਰ ਕਪਤਾਨ ਪੁਲਸ ਫਾਜ਼ਿਲਕਾ ਨੂੰ ਲਿਖਤੀ ਮੰਗ ਪੱਤਰ ਦੇ ਕੇ ਤੇ ਵਾਰ ਵਾਰ ਯਾਦ-ਪੱਤਰ ਦੇ ਕੇ ਜਾਣੂ ਕਰਵਾਇਆ ਗਿਆ ਹੈ ਪਰ ਤ੍ਰਾਸਦੀ ਇਹ ਹੈ ਕਿ ਅਜੇ ਤੱਕ ਉਨ੍ਹਾਂ ਦੋਸ਼ੀਆਂ ਖਿਲਾਫ ਕੋਈ ਵੀ ਕਾਨੂੰਨੀ ਕਾਰਵਾਈ ਅਮਲ ਰੂਪ ਨਹੀਂ ਲਿਆਂਦੀ ਗਈ ਅਤੇ ਦੂਜੇ ਪਾਸੇ ਦਬਾਅ ਵਿੱਚ ਆ ਜ਼ਿਲ੍ਹਾ ਪ੍ਰਸ਼ਾਸਨ ਨੇ ਇਨ੍ਹਾਂ ਦੋਸ਼ੀਆਂ ਨੂੰ ਖੁਸ਼ ਕਰਨ ਲਈ ਰੂਲਾਂ ਨੂੰ ਛਿੱਕੇ ਟੰਗ ਮੁਲਾਜ਼ਮਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੇ ਰੋਸ ਵਜੋਂ ਜ਼ਿਲ੍ਹਾ ਫਾਜ਼ਿਲਕਾ ਦੇ ਸਮੂਹ ਮਗਨਰੇਗਾ ਮੁਲਾਜ਼ਮਾਂ ਵੱਲੋਂ ਕਲਮਛੋੜ ਹੜਤਾਲ ਕਰਕੇ ਬਲਾਕ ਪੱਧਰ ਤੇ ਧਰਨਾ ਸ਼ੁਰੂ ਕਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਇਹ ਦੋਸ਼ੀ ਸ਼ਰੇਆਮ ਘੁੰਮ ਰਹੇ ਹਨ। ਆਗੂਆਂ ਕਿਹਾ ਕਿ ਆਉਣ ਵਾਲੇ ਦਿਨਾਂ ਇਹ ਸੰਘਰਸ਼ ਹੋਰ ਵੀ ਤੇਜ਼ ਕੀਤਾ ਜਾਵੇ। ਜਿਸ ਦੀ ਸ਼ੁਰੂਆਤ ਜਲਾਲਾਬਾਦ ਸ਼ਹਿਰ ਦੇ ਬਜ਼ਾਰਾਂ ਵਿੱਚੋਂ ਮਾਰਚ ਕਰਕੇ ਕੀਤੀ ਜਾ ਰਹੀ ਰਹੀ ਹੈ, ਜਿਸ ਵਿਚ ਨਰੇਗਾ ਮੁਲਾਜ਼ਮਾਂ ਨਾਲ ਹੋ ਰਹੀ ਧੱਕੇਸ਼ਾਹੀ ਖਿਲਾਫ ਰੋਸ ਜ਼ਾਹਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਧਰਨਾ ਉਸ ਸਮੇਂ ਤੱਕ ਜਾਰੀ ਰੱਖਿਆ ਜਾਵੇਗਾ ਜਦੋ ਤੱਕ ਬਗੀਚਾ ਸਿੰਘ ਜੀ.ਆਰ.ਐਸ ਨੂੰ ਨੌਕਰੀ 'ਤੇ ਬਹਾਲ ਨਹੀਂ ਕੀਤਾ ਜਾਂਦਾ ਅਤੇ ਨਰੇਗਾ ਕਰਮਚਾਰੀਆਂ ਨਾਲ ਬੁਰਾ ਵਿਹਾਰ ਕਰਨ ਵਾਲੇ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਮੌਕੇ ਬਲਾਕ ਪ੍ਰਧਾਨ ਬਲਦੇਵ ਸਿੰਘ, ਸੁਰਿੰਦਰ ਸਿੰਘ, ਬਗੀਚਾ ਸਿੰਘ, ਜਸਵੀਰ ਸਿੰਘ ਸੀ ਏ, ਰਾਜ ਰਾਣੀ, ਸਾਦੁਲ ਕੁਮਾਰ, ਗੁਰਮੀਤ ਸਿੰਘ, ਮੰਗਤ ਸਿੰਘ, ਸੰਦੀਪ ਸਿੰਘ, ਪਰਮਜੀਤ ਸਿੰਘ, ਵਿਕਰਮ ਟੀ.ਏ, ਜਸਵੀਰ ਸਿੰਘ, ਗੁਰਮੀਤ ਢੰਡੀਆਂ, ਸੁਨੀਲ ਇਕਟਾਨ, ਸੁਨੀਲ ਕੰਬੋਜ ਆਦਿ ਹਾਜ਼ਰ ਹੋਏ।

# 85 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ 25 ਤੇ 27 ਨੂੰ ਘਰ ਬੈਠੇ ਪਵਾਈ ਜਾਵੇਗੀ ਵੋਟ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 85 ਸਾਲ ਤੋਂ ਵੱਧ ਉਮਰ ਵਾਲੇ ਅਤੇ ਪੀਡਬਲਯੂਡੀ ਕੈਟਾਗਰੀ ਦੇ ਵੋਟਰ ਜਿਨ੍ਹਾਂ ਵਲੋਂ 12-ਡੀ ਫਾਰਮ ਸਮੇਂ ਸਿਰ ਜਮ੍ਹਾਂ ਕਰਾਏ ਗਏ ਤੇ ਸਹੀ ਪਾਏ ਗਏ ਹਨ, ਉਨ੍ਹਾਂ ਵੋਟਰਾਂ ਦੇ ਘਰ ਜਾ ਕੇ ਪੋਸਟਲ ਬੈਲਟ ਰਾਹੀ ਵੋਟ ਪਵਾਈ ਜਾਣੀ ਹੈ।

ਇਹ ਜਾਣਕਾਰੀ ਸਹਾਇਕ ਰਿਟਰਨਿੰਗ ਅਫਸਰ 76-ਫਿਰੋਜ਼ਪੁਰ ਸ਼ਹਿਰੀ-ਕਮ-ਐੱਸਡੀਐੱਮ ਡਾ. ਚਾਰੂਮਿਤਾ ਨੇ ਦਿੱਤੀ।ਉਨ੍ਹਾਂ ਦੱਸਿਆ ਕਿ 25 ਮਈ ਨੂੰ ਨਿਯੁਕਤ ਕੀਤੀ ਗਈ ਪੋਲਿੰਗ ਪਾਰਟੀ ਵਲੋਂ ਇਸ ਕੈਟਾਗਰੀ ਦੇ ਵੋਟਰਾਂ ਨੂੰ ਘਰ ਵਿਚ ਰਹਿ ਕੇ ਹੀ ਪੇਸਟਲ ਬੈਲਟ ਰਾਹੀ ਵੋਟ ਪਾਉਣ ਦਾ ਪਹਿਲਾ ਮੌਕਾ ਦਿੱਤਾ ਜਾਵੇਗਾ।ਜੇਕਰ ਕਿਸੇ ਯੋਗ ਕਾਰਨ ਕਰਕੇ 25 ਮਈ ਨੂੰ ਵੋਟਰ ਘਰ ਵਿੱਚ ਨਹੀਂ ਮਿਲਦਾ ਤਾਂ ਉਸ ਨੂੰ 27 ਮਈ ਨੂੰ ਦੂਸਰਾ ਤੇ ਆਖ਼ਰੀ ਮੌਕਾ ਦੁਬਾਰਾ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਦੀਆ ਹਦਾਇਤਾ ਅਨੁਸਾਰ ਚੋਣ ਲੜ ਰਹੇ ਉਮੀਦਵਾਰ ਜਾਂ ਉਨ੍ਹਾਂ ਦਾ ਬੂਥ ਲੈਵਲ ਏਜੰਟ ਮਾਡਲ ਕੋਡ ਆਫ ਕੰਡਕਟ ਦੀ ਉਲੰਘਣਾ ਕੀਤੇ ਬਗੈਰ ਇਨ੍ਹਾਂ ਵੋਟਰਾਂ ਦੇ ਘਰ ਜਾ ਕੇ ਇਸ ਸਾਰੀ ਪ੍ਰਕਿਰਿਆ ਨੂੰ ਦੇਖ ਸਕਦੇ ਹਨ, ਪਰ ਇਸ ਲਈ ਆਪ ਵੱਲੋਂ ਸਬੰਧਤ ਏਆਰਓ ਨੂੰ ਪਹਿਲਾ ਤੋਂ ਸੂਚਿਤ ਕਰਨਾ ਜ਼ਰੂਰੀ ਹੈ।ਉਨ੍ਹਾਂ ਅੱਗੇ ਦੱਸਿਆ ਕਿ ਚੋਣ ਡਿਊਟੀ ਤੇ ਨਿਯੁਕਤ ਅਧਿਕਾਰੀਆਂ/ਕ੍ਰਮਚਾਰੀਆਂ ਨੂੰ ਵੀ ਪੋਸਟਲ ਬੈਲਟ ਰਾਹੀ ਵੋਟ ਪਾਉਣ ਦਾ ਅਧਿਕਾਰ ਹੈ, ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਪੋਸਟਲ ਬੈਲਟ ਜਾਰੀ ਕਰਨ ਲਈ ਬਿਨੈ ਪੱਤਰ ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਪੋਸਟਲ ਬੈਲਟ ਪੇਪਰ ਜਾਰੀ ਕੀਤੇ ਜਾ ਰਹੇ ਹਨ।ਇਨ੍ਹਾਂ ਅਧਿਕਾਰੀਆਂ/ਕ੍ਰਮਚਾਰੀਆਂ ਲਈ ਐੱਮਐੱਲਐੱਮ ਸੀਨੀਅਰ ਸੈਕੰਡਰੀ ਸਕੂਲ ਫਿਰੋਜ਼ਪੁਰ ਛਾਉਣੀ ਵਿਖੇ 26 ਤੋਂ 31 ਮਈ ਨੂੰ ਪੋਸਟਲ ਬੈਲਟ ਫੈਸੀਲੀਟੇਸ਼ਨ ਸੈਂਟਰ ਸਥਾਪਤ ਕੀਤੇ ਗਏ ਹਨ, ਜਿਥੇ ਉਹ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਆਪਣੀ ਵੋਟ ਪੋਸਟਲ ਬੈਲਟ ਰਾਹੀਂ ਪਾ ਸਕਦੇ ਹਨ।

# ਸੰਗਰੂਰ ਸੀਟ ਵੱਲ ਦੁਨੀਆ ਭਰ 'ਚ ਵਸਦੇ ਪੰਜਾਬੀਆਂ ਦੀਆਂ ਨਜ਼ਰਾਂ ਟਿਕੀਆਂ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** ਪੰਜਾਬ ਦੀ ਸਰਗਰਮ ਰਾਜਨੀਤੀ 'ਚ ਹਮੇਸ਼ਾ ਚਰਚਾ ਵਿੱਚ ਰਹੀ ਸੰਗਰੂਰ ਸੰਸਦੀ ਸੀਟ 'ਤੇ ਇਸ ਵਾਰ ਵੀ ਸਮੁੱਚੇ ਪੰਜਾਬ ਤੋਂ ਇਲਾਵਾ ਦੇਸ਼-ਵਿਦੇਸ਼ 'ਚ ਵਸਦੇ ਪੰਜਾਬੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

ਜ਼ਿਲ੍ਹਾ ਸੰਗਰੂਰ ਮੁੱਖ ਮੰਤਰੀ ਭਗਵੰਤ ਮਾਨ ਦਾ ਜਿੱਥੇ ਜੱਦੀ ਜ਼ਿਲ੍ਹਾ ਹੈ, ਉਥੇ ਸੰਗਰੂਰ ਸੰਸਦੀ ਹਲਕੇ ਦੀ ਚੋਣ ਨੇ ਹੀ ਭਗਵੰਤ ਮਾਨ ਨੂੰ ਸਿਆਸੀ ਖੇਤਰ ਵਿਚ ਪੱਕੇ ਪੈਰੀਂ ਕੀਤਾ ਸੀ।ਭਾਵੇਂ 2022 'ਚ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੱਡੀ ਜਿੱਤ ਪ੍ਰਾਪਤ ਕਰਕੇ ਆਮ ਆਦਮੀ ਪਾਰਟੀ ਸੱਤਾ 'ਤੇ ਕਾਬਜ਼ ਹੋਈ ਸੀ, ਪਰ 'ਆਪ' ਸਰਕਾਰ ਬਣਨ ਤੋਂ ਕੁੱਝ ਮਹੀਨਿਆਂ ਬਾਅਦ ਹੀ ਸੰਗਰੂਰ ਸੰਸਦੀ ਸੀਟ ਦੀ ਜ਼ਿਮਨੀ ਚੋਣ 'ਚ ਸੱਤਾਧਾਰੀ 'ਆਪ' ਨੂੰ ਹਾਰ ਦਾ ਮੂੰਹ ਵੇਖਣਾ ਪਿਆ।ਆਮ ਆਦਮੀ ਪਾਰਟੀ ਜ਼ਿਮਨੀ ਚੋਣ 'ਚ ਹੋਈ ਹਾਰ ਦਾ ਦਾਗ਼ ਧੋਣ ਲਈ ਪੂਰੀ ਵਾਹ ਲਾ ਰਹੀ ਹੈ।ਸੱਤਾਧਾਰੀ ਪਾਰਟੀ 'ਆਪ' ਵੱਲੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ, ਜੋ ਪੂਰੀ ਸਰਗਰਮੀ ਨਾਲ ਆਪਣੀ ਚੋਣ ਮੁਹਿੰਮ ਵਿਚ ਜੁਟੇ ਹੋਏ ਹਨ।

ਕਾਂਗਰਸ ਵੱਲੋਂ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਉਮੀਦਵਾਰੀ ਨੇ ਸੰਗਰੂਰ ਸੰਸਦੀ ਸੀਟ ਦੀ ਚੋਣ ਨੂੰ ਕਾਫ਼ੀ ਦਿਲਚਸਪ ਬਣਾ ਦਿੱਤਾ ਹੈ।ਸ੍ਰੀ ਖਹਿਰਾ ਦਾ ਆਮ ਆਦਮੀ ਪਾਰਟੀ ਤੇ ਖਾਸ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਸਿਆਸੀ ਖੇਤਰ 'ਚ 36 ਦਾ ਅੰਕੜਾ ਕਿਸੇ ਤੋਂ ਛੁਪਿਆ ਨਹੀਂ ਹੈ।ਖਹਿਰਾ ਆਖ਼ਦੇ ਹਨ ਕਿ 'ਆਪ' ਦੀ ਬਦਲਾਖੋਰੀ ਦੀ ਸਿਆਸਤ ਹੀ ਉਨ੍ਹਾਂ ਨੂੰ ਸੰਗਰੂਰ ਹਲਕੇ ਦੇ ਚੋਣ ਮੈਦਾਨ ਵਿਚ ਖਿੱਚ ਕੇ ਲਿਆਈ ਹੈ।ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸੰਗਰੂਰ ਚੋਣ ਰੈਲੀ ਦੌਰਾਨ ਆਖ ਚੁੱਕੇ ਹਨ ਕਿ ਸ੍ਰੀ ਖਹਿਰਾ 'ਆਪ' ਦਾ ਕਿਲ੍ਹਾ ਫ਼ਤਹਿ ਕਰਨ ਲਈ ਆਇਆ ਹੈ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਤੀਜੀ ਵਾਰ ਜਿੱਤ ਦੇ ਝੰਡੇ ਬੁਲੰਦ ਕਰਨ ਲਈ ਯਤਨਸ਼ੀਲ ਹਨ।ਸ੍ਰੀ ਮਾਨ ਇਸ ਹਲਕੇ ਤੋਂ ਪਹਿਲੀ ਵਾਰ ਸੰਨ 1999 'ਚ ਜਿੱਤ ਕੇ ਸੰਸਦ ਪੁੱਜੇ ਸਨ।ਮਗਰੋਂ ਭਾਵੇਂ ਮਾਨ ਨੂੰ ਕਈ ਹਾਰਾਂ ਦਾ ਸਾਹਮਣਾ ਕਰਨਾ ਪਿਆ, ਪਰ 2022 ਦੀ ਜ਼ਿਮਨੀ ਚੋਣ 'ਚ ਇਸ ਹਲਕੇ ਤੋਂ ਦੂਜੀ ਜਿੱਤ ਪ੍ਰਾਪਤ ਕੀਤੀ ਸੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕਬਾਲ ਸਿੰਘ ਝੂੰਦਾਂ ਉਮੀਦਵਾਰ ਹਨ, ਜੋ ਆਪਣੀ ਚੋਣ ਮੁਹਿੰਮ ਨੂੰ ਮੁਕਾਬਲੇਬਾਜ਼ੀ ਦੇ ਹਾਣ ਦਾ ਬਣਾਉਣ ਲਈ ਭਾਵੇਂ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ, ਪਰ ਉਹ ਢੀਂਡਸਾ ਪਰਵਾਰ ਦੀ ਨਾਰਾਜ਼ਗੀ ਦੂਰ ਕਰਨ 'ਚ ਅਜੇ ਤੱਕ ਸਫਲ ਨਹੀਂ ਹੋ ਸਕੇ।ਭਾਜਪਾ ਉਮੀਦਵਾਰ ਅਰਵਿੰਦ ਖੰਨਾ ਨੂੰ ਭਾਵੇਂ ਦੇਰੀ ਨਾਲ ਪਾਰਟੀ ਟਿਕਟ ਮਿਲੀ ਹੈ ਤੇ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਚੋਣ ਮੁਹਿੰਮ ਤੇਜ਼ ਕਰ ਦਿੱਤੀ ਹੈ।ਬਸਪਾ ਉਮੀਦਵਾਰ ਡਾ. ਮੱਖਣ ਸਿੰਘ ਵੀ ਚੋਣ ਮੁਹਿੰਮ 'ਚ ਪੂਰੀ ਸਰਗਰਮੀ ਨਾਲ ਜੁਟੇ ਹੋਏ ਹਨ।

## ਕਾਤਰਾਂ

### ਪੰਪ ਤੋਂ 10 ਹਜ਼ਾਰ ਰੁਪਏ ਨਗਦੀ ਚੋਰੀ ਕਰਨ ਵਾਲੇ ਅਣਪਛਾਤਿਆਂ ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)** - ਯੂਨਾਇਟਡ ਐਚ.ਪੀ. ਪੰਪ ਘੁਬਾਇਆ ਤੋਂ 10 ਹਜ਼ਾਰ ਰੁਪਏ ਚੋਰੀ ਕਰਕੇ ਲਿਜਾਣ ਅਤੇ ਪੰਪ ਦੇ ਸਮਾਨ ਦੀ ਭੰਨਤੋੜ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਰਚਾ ਦਰਜ ਕੀਤਾ ਗਿਆ। ਮੁਦਈ ਅਨੂਪ ਮੈਨੀ ਪੁੱਤਰ ਸ਼ਾਮ ਸੁੰਦਰ ਮੈਨੀ ਵਾਸੀ ਜਲਾਲਾਬਾਦ ਵੱਲੋਂ ਇਕ ਦਰਖਾਸਤ ਥਾਣਾ ਸਦਰ ਵਿਖੇ ਦਿੱਤੀ ਗਈ ਸੀ ਕਿ ਉਨ੍ਹਾਂ ਦਾ ਯੂਨਾਇਟਡ ਐਚ.ਪੀ. ਪੰਪ ਘੁਬਾਇਆ ਵਿਖੇ ਹੈ ਅਤੇ 20 ਮਈ ਨੂੰ ਦੇਰ ਰਾਤ ਕਰੀਬ 11.35 ਵਜੇ ਇਕ ਗੱਡੀ ਪਿੱਕਅੱਪ ਵਿਚ ਸਵਾਰ ਹੋ ਕੇ ਅਣਪਛਾਤੇ ਵਿਅਕਤੀ ਆਏ ਅਤੇ ਇਨ੍ਹਾਂ ਵਿਅਕਤੀਆਂ ਨੇ ਪੰਪ ਤੋਂ 10 ਹਜ਼ਾਰ ਰੁਪਏ ਚੋਰੀ ਕਰਨ ਦੇ ਨਾਲ ਭੰਨਤੋੜ ਕਰਕੇ ਮੌਕੇ ਤੋਂ ਫਰਾਰ ਹੋ ਗਏ। ਜਾਂਚ ਅਧਿਕਾਰੀ ਗੁਰਨਾਮ ਸਿੰਘ ਨੇ ਦੱਸਿਆ ਕਿ ਮੁਦਈ ਅਨੂਪ ਮੈਨੀ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

### ਆਪ ਤੇ ਅਕਾਲੀ ਦਲ ਦੇ ਕਈ ਆਗੂ ਕਾਂਗਰਸ 'ਚ ਸ਼ਾਮਲ

**ਸੰਗਰੂਰ/ਬਰਨਾਲਾ** : ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਹੁਲਾਰਾ ਮਿਲਿਆ ਜਦੋਂ ਬਰਨਾਲਾ ਵਿਖੇ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਆਗੂਆਂ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਖਹਿਰਾ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਬਹਾਲ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਚਿਹਰਾ ਹੁਣ ਲੋਕਾਂ ਦੇ ਸਾਹਮਣੇ ਆ ਗਿਆ ਹੈ।

### ਲੋਕਾਂ ਨੂੰ ਵੋਟ ਦੇ ਮਹੱਤਵ ਪ੍ਰਤੀ ਕੀਤਾ ਜਾਗਰੂਕ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਹਲਕਾ ਬੱਲੂਆਣਾ ਦੇ ਪਿੰਡ ਰੁਕਨਪੁਰਾ ਖੂਈਖੇੜਾ, ਧਰਮਪੁਰਾ, ਘੱਲੂ ਤੇ ਡੰਗਰ ਖੇੜਾ ਦੇ ਲੋਕਾਂ ਨੂੰ ਵੋਟ ਦੇ ਮਹੱਤਵ ਪ੍ਰਤੀ ਜਾਗਰੂਕ ਕੀਤਾ। ਲੋਕ ਸਭਾ ਚੋਣਾਂ 2024 ਨੂੰ ਮੱਦੇਨਜ਼ਰ ਰੱਖਦਿਆਂ ਵੋਟ ਪ੍ਰਤੀਸ਼ਸਤਾ ਵਿੱਚ ਵਾਧਾ ਕਰਨ ਦੇ ਮੰਤਵ ਨਾਲ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਧੀਕ ਡਿਪਟੀ ਕਮਿਸ਼ਨਰ ਵਿਕਾਸ-ਕਮ-ਸਹਾਇਕ ਰਿਟਰਨਿੰਗ ਅਫ਼ਸਰ ਬੱਲੂਆਣਾ ਅਮਰਿੰਦਰ ਸਿੰਘ ਮੱਲੀ, ਤਹਿਸੀਲਦਾਰ ਸ਼੍ਰੀਮਤੀ ਸੁਖਬੀਰ ਕੌਰ ਤੇ ਬੀਡੀਪੀਓ ਸ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਸਵੀਪ ਟੀਮ ਬੱਲੂਆਣਾ ਵੱਲੋਂ ਹਲਕਾ ਬੱਲੂਆਣਾ ਦੀਆਂ ਆਸ਼ਾ ਵਰਕਰਾਂ ਦੇ ਸਹਿਯੋਗ ਨਾਲ ਪਿੰਡ ਰੁਕਨਪੁਰਾ ਖੂਈਖੇੜਾ, ਧਰਮਪੁਰਾ, ਘੱਲੂ ਤੇ ਡੰਗਰ ਖੇੜਾ ਦੇ ਲੋਕਾਂ ਨੂੰ ਵੋਟ ਦੀ ਮਹੱਤਤਾ ਪ੍ਰਤੀ ਜਾਗਰੂਕ ਕੀਤਾ ਗਿਆ।

### ਜੇਲ੍ਹ 'ਚ ਤਾਇਨਾਤ ਹੋਮਗਾਰਡ ਦੀ ਡਿਊਟੀ ਦੌਰਾਨ ਮੌਤ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਕੇਂਦਰੀ ਜੇਲ੍ਹ 'ਚ ਡਿਊਟੀ 'ਤੇ ਤਾਇਨਾਤ ਪੰਜਾਬ ਹੋਮਗਾਰਡ ਦੇ ਜਵਾਨ ਬਲਵੀਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਝਤਰਾ ਰੋਡ ਜ਼ੀਰਾ ਦੀ ਡਿਊਟੀ ਦੌਰਾਨ ਆਪਣੀ ਹੀ ਬੰਦੂਕ ਨਾਲ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ।ਜਾਣਕਾਰੀ ਅਨੁਸਾਰ ਪੰਜਾਬ ਹੋਮਗਾਰਡ ਦਾ ਜਵਾਨ ਬਲਵੀਰ ਸਿੰਘ 20 ਤੇ 21 ਮਈ ਦੀ ਦਰਮਿਆਨੀ ਰਾਤ ਨੂੰ ਜੇਲ੍ਹੇ ਦੇ ਟਾਵਰ ਨੰਬਰ ਇੱਕ 'ਤੇ ਡਿਊਟੀ ਕਰ ਰਿਹਾ ਸੀ।ਇਸ ਦੌਰਾਨ ਅਚਾਨਕ ਉਸ ਨੂੰ ਆਪਣੀ ਹੀ ਬੰਦੂਕ ਨਾਲ ਗੋਲੀ ਲੱਗ ਗਈ।ਇਸ ਘਟਨਾ ਸਬੰਧੀ ਥਾਣਾ ਸਿਟੀ ਫ਼ਿਰੋਜ਼ਪੁਰ ਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਗੋਲੀ ਚੱਲਣ ਦੇ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ ਤੇ ਪੁਲਸ ਅਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਖ਼ੁਦਕੁਸ਼ੀ ਸੀ ਜਾਂ ਅਚਾਨਕ ਜਵਾਨ ਦੀ ਆਪੇ ਹੀ ਬੰਦੂਕ ਚੱਲ ਗਈ।

# ਪਿਉ-ਪੁੱਤ ਦੀ ਜੋੜੀ ਨੇ ਰਾਜਵਿੰਦਰ ਦੀ ਚੋਣ ਮੁਹਿੰਮ ਨੂੰ ਪੁਚਾਇਆ ਸਿਖਰਾਂ 'ਤੇ



**ਬਾਘਾ ਪੁਰਾਣਾ, (ਮਨੀ ਸਿੰਗਲਾ)** ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਮਾਹਲਾ ਜੋੜੀ ਨੇ ਰਾਜਵਿੰਦਰ ਸਿੰਘ ਧਰਮਕੋਟ ਦੀ ਮੁਹਿੰਮ ਨੂੰ ਸਿਖਰਾਂ 'ਤੇ ਪੁਚਾ ਦਿੱਤਾ ਹੈ, ਜਿਸ ਦੀ ਚਰਚਾ ਸਿਰਫ਼ ਹਲਕਾ ਬਾਘਾਪੁਰਾਣਾ ਵਿੱਚ ਹੀ ਨਹੀਂ, ਬਲਕਿ ਲੋਕ ਸਭਾ ਹਲਕਾ ਫ਼ਰੀਦਕੋਟ ਦੇ ਸਾਰੇ 9 ਵਿਧਾਨ ਸਭਾ ਹਲਕਿਆਂ ਵਿਚ ਪਿਉ-ਪੁੱਤ ਜੋੜੀ ਦੀਆਂ ਧੂੰਮਾਂ ਪੈ ਰਹੀਆਂ ਹਨ, ਕਿਉਂਕਿ ਹਲਕਾ ਬਾਘਾ ਪੁਰਾਣਾ ਦੇ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਯੂਥ ਵਿੰਗ ਦੇ ਕੋਰ ਕਮੇਟੀ ਦੇ ਮੈਂਬਰ ਸੁਖਜੀਤ ਸਿੰਘ ਮਾਹਲਾ ਵੱਲੋਂ ਨੌਜਵਾਨ ਤਬਕੇ ਨੂੰ ਨਾਲ ਲੈ ਕੇ ਫ਼ਰੀਦਕੋਟ ਹਲਕੇ ਦੇ ਇਕ ਇਕ ਘਰ ਦਾ ਦਰਵਾਜ਼ਾ ਖੜਕਾਇਆ ਜਾ ਰਿਹਾ ਹੈ।

ਪਿਉ-ਪੁੱਤ ਦੀ ਜੋੜੀ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਫਰੀਦਕੋਟ ਤੋਂ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਬਹੁਤ ਹੀ ਨੇਕ ਇਨਾਨ ਅਤੇ ਪੜ੍ਹੇ ਲਿਖੇ ਉਮੀਦਵਾਰ ਹਨ। ਇਸ ਲਈ ਫਰੀਦਕੋਟ ਦੇ ਲੋਕ ਆਪਣੀ ਇਕ ਇਕ ਕੀਮਤੀ ਵੋਟ ਰਾਜਵਿੰਦਰ ਸਿੰਘ ਧਰਮਕੋਟ ਨੂੰ ਪਾ ਕੇ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਮਜ਼ਬੂਤ ਕਰਨਗੇ।ਜਥੇਦਾਰ ਮਾਹਲਾ ਨੇ ਕਿਹਾ ਕਿ ਪੰਜਾਬ ਦੇ ਪਿਛਲੇ ਲੰਮੇ ਸਮੇਂ ਤੋਂ ਲਟਕਦੇ ਮਸਲਿਆਂ ਨੂੰ ਹੱਲ ਕਰਨ ਲਈ ਸੂਬਾ ਵਾਸੀ ਇਨ੍ਹਾਂ ਚੋਣਾਂ ਵਿਚ ਪੰਜਾਬ ਦੇ ਹੱਕਾਂ ਦੀ ਅਸਲ ਪਹਿਰੇਦਾਰ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਅੱਗੇ ਲੈ ਕੇ ਆਉਣ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਹੀ ਇਕੋ ਇਕ ਅਜਿਹੀ ਪਾਰਟੀ ਹੈ, ਜੋ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਹੱਕਾਂ ਲਈ ਕੇਂਦਰ ਦੀਆਂ ਸਰਕਾਰਾਂ ਨਾਲ ਲੜਾਈ ਲੜਦਾ ਆ ਰਹੀ ਹੈ, ਜਿਸ ਦੇ ਆਗੂਆਂ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਜੇਲ੍ਹਾਂ ਕੱਟ ਕਿ ਪੰਜਾਬ ਦੀਆਂ ਅਨੇਕਾਂ ਮੰਗਾਂ ਨੂੰ ਲਾਗੂ ਕਰਾਇਆ ਹੈ।

# ਲੇਬਰ ਅਫਸਰ ਦੇ ਦਫਤਰ ਦਾ ਘਿਰਾਓ 29 ਨੂੰ : ਚੌਹਾਨ/ਉਡਤ



**ਮਾਨਸਾ (ਆਤਮਾ ਸਿੰਘ ਪਮਾਰ)** - ਪੰਜਾਬ ਖੇਤ ਮਜ਼ਦੂਰ ਯੂਨੀਅਨ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਜ਼ਿਲ੍ਹਾ ਮਾਨਸਾ ਵੱਲੋਂ 29 ਮਈ ਨੂੰ ਲੇਬਰ ਅਫਸਰ ਮਾਨਸਾ ਦੇ ਦਫਤਰ ਦਾ ਘਿਰਾਓ ਕੀਤਾ ਜਾਵੇਗਾ। ਇਹ ਜਾਣਕਾਰੀ ਪ੍ਰੈਸ ਬਿਆਨ ਰਾਹੀਂ ਸਾਂਝੀ ਕਰਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਕ੍ਰਿਸ਼ਨ ਚੌਹਾਨ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਲੇਬਰ ਅਫਸਰ ਇੱਕ ਤਾਂ ਜਿਲ੍ਹੇ ਵਿੱਚ ਹੋ ਰਹੀ ਕਿਰਤ ਕਾਨੂੰਨਾਂ ਦੀ ਉਲੰਘਣਾ ਰੋਕਣ ਵਿੱਚ ਨਾਕਾਮ ਸਿੱਧ ਹੋ ਰਿਹਾ ਹੈ ਤੇ ਦੂਜਾ ਲਗਾਤਾਰ ਆਪਣੇ ਦਫਤਰ ਵਿੱਚੋਂ ਗੈਰ ਹਾਜ਼ਰ ਰਹਿਦਾ ਹੈ, ਜਿਸ ਕਾਰਨ ਵਰਕਰਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਗੂਆਂ ਕਿਹਾ ਕਿ ਲੇਬਰ ਅਫਸਰ ਦੇ ਨਾਂਹ ਪੱਖੀ ਰਵੱਈਏ ਕਾਰਨ ਮਜ਼ਦੂਰ ਉਸਾਰੀ ਵੈਲਫੇਅਰ ਬੋਰਡ ਦੀਆਂ ਸਕੀਮਾਂ ਦਾ ਲਾਭ ਲੈਣ ਤੋਂ ਮਜ਼ਦੂਰ ਵਾਂਝੇ ਹੀ ਰਹਿ ਰਹੇ ਹਨ ਤੇ ਮਾਲਕਾਂ ਨਾਲ ਝਗੜਿਆਂ ਵਿੱਚ ਵੀ ਇਨਸਾਫ ਮਿਲਣ ਵਿੱਚ ਬੇਲੋੜੀ ਲੇਟ ਲਤੀਫੀ ਦਾ ਸਾਹਮਣਾ ਕਰਨ ਲਈ ਮਜਬੂਰ ਹਨ।ਆਗੂਆਂ ਨੇ ਕਿਹਾ ਕਿ ਜਥੇਬੰਦੀਆਂ ਵੱਲੋਂ ਵਾਰ-ਵਾਰ ਮਿਲ ਕੇ ਲੇਬਰ ਅਫਸਰ ਨੂੰ ਕਿਰਤ ਕਾਨੂੰਨਾਂ ਨੂੰ ਲਾਗੂ ਕਰਵਾਉਣ, ਦਫਤਰ ਵਿੱਚ ਹਫਤੇ ਵਿੱਚ ਘੱਟੋ-ਘੱਟ ਤਿੰਨ ਦਿਨ ਹਾਜ਼ਰ ਰਹਿਣ, ਲਾਭਪਾਤਰੀ ਸਕੀਮਾਂ ਦੀ ਬਕਾਇਆ ਰਾਸ਼ੀ ਜਾਰੀ ਕਰਵਾਉਣ ਤੇ ਉਸਾਰੀ ਵੈਲਫੇਅਰ ਬੋਰਡ ਦੀਆ ਸਕੀਮਾਂ ਸਬੰਧੀ ਪਿੰਡਾਂ ਤੇ ਕਸਬਿਆਂ ਵਿੱਚ ਜਾਗਰੂਕਤਾ ਕੈਂਪਾਂ ਦਾ ਆਯੋਜਨ ਕਰਨ ਦੀਆਂ ਅਪੀਲਾ ਕੀਤੀਆ ਹਨ, ਪਰੰਤੂ ਲੇਬਰ ਅਫਸਰ ਦੇ ਕੰਨਾਂ 'ਤੇ ਜੂੰ ਤੱਕ ਨਹੀ ਸਰਕੀ। ਮਜਬੂਰਨ ਜਥੇਬੰਦੀਆਂ ਨੂੰ 29 ਮਈ ਨੂੰ ਲੇਬਰ ਅਫਸਰ ਦੇ ਦਫਤਰ ਦਾ ਘਿਰਾਓ ਕਰਨ ਦਾ ਫੈਸਲਾ ਲੈਣਾ ਪਿਆ।

# ਕਾਰਜ ਸਾਧਕ ਅਫ਼ਸਰ ਵੱਲੋਂ ਗਰੀਬ ਮੁਲਾਜ਼ਮਾਂ ਦੀ ਜ਼ਿੰਦਗੀ ਨਾਲ ਕੀਤਾ ਜਾ ਰਿਹਾ ਖਿਲਵਾੜ

## ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀਆਂ ਸ਼ਰੇਆਮ ਉੱਡ ਰਹੀਆਂ ਧੱਜੀਆਂ



**ਜੈਤੋ (ਸਤੀਸ਼ ਕੁਮਾਰ ਭੀਰੀ)** ਪਿਛਲੇ ਕੁੱਝ ਸਾਲਾਂ ਤੋਂ ਅਕਸਰ ਹੀ ਆਪਣੇ ਭ੍ਰਿਸ਼ਟਾਚਾਰ, ਬੇਨਿਯਮੀਆਂ, ਰਿਕਾਰਡ ਨੂੰ ਖੁਰਦ-ਬੁਰਦ ਕਰਨ ਅਤੇ ਕਾਨੂੰਨ ਨੂੰ ਛਿੱਕੇ ਟੰਗ ਕੇ ਮੁਫ਼ਤ ਦੇ ਸਰਕਾਰੀ ਫੰਡਾਂ ਨਾਲ ਐਸ਼ ਪ੍ਰਸਤੀ ਦਾ ਜੀਵਨ ਜਿਊਣ ਲਈ ਬਦਨਾਮ ਹੋਈ ਨਗਰ ਕੌਂਸਲ ਦੇ ਅਨੇਕਾਂ ਕਾਰਜ ਸਾਧਕ ਅਫ਼ਸਰ ਵੱਖ-ਵੱਖ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੇ ਹਨ, ਪ੍ਰੰਤੂ ਮਜ਼ਾਲ ਹੈ ਕਿ ਉਪਰੋਂ ਥੱਲੇ ਤੋਂ ਕਿਸੇ ਵੀ ਪਾਸੇ ਤੋਂ ਇਨ੍ਹਾਂ ਦੀ ਕੋਈ ਜਵਾਬ ਤਲਬੀ ਕਰਨ ਦਾ ਹੀਆ ਕਰਨ ਲਈ ਕੋਈ ਵੀ ਵੱਡਾ ਛੋਟਾ ਅਧਿਕਾਰੀ ਅੱਗੇ ਆਇਆ ਹੋਵੇ।

ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਦੀ ਘੋਰ ਨਲਾਇਕੀ ਨੂੰ ਉਜਾਗਰ ਕਰਦਾ ਇਹ ਮਸਲਾ ਇਸ ਲਈ ਦੰਦਾਂ ਥੱਲੇ ਉਂਗਲੀ ਲੈਣ ਲਈ ਮਜਬੂਰ ਕਰਦਾ ਹੈ ਕਿ ਸੀਵਰੇਜ ਵਿੱਚ ਉੱਤਰਨ ਕਰਕੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅਨੇਕਾਂ ਕ੍ਰਮਚਾਰੀ ਆਪਣੀ ਜ਼ਿੰਦਗੀ ਹਾਰ ਚੁੱਕੇ ਹਨ, ਜਿਸ 'ਤੇ ਐਕਸ਼ਨ ਲੈਂਦਿਆਂ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਵੱਲੋਂ ਕਿਸੇ ਵੀ ਮੁਲਾਜ਼ਮ ਦੇ ਸੀਵਰੇਜ 'ਚ ਉਤਾਰਨ ਨੂੰ ਗੈਰਕਾਨੂੰਨੀ ਘੋਸ਼ਿਤ ਕਰ ਚੁੱਕੀ ਹੈ, ਪ੍ਰੰਤੂ ਜੈਤੋ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਦੀ ਨਿਕੰਮੀ ਰਹਿਨੁਮਾਈ ਹੇਠ ਅਤੇ ਆਪਣੇ ਚੰਦ ਸਿੱਕਿਆਂ ਦੀ ਰਿਸ਼ਵਤ ਖ਼ਾਤਰ ਗਰੀਬ ਤੇ ਪ੍ਰਵਾਸੀ ਮਜ਼ਦੂਰ ਦੀ ਜ਼ਿੰਦਗੀ ਸ਼ਰੇਆਮ ਦਾਅ 'ਤੇ ਲਾ ਦਿੱਤੀ ਗਈ ਹੈ।ਜਾਣਕਾਰੀ ਮਿਲੀ ਕਿ ਨਗਰ ਕੌਂਸਲ ਵੱਲੋਂ ਪਿਛਲੇ ਕਈ ਦਿਨਾਂ ਤੋਂ ਸੀਵਰੇਜ ਦੀ ਸਫ਼ਾਈ ਦੌਰਾਨ ਗ਼ਰੀਬ ਤੇ ਪ੍ਰਵਾਸੀ ਮੁਲਾਜ਼ਮ ਦੀ ਜ਼ਿੰਦਗੀ ਨਾਲ ਖਿਲਵਾੜ ਕਰਦੇ ਹੋਏ ਉਸ ਨੂੰ ਸੀਵਰੇਜ ਵਿੱਚ ਉਤਾਰਿਆ ਜਾ ਰਿਹਾ ਹੈ। ਜਦੋਂ ਪੱਤਰਕਾਰ ਨੇ ਮੌਕੇ 'ਤੇ ਜਾ ਕੇ ਦੇਖਿਆ ਤਾਂ ਉਸ ਵਕਤ ਭਾਰੀ ਹੈਰਾਨੀ ਹੋਈ ਕਿ ਸੱਚਮੁੱਚ ਹੀ ਨਗਰ ਕੌਂਸਲ ਜੈਤੋ ਵੱਲੋਂ ਗ਼ਰੀਬ ਮੁਲਾਜ਼ਮਾਂ ਦੀ ਜ਼ਿੰਦਗੀ ਨਾਲ ਖਿਲਵਾੜ ਕੀਤਾ ਜਾ ਰਿਹਾ ਸੀ।ਇਸ ਸਾਰੀ ਘਟਨਾ ਨੂੰ ਆਪਣੇ ਮੋਬਾਈਲ ਵਿੱਚ ਕੈਦ ਕਰਨ ਤੋਂ ਬਾਅਦ ਇਸ ਘਿਨੌਣੇ ਕੰਮ ਸਬੰਧੀ ਪੱਖ ਲੈਣ ਲਈ ਕਾਰਜ ਸਾਧਕ ਅਫ਼ਸਰ ਮਨਿੰਦਰ ਪਾਲ ਸਿੰਘ ਜੈਤੋ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਾਡਾ ਇਸ ਮਾਮਲੇ ਨਾਲ ਕੋਈ ਸੰਬੰਧ ਨਹੀਂ ਹੈ। ਤੁਸੀਂ ਸੀਵਰੇਜ ਵਿਭਾਗ ਨਾਲ ਗੱਲਬਾਤ ਕਰੋ, ਫਿਰ ਨਗਰ ਕੌਂਸਲ ਦੇ ਜੇ ਈ ਅੰਕੁਸ਼ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਦੱਸੋ ਸਾਡਾ ਕਿਹੜਾ ਮੁਲਾਜ਼ਮ ਮੌਕੇ 'ਤੇ ਹਾਜ਼ਰ ਸੀ, ਅਸੀਂ ਹੁਣੇ ਹੀ ਉਸ ਨੂੰ ਸਸਪੈਂਡ ਕਰ ਦਿੰਦੇ ਹਾਂ। ਅੰਤ ਸੀਵਰੇਜ ਵਿਭਾਗ ਦੇ ਜੇ ਈ ਬੱਬਲਪ੍ਰੀਤ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਸਿਰਫ਼ ਨਗਰ ਕੌਂਸਲ ਨੂੰ ਦੱਸਣਾ ਹੁੰਦਾ ਹੈ ਕਿ ਇੱਥੇ ਸਫ਼ਾਈ ਕਰੋ, ਇਸ ਤਰ੍ਹਾਂ ਸਫਾਈ ਕਰੋ ਸਾਡਾ ਕੋਈ ਕ੍ਰਮਚਾਰੀ ਇਸ ਸੀਵਰੇਜ਼ ਸਫ਼ਾਈ ਦੌਰਾਨ ਹਾਜ਼ਰ ਨਹੀਂ, ਹੁੰਦਾ ਬਲਕਿ ਇਹ ਸਾਰਾ ਕੰਮ ਜਿਵੇਂ ਕਿ ਕਿਸੇ ਪ੍ਰਾਈਵੇਟ ਕੰਪਨੀ ਨਾਲ ਸਮਝੌਤਾ ਕਰਨ ਸਫਾਈ ਲਈ ਮੁਲਾਜ਼ਮਾਂ ਦਾ ਪ੍ਰਬੰਧ ਕਰਨ ਸਮੇਤ ਸਾਰੇ ਹੀ ਕੰਮ ਲਈ ਨਗਰ ਕੌਂਸਲ ਹੀ ਜ਼ਿੰਮੇਵਾਰ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ 'ਵਰਸਿਟੀ 'ਚ ਦਸ ਦਿਨਾ ਸਾਫ਼ਟ ਸਕਿੱਲ ਟ੍ਰੇਨਿੰਗ ਪ੍ਰੋਗਰਾਮ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਸਿਖਲਾਈ ਤੇ ਪਲੇਸਮੈਂਟ ਵਿਭਾਗ ਨੇ 2025 ਦੇ ਪਲੇਸਮੈਂਟ ਬੈਚ ਲਈ ਸਾਫਟ ਸਕਿੱਲ ਸਿਖਲਾਈ ਪ੍ਰੋਗਰਾਮ ਆਯੋਜਤ ਕੀਤਾ।ਇਹ ਦਸ ਦਿਨਾਂ ਪ੍ਰੋਗਰਾਮ 20 ਮਈ ਤੋਂ 31 ਮਈ ਤੱਕ ਚੱਲੇਗਾ।ਇਸ ਦਾ ਮੁੱਖ ਮਕਸਦ ਵਿਦਿਆਰਥੀਆਂ ਦੇ ਰੁਜ਼ਗਾਰ ਯੋਗਤਾ ਦੇ ਜ਼ਰੂਰੀ ਹੁਨਰਾਂ ਦੇ ਵਿਕਾਸ 'ਤੇ ਧਿਆਨ ਕੇਂਦਰਤ ਕਰਨਾ ਹੈ।

ਡਾ. ਕਮਲਜੀਤ ਕੌਰ, ਸਿਖਲਾਈ ਤੇ ਪਲੇਸਮੈਂਟ ਦੇ ਇੰਚਾਰਜ ਨੇ 2025 ਵਿੱਚ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਲਈ ਕੀਤੇ ਗਏ ਵੱਖ-ਵੱਖ ਪਹਿਲਕਦਮੀਆਂ ਦੀ ਰੂਪ ਰੇਖਾ ਦੱਸੀ।ਇਨ੍ਹਾਂ ਵਿੱਚ ਸਾਫਟ ਸਕਿੱਲ ਟ੍ਰੇਨਿੰਗ, ਤਕਨੀਕੀ ਸਿਖਲਾਈ ਤੇ ਗ਼ਰਮੀਆਂ ਦੀ ਇੰਟਰਨਸ਼ਿਪ ਸ਼ਾਮਲ ਹਨ।ਇਸ ਤੋਂ ਇਲਾਵਾ, ਉਦਯੋਗ ਦੀਆਂ ਚੁਣੌਤੀਆਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ ਸਮੈਸਟਰ ਦੇ ਅੰਦਰ ਦੋ ਮਹੀਨਿਆਂ ਦੇ ਵਕਫ਼ੇ ਦੀ ਪ੍ਰਭਾਵਸ਼ਾਲੀ ਯੋਜਨਾ ਬਣਾਈ ਗਈ ਹੈ।ਉਨ੍ਹਾਂ ਕਿਹਾ ਕਿ ਇਹ ਸਿਖਲਾਈ ਕਈ ਮੁੱਖ ਖੇਤਰਾਂ ਨੂੰ ਕਵਰ ਕਰੇਗੀ, ਜਿਸ ਵਿੱਚ ਸੰਚਾਰ ਹੁਨਰ, ਅੰਤਰ-ਵਿਅਕਤੀਗਤ ਹੁਨਰ, ਸਮਾਂ ਪ੍ਰਬੰਧਨ, ਰੈਜ਼ਿਊਮੇ ਲਿਖਣਾ, ਇੰਟਰਵਿਊ ਦੀ ਤਿਆਰੀ, ਲੀਡਰਸ਼ਿਪ, ਟੀਮ ਪ੍ਰਬੰਧਨ, ਆਲੋਚਨਾਤਮਕ ਸੋਚ ਅਤੇ ਸਮੱਸਿਆ ਹੱਲ ਕਰਨਾ ਸ਼ਾਮਲ ਹੈ।ਵਿਦਿਆਰਥੀ ਤਜਰਬੇਕਾਰ ਪੇਸ਼ੇਵਰਾਂ ਤੇ ਉਦਯੋਗ ਦੇ ਮਾਹਰ ਦੀ ਮੁਹਾਰਤ ਤੋਂ ਲਾਭ ਪ੍ਰਾਪਤ ਕਰਨਗੇ।

ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਇਸ ਪਹਿਲਕਦਮੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸਾਫਟ ਸਕਿੱਲ ਟ੍ਰੇਨਿੰਗ ਪ੍ਰੋਗਰਾਮ ਸਾਡੇ ਵਿਦਿਆਰਥੀਆਂ ਨੂੰ ਪੇਸ਼ੇਵਰ ਸੰਸਾਰ ਦੀਆਂ ਚੁਣੌਤੀਆਂ ਲਈ ਚੰਗੀ ਤਰ੍ਹਾਂ ਤਿਆਰ ਕਰਨ ਲਈ ਸਹਾਇਕ ਹੈ।ਯੂਨੀਵਰਸਿਟੀ ਉਨ੍ਹਾਂ ਨੂੰ ਸਫ਼ਲ ਪਲੇਸਮੈਂਟਾਂ ਵਿੱਚ ਸੁਰੱਖਿਅਤ ਕਰਨ ਲਈ ਸਭ ਤੋਂ ਵਧੀਆ ਸਰੋਤ ਤੇ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।ਉਨ੍ਹਾਂ ਨੇ ਸਿਖਲਾਈ ਅਤੇ ਪਲੇਸਮੈਂਟ ਵਿਭਾਗ ਦੀਆਂ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ।

# ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਅਰਵਿੰਦ ਖੰਨਾ ਦੇ ਹੱਕ 'ਚ ਮੀਟਿੰਗ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਵਿਧਾਨ ਸਭਾ ਹਲਕਾ ਮਹਿਲ ਕਲਾਂ ਨਾਲ ਸਬੰਧਤ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਲੋਕ ਸਭਾ ਸੰਗਰੂਰ ਤੋਂ ਪਾਰਟੀ ਉਮੀਦਵਾਰ ਅਰਵਿੰਦ ਖੰਨਾ ਦੀ ਵੀਰਾਨ।ਜਿੱਤ ਯਕੀਨੀ ਬਣਾਉਣ ਲਈ ਮੀਟਿੰਗ ਕੀਤੀ ਗਈ।ਇਸ ਸਮੇਂ ਸਰਬਜੀਤ ਸਿੰਘ ਸੰਗਰੂਰ, ਗੁਰਸ਼ਰਨ ਸਿੰਘ ਠੀਕਰੀਵਾਲਾ, ਕਿਸਾਨ ਮੋਰਚੇ ਦੇ ਮੁੱਖ ਬੁਲਾਰੇ ਬਲਬੀਰ ਸਿੰਘ ਮਹਿਲ ਖੁਰਦ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਕੰਮਾਂ ਨੂੰ ਦੇਖਦਿਆਂ ਹਰ ਵਰਗ ਦੇ ਲੋਕਾਂ ਦੀ ਲਹਿਰ ਬੀਜੇਪੀ ਦੇ ਹੱਕ ਵਿੱਚ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਅਰਵਿੰਦ ਖੰਨਾ ਨੇ 'ਉਮੀਦ ਖੰਨਾ ਫਾਊਂਡੇਸ਼ਨ' ਰਾਹੀਂ ਲੋਕ ਸਭਾ ਹਲਕਾ ਸੰਗਰੂਰ ਅੰਦਰ ਪਿੰਡ ਪੱਧਰ 'ਤੇ ਲੋਕਾਂ ਨੂੰ ਸਿਹਤ ਸਹੂਲਤਾਂ ਤੇ ਲੜਕੀਆਂ ਨੂੰ ਸਿਲਾਈ ਸੈਂਟਰ ਖੋਲ੍ਹ ਕੇ ਕਿੱਤਾ ਮੁਖੀ ਬਣਾਇਆ ਗਿਆ।ਇਸ ਲਈ ਖੰਨਾ ਸਾਹਿਬ ਦੇ ਕੀਤੇ ਕੰਮਾਂ ਨੂੰ ਦੇਖਦਿਆਂ ਲੋਕ ਸਭਾ ਹਲਕਾ ਸੰਗਰੂਰ ਤੋਂ ਬੀਜੇਪੀ ਦੇ ਉਮੀਦਵਾਰ ਅਰਵਿੰਦ ਖੰਨਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਪਾਰਲੀਮੈਂਟ ਭੇਜਣਾ ਸਮੇਂ ਦੀ ਮੁੱਖ ਲੋੜ ਹੈ।ਇਸ ਸਮੇਂ ਪ੍ਰਧਾਨ ਯਾਦਵਿੰਦਰ ਸਿੰਘ ਸ਼ੰਟੀ ਸਾਬਕਾ ਪ੍ਰਧਾਨ ਗੁਰਮੀਤ ਸਿੰਘ ਬਾਵਾ ਹੰਡਿਆਇਆ ਨੇ ਕਿਹਾ ਕਿ ਲੋਕ ਸਭਾ ਹਲਕਾ ਸੰਗਰੂਰ ਦੇ ਲੋਕਾਂ ਵੱਲੋਂ ਪਾਰਟੀ ਉਮੀਦਵਾਰ ਸ੍ਰੀ ਅਰਵਿੰਦ ਖੰਨਾ ਦੀ ਚੋਣ ਮੁਹਿੰਮ ਨੂੰ ਮਿਲ ਰਹੇ ਭਰਵੇਂ ਸਹਿਯੋਗ ਸਦਕਾ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਈ ਜਾਵੇਗੀ।

# ਅਚਨਚੇਤ ਛੁੱਟੀਆਂ ਹੋਣ ਕਾਰਨ ਬੱਚਿਆਂ ਦੇ ਮਾਪਿਆਂ ਤੇ ਸਕੂਲ ਪ੍ਰਬੰਧਕਾਂ 'ਚ ਰੋਸ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)** 20 ਮਈ ਨੂੰ ਸਿੱਖਿਆ ਵਿਭਾਗ ਵੱਲੋਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਅਚਨਚੇਤ ਕੀਤੀਆਂ ਛੁੱਟੀਆਂ ਕਾਰਨ ਮਾਪਿਆਂ ਤੇ ਸਕੂਲ ਪ੍ਰਬੰਧਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਪਹਿਲਾਂ 18 ਮਈ ਨੂੰ ਇਕਦਮ ਸਕੂਲਾਂ ਦਾ ਸਮਾਂ 20 ਮਈ ਤੋਂ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਕਰ ਦਿੱਤਾ ਗਿਆ ਸੀ।ਅਜੇ ਸਕੂਲ ਇਸ ਨਵੇਂ ਸਮੇਂ ਨੂੰ ਲਾਗੂ ਕਰਨ ਦੇ ਸੰਘਰਸ਼ ਵਿੱਚ ਹੀ ਸਨ ਕਿ 20 ਤਰੀਕ ਨੂੰ ਰਾਤ ਨੂੰ ਨਵਾਂ ਫੁਰਮਾਨ ਆ ਗਿਆ ਕਿ 21 ਮਈ ਤੋਂ ਛੁੱਟੀਆਂ ਕਰ ਦਿੱਤੀਆਂ ਗਈਆਂ।ਪੰਜਾਬ ਅਨਏਡਿਡ ਸਕੂਲ ਐਸੋਸੀਏਸ਼ਨ (ਪੂਸਾ) ਦੇ ਜੋਇੰਟ ਸੈਕਰੇਟਰੀ ਸੱਤਪਾਲ ਅਰੋੜਾ ਨੇ ਦੱਸਿਆ ਕਿ ਬਹੁਤ ਸਾਰੇ ਸਕੂਲਾਂ ਦੇ ਛੋਟੀਆਂ ਜਮਾਤਾਂ ਦੇ ਬੱਚਿਆਂ ਦੇ ਬੈਗ ਤੇ ਕੁਝ ਕਿਤਾਬਾਂ ਸਕੂਲਾਂ ਵਿੱਚ ਹੀ ਪਈਆਂ ਰਹਿ ਗਈਆਂ ਤੇ ਸਕੂਲ ਵਿਦਿਆਰਥੀਆਂ ਨੂੰ ਸਵਾ ਮਹੀਨੇ ਦੀਆਂ ਛੁੱਟੀਆਂ ਲਈ ਕੰਮ ਵੀ ਨਾ ਦੇ ਸਕੇ।ਇਸ ਤੋਂ ਇਲਾਵਾ ਬੱਚਿਆਂ ਦੇ ਪੇਪਰ ਵੀ ਚੱਲ ਰਹੇ ਸਨ, ਜੋ ਵਿੱਚੇ ਹੀ ਬੰਦ ਕਰਨੇ ਪਏ।ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਅਨੇਕਾਂ ਵਾਰ ਮਾਨਯੋਗ ਸਿੱਖਿਆ ਮੰਤਰੀ ਤੇ ਵਿਭਾਗ ਨੂੰ ਲਿਖਿਆ ਹੈ ਕਿ ਛੁੱਟੀਆਂ ਕਰਨ ਦਾ ਫੈਸਲਾ ਸਹਿਜਤਾ ਨਾਲ ਲਿਆ ਜਾਵੇ ਅਤੇ ਨਾਲ ਹੀ ਇਸ ਦੀ ਜਾਣਕਾਰੀ ਭਰੋਸੇਯੋਗ ਸੂਤਰਾਂ ਰਾਹੀਂ ਜਾਂ ਮੇਲ ਰਾਹੀਂ ਸਬੰਧਤ ਸਕੂਲਾਂ ਨੂੰ ਦਿੱਤੀ ਜਾਵੇ।ਜ਼ਿਆਦਾਤਰ ਛੁੱਟੀਆਂ ਦਾ ਫੈਸਲਾ ਸੋਸ਼ਲ ਮੀਡੀਆ ਰਾਹੀਂ ਸੁਣਾਇਆ ਜਾਂਦਾ ਹੈ, ਜੋ ਅਨੇਕਾਂ ਵਾਰ ਗਲਤ ਹੁੰਦਾ ਹੈ। ਸੋਸ਼ਲ ਮੀਡੀਆ ਉੱਪਰ ਬਹੁਤ ਸਾਰੇ ਆਰਡਰ ਨਕਲੀ ਤੌਰ 'ਤੇ ਐਡਿਟ ਕਰ ਕੇ ਪਾਏ ਹੁੰਦੇ ਹਨ, ਜਿਨ੍ਹਾਂ ਤੇ ਯਕੀਨ ਕਰਨਾ ਔਖਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸਕੂਲਾਂ ਵਿੱਚ ਗਰਮੀ ਤੋਂ ਬਚਣ ਲਈ ਹਰ ਕਿਸਮ ਦੀ ਸਹੂਲਤ ਹੁੰਦੀ ਹੈ।ਐਸੋਸੀਏਸ਼ਨ ਸਰਕਾਰ ਦੁਆਰਾ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚੁੱਕੇ ਕਦਮਾਂ ਦੀ ਸ਼ਲਾਘਾ ਕਰਦੀ ਹੈ, ਪ੍ਰੰਤੂ ਚੰਗਾ ਹੁੰਦਾ ਜੇਕਰ ਸਕੂਲਾਂ ਨੂੰ 21 ਮਈ ਖੁੱਲਾ ਰੱਖਣ ਦੀ ਆਗਿਆ ਦਿੱਤੀ ਜਾਂਦੀ ਜਾਂ ਕੁਝ ਦਿਨ ਵਾਸਤੇ ਸਕੂਲ ਸਵੇਰੇ 7 ਵਜੇ ਤੋਂ 10:00 ਵਜੇ ਤੱਕ ਲਾ ਦਿੱਤੇ ਜਾਂਦੇ ਤਾਂ ਜੁ ਬੱਚਿਆਂ ਦੇ ਪੇਪਰ ਲਏ ਜਾ ਸਕਦੇ ਅਤੇ ਸਕੂਲ ਸਹੀ ਢੰਗ ਨਾਲ ਬੱਚਿਆਂ ਨੂੰ ਛੁੱਟੀਆਂ ਦਾ ਕੰਮ ਦੇ ਸਕਦੇ।ਇਸ ਤੋਂ ਇਲਾਵਾ ਜੂਨ ਵਿੱਚ ਸੀ ਬੀ ਐਸ ਈ ਵੱਲੋਂ ਟੀਚਰਾਂ ਲਈ ਪੰਜ ਦਿਨਾਂ ਦੀ ਜ਼ਰੂਰੀ ਟ੍ਰੇਨਿੰਗ ਵੀ ਹੁੰਦੀ ਹੈ।ਇਸ ਨੂੰ ਲੈ ਕੇ ਵੀ ਸਕੂਲ ਪ੍ਰਬੰਧਕ ਸ਼ਸ਼ੋਪੰਜ ਵਿੱਚ ਹਨ, ਉਹ ਅਧਿਆਪਕਾਂ ਨੂੰ ਸਕੂਲ ਵਿੱਚ ਬੁਲਾਉਣ ਜਾਂ ਨਾ।ਸਰਕਾਰ ਨੂੰ ਆਪਣੇ ਫੈਸਲੇ ਉੱਪਰ ਮੁੜ ਵਿਚਾਰ ਕਰਨਾ ਚਾਹੀਦਾ ਹੈ।

# ਅਕਾਲੀ ਦਲ ਸੱਤਾ 'ਚ ਆਇਆ ਤਾਂ ਰਾਜਸਥਾਨ ਤੇ ਹਰਿਆਣਾ ਨਾਲ ਕੀਤੇ ਪਾਣੀ ਦੇ ਸਮਝੌਤੇ ਰੱਦ ਕਰਾਂਗੇ : ਸੁਖਬੀਰ




**ਮੋਗਾ, (ਇਕਬਾਲ ਸਿੰਘ ਖਹਿਰਾ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਵਾਸਤੇ ਆਉਂਦੀਆਂ ਸੰਸਦੀ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਰੱਦ ਕਰ ਦੇਣ। ਉਨ੍ਹਾਂ ਐਲਾਨ ਕੀਤਾ ਕਿ ਅਗਲੀ ਅਕਾਲੀ ਦਲ ਦੀ ਸਰਕਾਰ ਗੁਆਂਢੀ ਰਾਜਾਂ ਨਾਲ ਕੀਤੇ ਗਏ ਪਾਣੀਆਂ ਦੇ ਸਮਝੌਤੇ ਰੱਦ ਕਰੇਗੀ।

ਅਕਾਲੀ ਦਲ ਦੇ ਪ੍ਰਧਾਨ, ਜਿਨ੍ਹਾਂ ਇਥੇ ਫ਼ਰੀਦਕੋਟ, ਨਿਹਾਲ ਸਿੰਘ ਵਾਲਾ, ਧਰਮਕੋਟ ਤੇ ਮੋਗਾ ਵਿਚ ਵਿਸ਼ਾਲ ਰੈਲੀਆਂ ਨੂੰ ਸੰਬੋਧਨ ਕੀਤਾ, ਨੇ ਜ਼ੋਰ ਦੇ ਕੇ ਕਿਹਾ ਕਿ ਰਾਜਸਥਾਨ ਕੋਲ ਪੰਜਾਬ ਦੇ ਦਰਿਆਈ ਪਾਣੀ ਹਾਸਲ ਕਰਨ ਦਾ ਕੋਈ ਹੱਕ ਨਹੀਂ ਹੈ ਕਿਉਂਕਿ ਉਹ ਗੈਰ ਰਾਈਪੇਰੀਅਨ ਰਾਜ ਹੈ।ਉਨ੍ਹਾਂ ਕਿਹਾ ਕਿ 1955 ਵਿੱਚ ਕਾਂਗਰਸ ਦੀ ਸਰਕਾਰ ਨੇ ਪੰਜਾਬ ਦਾ 16 ਐਮ ਏ ਐਫ਼ ਪਾਣੀ ਰਾਜਸਥਾਨ ਨੂੰ ਦੇ ਦਿੱਤਾ ਸੀ।ਉਨ੍ਹਾਂ ਕਿਹਾ ਕਿ ਇਸ ਕਾਰਨ ਮਾਲਵਾ ਪੱਟੀ ਨੂੰ ਬਹੁਤ ਨੁਕਸਾਨ ਪੁੱਜਾ।ਉਨ੍ਹਾਂ ਕਿਹਾ ਕਿ ਅੱਜ ਜ਼ਮੀਨ ਹੇਠਾਂ ਕਈ ਥਾਵਾਂ 'ਤੇ ਪਾਣੀ 1500 ਫੁੱਟ ਹੇਠ ਚਲਾ ਗਿਆ ਹੈ ਤੇ ਉਥੇ ਖੇਤੀ ਵਾਸਤੇ ਪਾਣੀ ਯੋਗ ਨਹੀਂ ਰਿਹਾ।ਉਨ੍ਹਾਂ ਕਿਹਾ ਕਿ ਸੂਬੇ ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਅਸੀਂ ਸੂਬੇ ਨਾਲ ਦਰਿਆਈ ਪਾਣੀਆਂ ਦੀ ਸਾਂਝ ਬਾਰੇ ਕੀਤੇ ਸਾਰੇ ਸਮਝੌਤੇ ਰੱਦ ਕਰਾਂਗੇ ਤਾਂ ਜੁ ਤੁਹਾਡੇ ਖੇਤਾਂ ਨੂੰ ਪਾਣੀ ਮਿਲ ਸਕੇ।

ਸੁਖਬੀਰ ਸਿੰਘ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ 'ਆਪ' ਸਰਕਾਰ ਵੱਲੋਂ ਪੰਜਾਬ ਦਾ ਅੱਧਾ ਦਰਿਆਈ ਪਾਣੀ ਐਸ ਵਾਈ ਐਲ ਨਹਿਰ ਰਾਹੀਂ ਹਰਿਆਣਾ ਨੂੰ ਦੇਣ ਦੀ ਸਾਜ਼ਿਸ਼ ਨੂੰ ਮੁੱਢੋਂ ਹੀ ਖਤਮ ਕਰ ਦੇਣ।ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਦਾ ਇਸਦੇ ਖੇਤਰ ਵਿਚੋਂ ਲੰਘਦੇ ਸਾਰੇ ਦਰਿਆਵਾਂ ਦੇ ਪਾਣੀਆਂ 'ਤੇ ਅਨਿੱਖੜਵਾਂ ਹੱਕ ਹੈ, ਪਰ ਤਹਿਤ ਨਹਿਰੀ ਪਾਣੀ ਨਾਲ ਸਿੰਜਣ ਵਾਲੀ ਧਰਤੀ ਦਾ ਸਰਵੇਖਣ ਕਰਕੇ ਇਸਦੀ ਰਿਪੋਰਟ ਸੁਪਰੀਮ ਕੋਰਟ ਵਿੱਚ ਪੇਸ਼ ਕਰਕੇ ਸੂਬੇ ਦਾ ਪਾਣੀ ਹਰਿਆਣਾ ਨੂੰ ਦੇਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਮੁਤਾਬਕ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਨਹਿਰੀ ਪਟਵਾਰੀਆਂ ਤੇ ਮਾਲ ਵਿਭਾਗ ਦੇ ਸਟਾਫ ਨੂੰ ਹੁਕਮ ਦਿੱਤਾ ਹੈ ਕਿ ਉਹ ਜਾਅਲੀ ਸਰਵੇਖਣ ਤਿਆਰ ਕਰਨ ਕਿ ਪੰਜਾਬ 'ਚ 100 ਫ਼ੀਸਦੀ ਖੇਤਾਂ ਲਈ ਨਹਿਰੀ ਪਾਣੀ ਉਪਲਬਧ ਹੈ, ਜਦੋਂ ਕਿ ਅਸਲ ਵਿੱਚ ਸਿਰਫ਼ 23 ਫ਼ੀਸਦੀ ਖੇਤਾਂ ਤੱਕ ਹੀ ਨਹਿਰੀ ਪਾਣੀ ਪਹੁੰਚਦਾ ਹੈ।ਉਨ੍ਹਾਂ ਕਿਹਾ ਕਿ ਅਜਿਹਾ 'ਆਪ' ਮੁਖੀ ਅਰਵਿੰਦ ਕੇਜਰੀਵਾਲ ਦੇ ਹੁਕਮਾਂ 'ਤੇ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੇ ਪਹਿਲਾਂ ਹੀ ਹਰਿਆਣਾ ਤੇ ਦਿੱਲੀ ਦੇ ਲੋਕਾਂ ਨਾਲ ਵਾਅਦਾ ਕੀਤਾ ਹੈ ਕਿ ਉਹ ਐਸ ਵਾਈ ਐਲ ਨਹਿਰ ਦਾ ਪਾਣੀ ਲਿਆ ਕੇ ਦੇਣਗੇ।ਉਨ੍ਹਾਂ ਕਿਹਾ ਕਿ ਆਪ ਇਸ ਕਦਮ ਨਾਲ ਹਰਿਆਣਾ ਤੇ ਦਿੱਲੀ ਵਿਚ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ 'ਆਪ' ਸਰਕਾਰ ਵੱਲੋਂ ਸਰਕਾਰ ਦੇ ਗੈਰ ਕਾਨੂੰਨੀ ਹੁਕਮ ਮੰਨਣ ਤੋਂ ਇਨਕਾਰੀ 400 ਨਹਿਰੀ ਪਟਵਾਰੀਆਂ ਨੂੰ ਮੁਅੱਤਲ ਕਰਨ ਦੇ ਹੁਕਮਾਂ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਪਟਵਾਰੀਆਂ ਦੇ ਮੋਢੇ ਨਾਲ ਮੋਢਾ ਲਾ ਕੇ ਖੜੇ ਹਾਂ ਤੇ ਯਕੀਨੀ ਬਣਾਵਾਂਗੇ ਕਿ ਇਨ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ।

ਫ਼ਰੀਦਕੋਟ ਤੋਂ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਕਿਵੇਂ ਕਾਂਗਰਸ ਤੇ 'ਆਪ' ਨੇ ਕਿਸਾਨਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਵਿਤਕਰਾ ਕੀਤਾ।ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਜਿਹਨਾਂ ਦੋਵਾਂ ਪਾਰਟੀਆਂ ਨੇ ਝੂਠੇ ਵਾਅਦਿਆਂ ਨਾਲ ਤੁਹਾਡੇ ਨਾਲ ਧੋਖਾ ਕੀਤਾ, ਉਨ੍ਹਾਂ ਨੂੰ ਸਬਕ ਸਿਖਾਇਆ ਜਾਵੇ।

ਪਾਰਟੀ ਦੇ ਸੀਨੀਅਰ ਆਗੂ ਪਰਮਬੰਸ ਸਿੰਘ ਰੋਮਾਣਾ ਨੇ ਦੱਸਿਆ ਕਿ ਕਿਵੇਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤਖਤ ਸ੍ਰੀ ਹਜ਼ੂਰ ਸਾਹਿਬ ਤੇ ਸ੍ਰੀ ਪਟਨਾ ਸਾਹਿਬ 'ਤੇ ਆਰ ਐਸ ਐਸ ਦਾ ਕਬਜ਼ਾ ਕਰਾਉਣਾ ਚਾਹੁੰਦੀ ਹੈ।ਉਹਨਾਂ ਕਿਹਾ ਕਿ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੀ ਸਥਾਪਨਾ ਵਿਚ ਕੇਂਦਰ ਸਰਕਾਰ ਦਾ ਵੀ ਪੂਰਾ ਹੱਥ ਹੈ ਤੇ ਜੇਕਰ ਤੁਸੀਂ ਆਪਣੀਆਂ ਵੋਟਾਂ ਨਾਲ ਇਸ ਨੂੰ ਨਾ ਰੋਕਿਆ ਤਾਂ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੋਰ ਨੁਕਸਾਨ ਕਰੇਗੀ।

# ਜਿੰਦਲ ਵੱਲੋਂ ਵਪਾਰੀਆਂ ਨੂੰ 'ਆਪ' ਨੂੰ ਜਿਤਾਉਣ ਦੀ ਅਪੀਲ



**ਨਾਭਾ (ਵਰਿੰਦਰ ਵਰਮਾ)**- ਵਿਧਾਨ ਸਭਾ ਹਲਕਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਟਰੇਡ ਵਿੰਗ ਜੁਆਇੰਟ ਸਕੱਤਰ ਪੰਜਾਬ ਅਜੇ ਜਿੰਦਲ ਵੱਲੋ ਹਲਕਾ ਨਾਭਾ ਦੇ ਨਾਲ ਨਾਲ ਵੱਖ-ਵੱਖ ਸ਼ਹਿਰਾਂ ਵਿੱਚ ਆਪ ਪਾਰਟੀ ਦੀ ਬਿਹਤਰੀ ਲਈ ਦਿਨ ਰਾਤ ਮਿਹਨਤ ਕੀਤੀ ਜਾ ਰਹੀ ਹੈ। ਅਜੇ ਜਿੰਦਲ ਨੇ ਹਲਕੇ ਦੀਆਂ ਵੱਖ-ਵੱਖ ਧਾਰਮਿਕ ਸਮਾਜਿਕ ਸੰਸਥਾਵਾਂ ਦੇ ਅਹੁਦੇਦਾਰਾਂ ਨਾਲ ਗੱਲਬਾਤ ਕਰ ਕੇ ਪਾਰਟੀ ਦਾ ਪ੍ਰਚਾਰ ਕੀਤਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਲਈ ਭਰੋਸਾ ਦਿੱਤਾ। ਅਜੇ ਜਿੰਦਲ ਦਾ ਕਹਿਣਾ ਹੈ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਹੀ ਲੋਕਾਂ ਦੀ ਨਬਜ਼ ਪਛਾਣ ਸਕਦੇ ਹਨ ਕਿਉਂਕਿ ਇਹ ਜ਼ਮੀਨੀ ਪੱਧਰ ਨਾਲ ਜੁੜੇ ਹੋਏ ਲੀਡਰ ਹਨ। ਅਕਾਲੀ, ਕਾਂਗਰਸੀ ਅਤੇ ਬੀ ਜੇ ਪੀ ਮਹਿਲਾਂ ਵਿੱਚੋਂ ਸਰਕਾਰਾਂ ਚਲਾਉਣ ਵਾਲੇ ਲੀਡਰ ਹਨ, ਅਜੇ ਜਿੰਦਲ ਨੇ ਕਿਹਾ ਕਿ ਇਨ੍ਹਾਂ ਨੂੰ ਲੋਕਾਂ ਦੀਆਂ ਮੁਸ਼ਕਲਾਂ ਦਾ ਕੀ ਪਤਾ ਹੈ। ਪੰਜਾਬ ਦੇ ਕ੍ਰਾਂਤੀਕਾਰੀ ਅਤੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਲੋਕ ਸਭਾ ਉਮੀਦਵਾਰਾਂ ਦੇ ਹੱਕ ਵਿੱਚ ਕੀਤੇ ਜਾ ਰਹੇ ਰੋਡ ਸ਼ੋਅ ਦੌਰਾਨ ਉਮੜ ਰਹੇ ਇਕੱਠਾਂ ਤੋਂ ਵਿਰੋਧੀਆਂ ਦੀ ਨੀਂਦ ਉੱਡ ਗਈ ਹੈ। ਪੰਜਾਬ ਦੇ ਲੋਕ ਇਨ੍ਹਾਂ ਨਕਾਰਾ ਪਾਰਟੀਆਂ ਨੂੰ ਦੁਬਾਰਾ ਮੂੰਹ ਨਹੀਂ ਲਗਾਉਣਗੇ ਅਤੇ ਆਪ ਦੇ ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ। ਅਜੇ ਜਿੰਦਲ ਨੇ ਕਿਹਾ ਕਿ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਅਤੇ ਟਰੇਡ ਵਿੰਗ ਦੇ ਜਨਰਲ ਸਕੱਤਰ ਪੰਜਾਬ ਪ੍ਰਧਾਨ ਵਨੀਤ ਵਰਮਾ ਦੀ ਯੋਗ ਰਹਿਨੁਮਾਈ ਹੇਠ ਨਾਭਾ ਤੋਂ ਬਲਾਕ ਪ੍ਰਧਾਨ ਸੰਦੀਪ ਸ਼ਰਮਾ ਦੇ ਨਾਲ ਡੋਰ ਟੂ ਡੋਰ ਕਰਕੇ ਲੋਕ ਸਭਾ ਪਟਿਆਲਾ ਉਮੀਦਵਾਰ ਡਾਕਟਰ ਬਲਬੀਰ ਸਿੰਘ ਦੇ ਹੱਕ ਵਿੱਚ ਸਬਜ਼ੀ ਮੰਡੀ ਵਿਖੇ ਚੋਣ ਪ੍ਰਚਾਰ ਕੀਤਾ। ਉਨ੍ਹਾਂ ਨੇ ਦੁਕਾਨਦਾਰਾਂ ਤੋਂ ਦਰਪੇਸ਼ ਸਮੱਸਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀ ਇੱਕ ਇੱਕ ਸਮੱਸਿਆਵਾਂ ਨੂੰ ਹਾਈ ਕਮਾਨ ਤੱਕ ਭੇਜਿਆ ਜਾਵੇਗਾ ਤਾਂ ਕਿ ਇਸ ਦਾ ਹੱਲ ਪਹਿਲ ਦੇ ਅਧਾਰ ਤੇ ਕੀਤਾ ਜਾ ਸਕੇ।ਅਜੇ ਜਿੰਦਲ ਨੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਆਪਣਾ ਇੱਕ-ਇੱਕ ਵੋਟ ਆਮ ਆਦਮੀ ਪਾਰਟੀ ਨੂੰ ਪਾ ਕੇ ਕਾਮਯਾਬ ਕਰੋ।


**AXIS BANK LTD.**

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਰਿਟੇਲ ਲੈਂਡਿੰਗ ਐਂਡ ਪੇਮੈਂਟ ਗਰੁੱਪ (ਸਥਾਨਕ ਦਫ਼ਤਰ/ਬਰਾਂਚ) : ਐਕਸਿਸ ਬੈਂਕ ਲਿਮਟਿਡ, ਰਿਟੇਲ ਐਸਟ ਸੈਂਟਰ, ਐਸ ਸੀ ਓ 357-368, ਸੈਕਟਰ 34ਏ, ਚੰਡੀਗੜ੍ਹ 160022, ਐਕਸਿਸ ਬੈਂਕ ਲਿਮਟਿਡ, ਤੀਜੀ ਮੰਜ਼ਲ, ਜੀ ਆਈ ਜੇ ਏਪੈਕਸ ਐਨ ਪੀ ਸੀ-1, ਟੀ ਟੀ ਸੀ ਇੰਡਸਟ੍ਰੀਅਲ ਏਰੀਆ, ਮੁਗਲਸਾਨ ਰੋਡ, ਏਰੋਲੀ, ਨਵੀਂ-ਮੁੰਬਈ-400708, ਰਜਿਸਟਰਡ ਦਫਤਰ "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ - 380006

**ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।**

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਸੰਕੇਤਕ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ (1) ਮੈਸਰਜ਼ ਮੈਗਨੈਟਕ ਇੰਟਰਪ੍ਰਾਈਜ਼ਜ਼ ਰਾਹੀਂ ਇਸ ਦੇ ਭਾਈਵਾਲ ਕੁਮਾਰ ਕੁਮਾਰ ਸੈਣੀ, ਸੁਨੀਲ ਰਾਣੀ ਅਤੇ ਰੋਸ਼ਨੀ ਦੇਵੀ ਨੂੰ ਕਰਜ਼ਾ ਖਾਤਾ ਨੰ. 920060051157002 ਤਹਿਤ ਐਸ ਬੀ ਬੀ ਸਕਿਉਰਡ ਟਰਮ ਲੋਨ ਸਹੂਲਤ, ਕਰਜਾ ਖਾਤਾ ਨੰ. 922060049722140 ਤਹਿਤ ਐਸ ਬੀ ਬੀ ਈ ਸੀ ਐਲ ਜੀ ਐਸ ਟਰਮ ਲੋਨ ਸਹੂਲਤ, ਕਰਜ਼ਾ ਖਾਤਾ ਨੰ. 920030063755457 ਤਹਿਤ ਐਸ ਬੀ ਬੀ ਸਕਿਉਰਡ ਡਰਾਪਲਾਈਨ ਓ ਡੀ, ਐਸ ਬੀ ਬੀ ਸਕਿਉਰਡ ਟਰਮ ਲੋਨ 920060051216800 ਅਤੇ ਐਸ ਬੀ ਬੀ ਸਕਿਉਰਡ ਟਰਮ ਲੋਨ 921060051988447 'ਚ 30/10/2023 ਨੂੰ ਬਕਾਇਆ ਰਕਮ ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਦੀ ਵਸੂਲੀ ਲਈ ਰੁਪਏ 4,39,20154/-(ਚਾਰ ਕਰੋੜ ਉਨਤਾਲੀ ਲੱਖ ਵੀਹ ਹਜ਼ਾਰ ਇੱਕ ਸੌ ਚਰੰਜਾ ਰੁਪਏ) 28/06/2024 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 6,78,00,000/- (ਰੁਪਏ ਛੇ ਕਰੋੜ ਅਠੱਤਰ ਲੱਖ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 67, 80,000/- (ਰੁਪਏ ਸਤਾਹਟ ਲੱਖ ਅੱਸੀ ਹਜ਼ਾਰ ਕੇਵਲ) ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ ਚੰਡੀਗੜ੍ਹ ਵਿਖੇ ਡੀ ਡੀ/ ਪੀ ਓ ਰਾਹੀਂ |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | 26 ਜੂਨ 2024 ਸ਼ਾਮ 05.00 ਵਜੇ ਤੱਕ, ਐਕਸਿਸ ਬੈਂਕ ਲਿਮਟਿਡ, ਐਕਸਿਸ ਬੈਂਕ-ਆਰ ਏ ਸੀ, ਅਰਕੋਟ ਪਲਾਜ਼ਾ, ਪੁਰਾਣਾ ਨੰ. 38, ਨਵਾਂ ਨੰ. 165, ਅਰਕੋਟ ਰੋਡ, ਕੋਡਾਮਬਕੱਮ, ਚੇਨੱਈ-600024, ਸ੍ਰੀ ਕੇ ਦਿਨਾਕਰਨ ਦੇ ਪਤੇ 'ਤੇ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 28 ਜੂਨ 2024 ਸਵੇਰੇ 11.00 ਵਜੇ ਅਤੇ 12.00 ਵਜੇ ਬਾਅਦ ਦੁਪਹਿਰ ਹਰੇਕ 5 ਮਿੰਟ ਦੇ ਅਸੀਮਤ ਵਾਧੇ ਨਾਲ। ਈ-ਨਿਲਾਮੀ ਟੈਂਡਰ ਦਸਤਾਵੇਜ਼, ਜਿਵੇਂ ਕਿ ਈ-ਨਿਲਾਮੀ ਬੋਲੀ ਫਾਰਮ, ਡੇਕਲੇਰੇਸ਼ਨ ਆਦਿ ਸ਼ਾਮਲ ਹਨ,ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ : ਅਲਾਟਮੈਂਟ ਪੱਤਰ 1174 ਮਿਤੀ 26/08/2017 ਅਤੇ ਕਰਵੇ ਅੰਸ਼ ਬੈਨਾਮਾ ਨੰ. 1758/2017 ਮਿਤੀ 9/10/2017 ਅਨੁਸਾਰ ਵਪਾਰਕ ਜਾਇਦਾਦ ਰਕਬਾ 1176 ਵਰਗ ਮੀਟਰ, ਪਲਾਟ ਨੰ. 74-ਸੀ, ਐਚ ਪੀ ਐਸ ਆਈ ਡੀ ਸੀ ਇੰਡਸਟ੍ਰੀਅਲ ਏਰੀਆ ਬੱਦੀ, ਜ਼ਿਲ੍ਹਾ ਸੋਲਨ, ਹਿਮਾਚਲ ਪ੍ਰਦੇਸ਼ ਨਾਲ ਸੰਬੰਧਤ ਸਭ ਕੁਝ। ਹੱਦਾਂ : ਹੇਠ ਅਨੁਸਾਰ : ਪੂਰਬ : ਸੜਕ, ਪੱਛਮ : ਸੜਕ, ਉੱਤਰ : ਅੱਪਾ ਸਵਾਮੀ, ਦੱਖਣ : ਐਸ ਜੇ ਇੰਡਸਟਰੀਜ਼। ਉਪਰੋਕਤ ਦੱਸੀ ਵਪਾਰਕ ਜਾਇਦਾਦ 'ਚ ਮਸ਼ੀਨਾਂ, ਅਸੈਸਰੀਜ਼, ਖਿੜਕੀਆਂ, ਦਰਵਾਜ਼ੇ, ਇਲੈਕਟ੍ਰੀਕਲ, ਇੰਸਟਾਲੇਸ਼ਨਜ਼ ਨਾਲ ਉਪਰਲਾ ਢਾਂਚਾ, ਪਾਈਪ ਫਿਟਿੰਗਜ਼ ਅਤੇ ਵਾਟਰ ਕੁਨੈਕਸ਼ਨਜ਼ ਆਦਿ ਸ਼ਾਮਲ ਹਨ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਨਿਤਿਸ਼ ਅਗਰਵਾਲ (ਮੋਬਾਈਲ ਨੰ. 98888-89394) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 23-05-2024, ਸਥਾਨ : ਹਿਮਾਚਲ ਪ੍ਰਦੇਸ਼ — ਸਹੀ/-(ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

# ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਪਾਵਰਕਾਮ ਦੀ ਮੈਨੇਜਮੈਂਟ ਖਿਲਾਫ ਸਰਕਲ ਪੱਧਰੀ ਧਰਨਾ



ਸਮਰਾਲਾ (ਸੁਰਜੀਤ ਸਿੰਘ)-ਪੈਨਸ਼ਨਰਜ਼ ਐਸੋਸੀਏਸ਼ਨ ਰਜਿ 56 ਪਾਵਰਕਾਮ ਟਰਾਂਸਕੋ ਸਰਕਲ ਪੱਧਰੀ ਵਿਸ਼ਾਲ ਧਰਨਾ ਸਰਕਲ ਦਫ਼ਤਰ ਦੇ ਬਾਹਰ ਖੰਨਾ ਵਿਖੇ ਸਰਕਲ ਪ੍ਰਧਾਨ ਹਰਬੰਸ ਸਿੰਘ ਦਬੁਰਜੀ ਦੀ ਪ੍ਰਧਾਨਗੀ ਹੇਠ ਦਿੱਤਾ ਗਿਆ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਰਕਲ ਸਕੱਤਰ ਇੰਦਰਜੀਤ ਸਿੰਘ ਅਕਾਲ ਅਤੇ ਗੁਰਸੇਵਕ ਸਿੰਘ ਮੋਹੀ ਸਰਕਲ ਪ੍ਰੈੱਸ ਸਕੱਤਰ ਨੇ ਦੱਸਿਆ ਕਿ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਤੇ ਮਸਲਿਆਂ ਨੂੰ ਹੱਲ ਨਾ ਕਰਨ ਸਬੰਧੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਨੇ ਧਾਰੀ ਚੁੱਪ ਅਤੇ ਪੈਨਸ਼ਨਰਾਂ ਨੂੰ ਨਜ਼ਰ ਅੰਦਾਜ਼ ਕਰਨ ਦੀ ਕਾਰਗੁਜ਼ਾਰੀ ਪ੍ਰਤੀ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸੂਬਾ ਕਮੇਟੀ ਵਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਖੰਨਾ ਸਰਕਲ ਦੇ ਬਾਹਰ 20 ਮਈ ਨੂੰ ਸਵੇਰੇ 09.30 ਵਜੇ ਤੋਂ ਸਰਕਲ ਪੱਧਰੀ ਵਿਸ਼ਾਲ ਧਰਨਾ ਅਤੇ ਮੁਜ਼ਾਹਰਾ ਸਰਕਲ ਦਫ਼ਤਰ ਪਾਵਰਕਾਮ ਜੀ.ਟੀ. ਰੋਡ ਖੰਨਾ ਦੇ ਬਾਹਰ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਵਿਰੁੱਧ ਆਪਣੀ ਹੱਕੀ ਅਤੇ ਜਾਇਜ਼ ਮੰਗਾਂ ਮਨਵਾਉਣ ਲਈ ਦਿੱਤਾ ਗਿਆ ਜਿਸ ਵਿੱਚ ਲੋਕਾਂ ਨੂੰ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੀ ਕਾਰਗੁਜ਼ਾਰੀ ਬਾਰੇ ਅਤੇ ਪੈਨਸ਼ਨਰਜ਼ ਮੰਗਾਂ ਜਿਵੇਂ ਕਿ 31-12-2015 ਤੱਕ ਰਿਟਾਇਰ ਹੋਏ ਪੈਨਸ਼ਨਰਾਂ ਦੀ ਪੈਨਸ਼ਨ 2.59 ਦਾ ਗੁਣਾਕ ਫੈਕਟਰ ਲਗਾ ਕੇ ਪੈਨਸ਼ਨ ਦੀ ਸੁਧਾਈ ਕਰਨਾ, ਕੈਸ਼ਲੈਸ ਮੈਡੀਕਲ ਸਕੀਮ ਮੁੜ ਚਾਲੂ ਕਰਨ, ਮੈਡੀਕਲ ਅਲਾਊਂਸ 2000 ਰੁਪਏ ਮਹੀਨਾ ਕਰਨ, 200 ਰੁਪਏ ਡਿਵੈਲਪਮੈਂਟ ਟੈਕਸ ਜੋ ਪੈਨਸ਼ਨਰਾਂ ਦਾ ਨਜਾਇਜ਼ ਕੱਟਿਆ ਜਾ ਰਿਹਾ ਹੈ ਜਿਸ ਨੂੰ ਕੱਟਣਾ ਬੰਦ ਕਰਨ ਤੋਂ ਸਰਕਾਰ ਦਾ ਪੂਰੀ ਤਰ੍ਹਾਂ ਮੁਨਕਰ ਹੋਣਾ, ਡੀ .ਏ. ਦੀ ਕਿਸ਼ਤਾਂ ਅਤੇ ਉਸ ਦਾ ਬਣਦੇ ਏਰੀਅਰ ਦੀ ਅਦਾਇਗੀ ਕਰਨ, ਰਿਵਾਇਜ਼ ਲੀਵਰ ਇਨਕੈਸ਼ਮੈਂਟ ਦੀ ਅਦਾਇਗੀ 'ਤੇ ਲਗਾਈ ਰੋਕ ਹਟਾਉਣ ਅਤੇ ਪੈਨਸ਼ਨਰਾਂ ਨੂੰ ਰਿਟਾਇਰਮੈਂਟ ਸਮੇਂ ਕਮਯੂਟੇਸ਼ਨ ਦੀ ਕੀਤੀ ਜਾਂਦੀ ਅਦਾਇਗੀ ਦੀ ਵਸੂਲੀ ਕਰਨ ਸਮੇਂ ਵੱਧ ਵਿਆਜ ਲੈਣ ਅਤੇ ਇਨ੍ਹਾਂ ਦੀ ਕਿਸ਼ਤਾਂ ਵੱਧ ਸਾਲਾਂ ਤੱਕ ਭਾਵ 15 ਸਾਲਾਂ ਤੱਕ ਨਜਾਇਜ਼ ਵਸੂਲਣ ਸਬੰਧੀ ਪੰਜਾਬ ਸਰਕਾਰ ਦੇ ਗ਼ਲਤ ਮਨਸੂਬਿਆਂ ਬਾਰੇ ਵੀ ਪੰਜਾਬ ਦੀ ਜਨਤਾ ਨੂੰ ਜਾਗਰੂਕ ਕੀਤਾ ਜਾਵੇਗਾ। ਧਰਨਾ ਦੇਣ ਉਪਰੰਤ ਪੈਨਸ਼ਨਰਜ਼ ਸਾਥੀਆਂ ਵੱਲੋਂ ਖੰਨਾ ਦੀਆਂ ਕਚਹਿਰੀਆਂ ਤੱਕ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਸਰਕਲ ਪ੍ਰਧਾਨ ਹਰਬੰਸ ਸਿੰਘ ਦਬੁਰਜੀ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਧਰਨੇ ਵਿੱਚ ਸ਼ਾਮਲ ਸਮੂਹ ਪੈਨਸ਼ਨਰਜ਼ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਅੱਜ ਦੇ ਇਸ ਧਰਨੇ ਨੂੰ ਸਰਵਸ਼੍ਰੀ ਰਾਜ ਸਿੰਘ ਬੱਲ, ਨਰਿੰਦਰ ਕੁਮਾਰ, ਰਕੇਸ਼ ਕੁਮਾਰ, ਰਵਿੰਦਰ ਸਿੰਘ, ਵਿਧੀ ਚੰਦ , ਜੋਗਿੰਦਰ ਸਿੰਘ ਜਲਾ, ਹਰਬੰਸ ਸਿੰਘ ਮੰਡੇਰ, ਤਰਸੇਮ ਲਾਲ , ਜਗਦੇਵ ਸਿੰਘ, ਜਗੀਰ ਸਿੰਘ, ਨੇਤਰ ਸਿੰਘ ਫੈਜਗੜ੍ਹੀਆ, ਹਰਬੰਸ ਸਿੰਘ ਦਬੁਰਜੀ, ਇੰਦਰਜੀਤ ਸਿੰਘ ਅਕਾਲ , ਗੁਰਸੇਵਕ ਸਿੰਘ ਮੋਹੀ ਅਤੇ ਸੂਬਾਈ ਆਗੂ ਦੇਵ ਰਾਜ ਅਤੇ ਸਿਕੰਦਰ ਸਿੰਘ ਆਦਿ ਨੇ ਆਪਣੇ ਵਿਚਾਰ ਰੱਖੇ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ



ਸੰਗਰੂਰ, (ਪ੍ਰਵੀਨ ਸਿੰਘ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ, ਜਦੋਂ ਮੈਂਬਰ ਪੀਏਸੀ ਤੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ ਦੀ ਮਿਹਨਤ ਸਦਕਾ ਕਰਨੈਲ ਸਿੰਘ ਅਤਲਾ ਜ਼ਿਲ੍ਹਾ ਵਾਈਸ ਪ੍ਰਧਾਨ ਕਾਂਗਰਸ ਕਮੇਟੀ ਮਾਨਸਾ, ਸੰਮਤੀ ਮੈਂਬਰ ਤੇ ਬਲਾਕ ਪ੍ਰਧਾਨ ਕਿਸਾਨ ਸੈਲ ਭੀਖੀ ਗੁਰਪ੍ਰੀਤ ਸਿੰਘ ਮਾਨਸਾ, ਅੰਗਰੇਜ਼ ਸਿੰਘ, ਗੁਰਪ੍ਰੀਤ ਸਿੰਘ ਸੱਦਾ ਸਿੰਘ ਵਾਲਾ, ਐਨਆਰਆਈ ਅੰਗਰੇਜ਼ ਸਿੰਘ ਬੌਬੀ ਸਮੇਤ ਸੀਨੀਅਰ ਮੈਂਬਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਿੱਚ ਸ਼ਾਮਲ ਹੋ ਗਏ, ਜਿਨ੍ਹਾਂ ਨੂੰ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਪਾਰਟੀ ਦਾ ਝੰਡਾ ਤੇ ਸਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

ਮਾਨ ਨੇ ਸ਼ਾਮਲ ਹੋਣ ਵਾਲੇ ਆਗੂਆਂ ਨੂੰ ਭਰੋਸਾ ਦੁਆਇਆ ਕਿ ਉਹਨਾਂ ਨੂੰ ਪਾਰਟੀ ਵਿੱਚ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ।ਮਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੰਥ ਤੇ ਪੰਜਾਬ ਦੇ ਭਲੇ ਦੀ ਗੱਲ ਕਰਦੀ ਹੈ, ਜਿਸ ਕਰਕੇ ਨੌਜਵਾਨ ਤੇ ਵੱਖ-ਵੱਖ ਪਾਰਟੀਆਂ ਵਿੱਚ ਵਧੀਆ ਸੋਚ ਵਾਲੇ ਲੀਡਰ ਪਾਰਟੀ ਦੇ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਲੋਕ ਸਭਾ ਚੋਣਾਂ ਦੇ ਨਤੀਜੇ ਬੜੇ ਹੈਰਾਨੀਜਨਕ ਹੋਣਗੇ ਜੋ ਪੰਜਾਬ ਦੀ ਸਿਆਸੀ ਤਸਵੀਰ ਬਦਲਦੇ ਹੋਏ ਨਜ਼ਰ ਆਉਣਗੇ।ਇਸ ਮੌਕੇ ਉਨ੍ਹਾਂ ਨਾਲ ਇੰਦਰਜੀਤ ਸਿੰਘ ਮੁਨਸ਼ੀ ਮਾਨਸਾ, ਪਰਮਪਾਲ ਸਿੰਘ ਭਿੱਖੀ ਵੀ ਹਾਜ਼ਰ ਸਨ।ਪਰਮਿੰਦਰ ਸਿੰਘ ਬਾਲਿਆਂਵਾਲੀ ਨੇ ਪਾਰਟੀ 'ਚ ਸ਼ਾਮਲ ਹੋਣ ਵਾਲੇ ਆਗੂਆਂ ਨੂੰ ਜੀ ਆਇਆਂ ਕਿਹਾ ਤੇ ਪੂਰਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿੱਤਾ।

# ਇਨਸਾਫ਼ ਲਈ ਭਟਕ ਰਹੇ ਪਰਵਾਰ ਵੱਲੋਂ 25 ਨੂੰ ਲਾਇਆ ਜਾਵੇਗਾ ਥਾਣਾ ਸਦਰ ਅੱਗੇ ਧਰਨਾ



ਮੁਕਤਸਰ ਸਾਹਿਬ (ਸ਼ਮਿੰਦਰਪਾਲ /ਪੂਜਾ )- ਅਬੋਹਰ ਰੋਡ ਵਿਖੇ ਰਹਿ ਰਹੇ ਉਸਾਮ ਸਿੰਘ ਪੁੱਤਰ ਜਵਾਲਾ ਸਿੰਘ ਨੇ ਦੱਸਿਆ ਕਿ ਉਸ ਦੇ ਬੇਟਾ ਸੰਜੂ ਮਿਤੀ 25 ਮਾਰਚ 2024 ਨੂੰ ਕਿਸੇ ਕੰਮ ਗੋਨੇਆਨਾ ਗਿਆ ਸੀ। ਰਸਤੇ ਵਿੱਚ ਉਸ ਦੇ ਮੋਟਰਸਾਈਕਲ ਨੂੰ ਕੁਝ ਪਿਛੋਂ ਜੀਪ ਵਿੱਚ ਸਵਾਰ ਅਣਪਛਾਤੇ ਮੁੰਡਿਆਂ ਵੱਲੋਂ ਟੱਕਰ ਮਾਰ ਦਿੱਤੀ ਸੀ ਜਿਸ ਕਰਕੇ ਉਸ ਦੇ ਬੇਟੇ ਦੀ ਲੱਤ ਟੁੱਟ ਗਈ ਸੀ ਜਿਸ ਨੂੰ ਇਲਾਜ ਲਈ ਕੋਟਕਪੂਰਾ ਰੋਡ ਮੁਕਤਸਰ ਵਿਖੇ ਬਾਂਸਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਡਾਕਟਰ ਨੇ ਕਿਹਾ ਕਿ ਉਸ ਦੇ ਬੇਟੇ ਦੀ ਲੱਤ ਟੁੱਟ ਗਈ ਹੈ ਤੇ ਇਸ ਸਬੰਧੀ ਡਾਕਟਰ ਨੇ ਥਾਣਾ ਸਦਰ ਰੁੱਕਾ ਭੇਜ ਦਿੱਤਾ ਪਰ ਥਾਣਾ ਸਦਰ ਦੀ ਪੁਲਸ ਨੇ ਮੌਕੇ 'ਤੇ ਆ ਕੇ ਨਾ ਕੋਈ ਬਿਆਨ ਲਿਆ ਤੇ ਨਾ ਹੀ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਕੀਤੀ। ਇਸ ਸਬੰਧ ਵਿੱਚ ਸੀ ਪੀ ਆਈ ਐਮ ਦੇ ਤਹਿਸੀਲ ਸਕੱਤਰ ਕਾਮਰੇਡ ਤਰਸੇਮ ਲਾਲ ਨੇ ਪੀੜਤ ਪਰਵਾਰ ਨੂੰ ਇਨਸਾਫ਼ ਦੇਣ ਅਤੇ ਦੋਸ਼ੀਆਂ ਖਿਲਾਫ ਬਣਦੀ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਕਈ ਵੇਰ ਐਸ ਐਚ ਓ ਅਤੇ ਡੀ ਐਸ ਪੀ ਸਤਨਾਮ ਸਿੰਘ ਵਿਰਕ ਨੂੰ ਮਿਲ ਕੇ ਬੇਨਤੀ ਕੀਤੀ ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਕਾਮਰੇਡ ਤਰਸੇਮ ਲਾਲ ਨੇ ਕਿਹਾ ਕਿ ਅਗਰ ਪੁਲਸ ਨੇ ਦੋਸ਼ੀਆਂ ਖਿਲਾਫ 25 ਮਈ ਤੱਕ ਕੋਈ ਕਾਰਵਾਈ ਨਾ ਕੀਤੀ ਤਾਂ 25 ਮਈ ਨੂੰ ਪੀੜਤ ਪਰਵਾਰ ਨੂੰ ਇਨਸਾਫ਼ ਦਿਵਾਉਣ ਲਈ ਥਾਣਾ ਸਦਰ ਦੇ ਅੱਗੇ ਧਰਨਾ ਲਾਇਆ ਜਾਵੇਗਾ। ਇਸ ਮੌਕੇ ਪੀੜਤ ਪਰਵਾਰ ਵੱਲੋਂ ਉਸਾਮ ਸਿੰਘ, ਲਾਲਾ ਰਾਮ, ਪਿੰਟੂ ਕੁਮਾਰ ਤੇ ਮੋਨੂੰ ਹਾਜ਼ਰ ਸਨ।

## ਕਾਤਰਾਂ

### ਜੱਸੀ ਸੋਹੀਆਂਵਾਲਾ ਦੀ ਅਗਵਾਈ ਹੇਠ 'ਆਪ' ਵਲੰਟੀਅਰ ਰਵਾਨਾ



ਨਾਭਾ, (ਵਰਿੰਦਰ ਵਰਮਾ) ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਨਰੂਆਣਾ ਦਾਨਾ ਮੰਡੀ ਬਠਿੰਡਾ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦਲਿਤ ਭਾਈਚਾਰੇ ਨਾਲ ਹੋਣ ਵਾਲੀ ਮਿਲਣੀ ਰੈਲੀ ਵਿੱਚ ਸ਼ਾਮਲ ਹੋਣ ਲਈ ਵੱਡੀ ਗਿਣਤੀ ਵਿੱਚ ਵਲੰਟੀਅਰ ਦਾ ਕਾਫਲਾ ਰਵਾਨਾ ਹੋਇਆ।ਜੱਸੀ ਸੋਹੀਆਂਵਾਲਾ ਨੇ ਕਿਹਾ ਕਿ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ 13-0 ਨਾਲ ਹੂੰਝਾਫੇਰ ਇਤਿਹਾਸਕ ਜਿੱਤ ਦਰਜ ਕਰੇਗੀ।ਉਨ੍ਹਾਂ ਕਿਹਾ ਕਿ ਪੰਜਾਬ ਦਾ ਸਮੁੱਚਾ ਦਲਿਤ ਭਾਈਚਾਰਾ ਅੱਜ ਆਮ ਆਦਮੀ ਪਾਰਟੀ ਨਾਲ ਚੱਟਾਨ ਵਾਂਗ ਖੜਾ ਹੈ।

### ਪੁਲਸ ਕਰਮਚਾਰੀ ਦੀ ਰੇਲ ਗੱਡੀ ਹੇਠ ਆਉਣ ਨਾਲ ਮੌਤ

ਮਾਨਸਾ (ਗੀਤਵਾਲ) ਰੇਲਵੇ ਫਾਟਕ ਨਜ਼ਦੀਕ ਇੱਕ ਪੁਲਸ ਕ੍ਰਮਚਾਰੀ ਦੀ ਰੇਲ ਗੱਡੀ ਹੇਠ ਆਉਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਹੈ। ਰੇਲਵੇ ਦੇ ਜਾਂਚ ਅਧਿਕਾਰੀ ਨਿਰਮਲ ਸਿੰਘ ਨੇ ਦੱਸਿਆ ਕਿ ਬਠਿੰਡਾ ਤੋਂ ਦਿੱਲੀ ਜਾ ਰਹੀ ਇੱਕ ਰੇਲ ਗੱਡੀ ਥੱਲੇ ਪੁਲਸ ਕ੍ਰਮਚਾਰੀ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਇਹ ਕ੍ਰਮਚਾਰੀ ਹੋਮਗਾਰਡ ਦਾ ਮੁਲਾਜ਼ਮ ਸੀ, ਜੋ ਮਾਨਸਾ ਦੀ ਜੇਲ੍ਹ ਤਾਮਕੋਟ ਵਿਖੇ ਡਿਊਟੀ ਕਰ ਰਿਹਾ ਸੀ।ਉਨ੍ਹਾਂ ਕਿਹਾ ਕਿ ਪਰਵਾਰਕ ਮੈਂਬਰਾਂ ਦੇ ਬਿਆਨਾਂ ਅਨੁਸਾਰ ਜਗਰੂਪ ਸਿੰਘ ਦਾ ਕੱਝ ਸਮਾਂ ਪਹਿਲਾਂ ਐਕਸੀਡੈਂਟ ਹੋ ਗਿਆ ਸੀ, ਜਿਸ ਦਾ ਪੀਜੀਆਈ ਚੰਡੀਗੜ੍ਹ ਵਿਖੇ ਇਲਾਜ ਚੱਲ ਰਿਹਾ ਸੀ, ਜੋ ਇਸ ਪ੍ਰੇਸ਼ਾਨੀ ਨੂੰ ਲੈ ਕੇ ਕਦੇ-ਕਦੇ ਪ੍ਰੇਸ਼ਾਨ ਰਹਿੰਦਾ ਸੀ।ਇਸੇ ਪ੍ਰਸ਼ਾਨੀ ਦੇ ਚੱਲਦਿਆਂ ਉਸ ਨਾਲ ਇਹ ਭਾਣਾ ਵਾਪਰ ਗਿਆ।

### ਬੌਬੀ ਮਾਨ ਦੇ ਹੱਕ 'ਚ ਚੋਣ ਪ੍ਰਚਾਰ



ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ) ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨਰਦੇਵ ਸਿੰਘ ਬੌਬੀ ਮਾਨ ਦੇ ਹੱਕ ਵੋਟਾਂ ਪਾਉਣ ਦੀ ਅਪੀਲ ਕਰਨ ਦੇ ਮਕਸਦ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਵੱਲੋਂ ਪਿੰਡ ਸੋਹਣੇਵਾਲਾ ਵਿਖੇ ਚੋਣ ਪ੍ਰਚਾਰ ਕੀਤਾ ਗਿਆ। ਹਨੀ ਫੱਤਣਵਾਲਾ ਨੇ ਕਿਹਾ ਕਿ ਲੋਕ ਅਕਾਲੀ ਦਲ ਵਲੋਂ ਕੀਤੇ ਗਏ ਕੰਮਾਂ ਨੂੰ ਵੋਟਾਂ ਪਾਉਣਗੇ ਤੇ ਅਕਾਲੀ ਦਲ ਦੇ ਸਾਰੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿੱਤ ਦਿਵਾਉਣਗੇ। ਉਨ੍ਹਾਂ ਕਿਹਾ ਕਿ ਲੋਕ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੇ ਕੰਮਾਂ ਨੂੰ ਯਾਦ ਕਰਦੇ ਹਨ, ਜਦਕਿ ਵਿਰੋਧੀ ਪਾਰਟੀਆਂ ਨੇ ਤਾਂ ਹਮੇਸ਼ਾ ਹੀ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਹਨੀ ਫੱਤਣਵਾਲਾ ਨੇ ਕਿਹਾ ਕਿ ਲੋਕਾਂ ਵਿੱਚ ਅਕਾਲੀ ਦਲ ਨੂੰ ਜਿਤਾਉਣ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

### ਵਿਦਿਆਰਥੀਆਂ ਨੂੰ ਸਟੇਸ਼ਨਰੀ ਦਿੱਤੀ

ਫ਼ਰੀਦਕੋਟ, (ਗੁਰਪ੍ਰੀਤ ਸਿੰਘ ਬੇਦੀ) ਸਰਕਾਰੀ ਮਿਡਲ ਸਕੂਲ ਪੱਕਾ ਦੇ ਸਕੂਲ ਮੁਖੀ ਜਸਬੀਰ ਸਿੰਘ ਜੱਸੀ ਦੀ ਬੇਨਤੀ ਤੇ ਸਮਾਜ ਸੇਵੀ, ਲਾਇਨਜ਼ ਕਲੱਬ ਆਗੂ ਗੁਰਚਰਨ ਸਿੰਘ ਗਿੱਲ, ਵਿਦਿਆਰਥੀਆਂ ਲਈ ਸਟੇਸ਼ਨਰੀ ਲੈ ਕੇ ਸਕੂਲ ਪਹੁੰਚੇ।ਇਸ ਮੌਕੇ ਲਾਇਨ ਲੀਡਲ ਗੁਰਮੇਲ ਸਿੰਘ ਜੱਸਲ ਵੀ ਉਨ੍ਹਾਂ ਨਾਲ ਸਨ।ਸਕੂਲ ਮੁਖੀ ਨੇ ਦੋਹਾਂ ਲਾਇਨ ਲੀਡਰਜ਼ ਨੂੰ ਜੀ ਆਇਆਂ ਨੂੰ ਆਖਿਆ ਤੇ ਇਸ ਨੇਕ ਕਾਰਜ ਲਈ ਧੰਨਵਾਦ ਕੀਤਾ।ਇਸ ਮੌਕੇ ਗੁਰਚਰਨ ਸਿੰਘ ਗਿੱਲ ਨੇ ਸਕੂਲ ਵਿਦਿਆਰਥੀਆਂ ਨੂੰ ਜੀਵਨ 'ਚ ਕਾਮਯਾਬੀ ਵਾਸਤੇ ਸਖ਼ਤ ਮਿਹਨਤ ਕਰਨ, ਮਾਤਾ-ਪਿਤਾ ਤੇ ਅਧਿਆਪਕਾਂ ਦੇ ਸਤਿਕਾਰ ਲਈ ਪ੍ਰੇਰਤ ਕੀਤਾ।ਇਸ ਮੌਕੇ ਸਕੂਲ ਦੇ ਅਧਿਆਪਕ ਵਿਕਾਸ ਅਰੋੜਾ, ਪ੍ਰਵੀਨ ਲਤਾ, ਸੁਦੇਸ਼ ਸ਼ਰਮਾ ਅਤੇ ਜਸਵਿੰਦਰ ਕੌਰ ਹਾਜ਼ਰ ਸਨ।

# ਸਵੀਪ ਟੀਮ ਨੇ ਵੋਟ ਦੇ ਅਧਿਕਾਰ ਦੀ ਵਰਤੋਂ ਲਈ ਕੀਤਾ ਉਤਸ਼ਾਹਤ

ਫ਼ਰੀਦਕੋਟ, (ਗੁਰਪ੍ਰੀਤ ਸਿੰਘ ਬੇਦੀ) ਸਰਕਾਰੀ ਸਹਿ ਸਿੱਖਿਆ ਸੀਨੀਅਰ ਸੈਕੰਡਰੀ ਸਕੂਲ ਗੋਲੇਵਾਲਾ ਦੇ ਪ੍ਰਿੰਸੀਪਲ ਰਾਜਵਿੰਦਰ ਕੌਰ, ਹਰਕ੍ਰਿਸ਼ਨ ਪਬਲਿਕ ਸਕੂਲ ਗੋਲੇਵਾਲਾ ਵਿਖੇ ਕੋਆਰਡੀਨੇਟਰ ਸ਼ਿਵਾਲੀ ਅਰੋੜਾ, ਐਸ.ਬੀ.ਆਰ.ਐਸ.ਸੀਨੀਅਰ ਸੈਕੰਡਰੀ ਸਕੂਲ ਘੁੱਦੂਵਾਲਾ ਵਿਖੇ ਪ੍ਰਿੰਸੀਪਲ ਸਮਸ਼ੇਰ ਸਿੰਘ ਵੱਲੋਂ ਸਵੀਪ ਟੀਮ ਨੂੰ ਜੀ ਆਇਆਂ ਨੂੰ ਆਖਦਿਆਂ ਵਿਦਿਆਰਥੀਆਂ ਨੂੰ ਦੱਸਿਆ ਕਿ ਪੰਜਾਬ ਅੰਦਰ 01 ਜੂਨ ਨੂੰ ਚੋਣਾਂ ਹੋ ਰਹੀਆਂ ਹਨ।ਸਾਨੂੰ ਆਪਣੇ ਦੇਸ਼ ਅੰਦਰ ਮਨਪਸੰਦ ਸਰਕਾਰ ਦੇ ਗਠਨ ਵਾਸਤੇ ਸਭ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ।

ਇਸ ਮੌਕੇ ਜ਼ਿਲ੍ਹਾ ਨੋਡਲ ਅਫ਼ਸਰ, ਸਹਾਇਕ ਜ਼ਿਲ੍ਹਾ ਨੋਡਲ ਅਫ਼ਸਰ ਨੇ ਵਿਦਿਆਰਥੀਆਂ/ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਲੋਕਤੰਤਰ ਦੀ ਮਜ਼ਬੂਤੀ ਵਾਸਤੇ 01 ਜੂਨ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਜ਼ਰੂਰੀ ਕਰਨ।ਉਨ੍ਹਾਂ ਨੇ ਵੋਟ ਦੀ ਮਹੱਤਤਾ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰੇਕ ਨੂੰ ਵੋਟ ਦੇ ਅਧਿਕਾਰੀ ਦੀ ਵਰਤੋਂ ਕਰਨੀ ਚਾਹੀਦੀ ਹੈ, ਕਿਉਂਕਿ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਹੀ ਅਸੀਂ ਆਪਣੀ ਮਨਮਰਜ਼ੀ ਦੀ ਸਰਕਾਰ ਚੁਣ ਸਕਦੇ ਹਾਂ।ਉਨ੍ਹਾਂ ਕਿਹਾ ਕਿ ਸਾਨੂੰ ਬਿਨਾਂ ਕਿਸੇ ਡਰ, ਭੈਅ, ਲਾਲਚ, ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਹੋਰ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨਾਂ ਸਭ ਤੋਂ ਪਹਿਲਾਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ।ਉਨ੍ਹਾਂ ਅਪੀਲ ਕੀਤੀ ਕਿ ਸਾਨੂੰ ਆਪਣੇ ਪਰਵਾਰਕ ਮੈਂਬਰਾਂ, ਸੰਪਰਕ 'ਚ ਆਉਣ ਵਾਲੇ ਲੋਕਾਂ ਨੂੰ ਵੋਟ ਦੇ ਹੱਕ ਲਈ ਉਤਸ਼ਾਹਤ ਕਰਨ ਤਾਂ ਜੁ ਚੋਣ ਕਮਿਸ਼ਨ ਵੱਲੋਂ ਦਿੱਤੇ ਨਾਅਰੇ 'ਅਬ ਦੀ ਬਾਰ-ਵੋਟਿੰਗ 70 ਪ੍ਰਤੀਸ਼ਤ ਪਾਰ' ਨੂੰ ਪ੍ਰਾਪਤ ਕੀਤਾ ਜਾ ਸਕੇ।

# ਮਨਰੇਗਾ ਤੇ ਮੁਫ਼ਤ ਰਾਸ਼ਨ ਸਕੀਮ ਕਾਂਗਰਸ ਦੀ ਦੇਣ : ਖਹਿਰਾ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ )-ਭਾਜਪਾ ਅਤੇ ਸੂਬੇ ਦੀ ਸੱਤਾ ਤੇ ਕਾਬਜ਼ ਆਮ ਆਦਮੀ ਪਾਰਟੀ ਨੇ ਗ਼ਰੀਬਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਕੀਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਹਲਕੇ ਮਹਿਲ ਕਲਾਂ ਦੇ ਵੱਖ-ਵੱਖ ਪਿੰਡਾਂ 'ਚ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਨੇ ਹਰ ਇਕ ਦੇ ਖਾਤੇ ਵਿਚ 15-15 ਲੱਖ ਰੁਪਏ ਪਾਉਣ ਅਤੇ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਹਰ ਮਹਿਲਾ ਨੂੰ ਹਰ ਮਹੀਨੇ 1000 ਰੁਪਏ ਦੇਣ ਦੇ ਝੂਠੇ ਵਾਅਦੇ ਕਰ ਕੇ ਸੱਤਾ ਹਾਸਲ ਕਰਨ ਵਾਲੀਆਂ ਇਨ੍ਹਾਂ ਮਤਲਬੀ ਸਰਕਾਰਾਂ ਨੇ ਆਪਣਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਅੱਜ ਉਹ ਕਿਸ ਮੂੰਹ ਨਾਲ ਲੋਕਾਂ ਸਾਹਮਣੇ ਆ ਰਹੇ ਹਨ। ਇਨ੍ਹਾਂ ਨੂੰ ਵੋਟਾਂ ਮੰਗਣ ਦਾ ਕੋਈ ਅਧਿਕਾਰ ਨਹੀਂ ਹੈ।

ਦੂਜੇ ਪਾਸੇ ਕਾਂਗਰਸ ਪਾਰਟੀ ਨੇ ਦੇਸ਼ ਦੀ ਸੱਤਾ 'ਚ ਹੁੰਦਿਆਂ ਅਨੇਕਾਂ ਲੋਕ ਭਲਾਈ ਸਕੀਮਾਂ ਸ਼ੁਰੂ ਕੀਤੀਆਂ ਅਤੇ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੇ ਅਧਿਕਾਰ ਦੇਣ ਲਈ ਕਈ ਕਾਨੂੰਨ ਬਣਾਏ ਜਿਸ ਦਾ ਅੱਜ ਵੀ ਲੋਕ ਲਾਭ ਲੈ ਰਹੇ ਹਨ। ਖਹਿਰਾ ਨੇ ਕਿਹਾ ਕਿ ਮਨਰੇਗਾ ਅਤੇ ਮੁਫ਼ਤ ਰਾਸ਼ਨ ਸਕੀਮ ਵੀ ਕਾਂਗਰਸ ਪਾਰਟੀ ਦੀ ਹੀ ਦੇਣ ਹੈ। ਉਨ੍ਹਾਂ ਕਿਹਾ ਕਿ ਮੁੜ ਦੇਸ਼ 'ਚ ਕਾਂਗਰਸ ਸਰਕਾਰ ਬਣਨ ਤੇ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਨੂੰ 200 ਰੁਪਏ ਤੋਂ 400 ਰੁਪਏ, ਸਾਲ ਵਿਚ 100 ਦਿਨ ਤੋਂ ਵਧਾ ਕੇ 200 ਦਿਨ ਕੰਮ ਦੇਣ ਦੀ ਗਰੰਟੀ, ਸਸਤਾ ਰਾਸ਼ਨ ਪ੍ਰਤੀ ਮੈਂਬਰ 5 ਕਿੱਲੋ ਤੋਂ ਵਧਾ ਕੇ 10 ਕਿੱਲੋ ਅਨਾਜ ਦੇਣ ਸਣੇ ਦੇਸ਼ ਦੀ ਹਰ ਗ਼ਰੀਬ ਮਹਿਲਾ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਹਰ ਸਾਲ ਇਕ-ਇਕ ਲੱਖ ਰੁਪਏ ਦਿੱਤੇ ਜਾਣਗੇ। ਦਲਿਤ ਲੀਡਰ ਦਰਸ਼ਨ ਸਿੰਘ ਕਾਂਗੜਾ ਨੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੇ ਫ਼ਰਕ ਨਾਲ ਪਾਰਟੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੂੰ ਜਿਤਾ ਕੇ ਲੋਕ ਸਭਾ 'ਚ ਭੇਜਣ। ਇਸ ਸਮੇਂ ਮਹਿਲਾ ਆਗੂ ਪਰਮਜੀਤ ਕੌਰ ਗੁੰਮਟੀ, ਕ੍ਰਿਸ਼ਨ ਸਿੰਗਲਾ ਸ਼ੇਰਪੁਰ, ਬਲਾਕ ਪ੍ਰਧਾਨ ਜਸਮੇਲ ਸਿੰਘ ਬੜੀ, ਜਸਮੇਲ ਸਿੰਘ ਬੜੀ, ਮਲਕੀਤ ਮੀਤਾ, ਸੁਖਪਾਲ ਸਿੰਘ ਭੰਮਾਬੰਦੀ, ਰੁਲਦੂ ਸਿੰਘ ਸਲਾਹਕਾਰ, ਰਾਏ ਸਿੰਘ ਸਰਪੰਚ, ਸ਼ਸ਼ੀ ਚਾਵਰੀਆ, ਰੂਪ ਸਿੰਘ, ਹਮੀਰ ਸਿੰਘ, ਮਾਸਟਰ ਸੁਰਜੀਤ ਸਿੰਘ, ਬਲਵੀਰ ਸਿੰਘ, ਹਰਦੀਪ ਕੌਰ, ਕਮਲਜੀਤ ਕੌਰ, ਕਿਰਨਜੀਤ ਕੌਰ, ਵੀਰਪਾਲ ਕੌਰ ਆਦਿ ਹਾਜ਼ਰ ਸਨ।

# ਬਿੱਟੂ ਨੇ ਭਾਜਪਾ ਦੀ ਪਿੱਠ 'ਚ ਛੁਰਾ ਮਾਰਨ ਵਾਲੀ ਕੀਤੀ ਗੱਲ : ਢਿੱਲੋਂ, ਕਲੇਰ, ਗਰੇਵਾਲ



ਜਗਰਾਉਂ (ਨਛੱਤਰ ਸੰਧੂ)- ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਣਜੀਤ ਸਿੰਘ ਢਿੱਲੋਂ ਵੱਲੋਂ ਵਿਧਾਨ ਸਭਾ ਹਲਕਾ ਜਗਰਾਉਂ ਵਿਖੇ ਸਾਬਕਾ ਵਿਧਾਇਕ ਐਸਆਰ ਕਲੇਰ ਅਤੇ ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਹੇਠ ਵੱਖ ਵੱਖ ਪਿੰਡਾਂ 'ਚ ਚੋਣ ਪ੍ਰਚਾਰ ਕੀਤਾ ਗਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਪਹਿਲਾਂ ਬਿੱਟੂ ਕਾਂਗਰਸ ਦੀ ਪਿੱਠ 'ਚ ਛੁਰਾ ਮਾਰ ਕੇ ਭਾਜਪਾ ਦੇ ਵਿੱਚ ਗਏ ਹਨ ਤੇ ਉੱਥੇ ਜਾ ਕੇ ਵੀ ਉਨ੍ਹਾਂ ਨੇ ਭਾਜਪਾ ਲੀਡਰਸ਼ਿਪ ਦੀ ਪਿੱਠ ਵਿੱਚ ਛੁਰਾ ਮਾਰਨ ਵਾਲੀ ਗੱਲ ਕੀਤੀ ਹੈ। ਉਨ੍ਹਾਂ ਕਾਂਗਰਸ 'ਤੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਕਾਂਗਰਸ ਦਾ ਤਾਂ ਵਜੂਦ ਹੀ ਖਤਮ ਹੋਣ ਦੀ ਕਗਾਰ 'ਤੇ ਹੈ । ਇਸ ਮੌਕੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਗੱਲ ਚਾਹੇ ਪਾਣੀਆਂ ਦੀ ਹੋਵੇ, ਚਾਹੇ ਕਿਸਾਨਾਂ ਦੀ ਹੋਵੇ ਜਾਂ ਫਿਰ ਪੰਜਾਬ ਦੇ ਹਿੱਤਾਂ ਦੀ ਹੋਵੇ, ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਸੂਬਾ ਵਾਸੀਆਂ ਦੇ ਨਾਲ ਖੜ੍ਹਾ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਪ੍ਰਧਾਨ ਜੱਗਾ ਕਾਉਂਕੇ, ਯੂਥ ਆਗੂ ਸੰਦੀਪ ਮੱਲ੍ਹਾ ਤੇ ਵੱਡੀ ਗਿਣਤੀ ਵਿੱਚ ਹੋਰ ਸਾਥੀ ਹਾਜ਼ਰ ਸਨ।

## ਗਲੋਬਲ ਫਲਾਇਰਜ਼ ਸੰਸਥਾ ਨੇ ਲਗਵਾਇਆ ਕੈਨੇਡਾ ਦਾ ਵਿਜ਼ਿਟਰ ਵੀਜ਼ਾ



ਬੱਧਨੀ ਕਲਾਂ ਅਜੀਤਵਾਲ (ਨਛੱਤਰ ਸੰਧੂ)-ਗਲੋਬਲ ਫਲਾਇਰਜ਼ ਆਈਲੈਟਸ ਤੇ ਇਮੀਗ੍ਰੇਸ਼ਨ ਸੰਸਥਾ ਜੋ ਕਿ ਮਿੰਨੀ ਬੱਸ ਸਟੈਂਡ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਹੈ, ਵੱਲੋਂ ਲਗਾਤਾਰ ਵਿਦੇਸ਼ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਲਈ ਵਰਦਾਨ ਸਾਬਤ ਹੋ ਰਹੀ ਹੈ , ਉਥੇ ਹੀ ਓਪਨ ਵਰਕ ਪਰਮਿਟ ਵੀਜ਼ਾ ਅਤੇ ਵਿਜ਼ਿਟਰ ਵੀਜ਼ੇ 'ਚ ਮੁਹਾਰਤ ਹਾਸਲ ਕਰ ਚੁੱਕੀ ਇਸ ਸੰਸਥਾ ਵੱਲੋਂ ਅਸ਼ੋਕ ਕੁਮਾਰ, ਸੁਨੀਤਾ ਕੁਮਾਰੀ ਸ਼ਰਮਾ ਵਾਸੀ ਪਿੰਡ ਬਿਲਾਸਪੁਰ (ਮੋਗਾ) ਕੈਨੇਡਾ ਦਾ ਵਿਜ਼ਿਟਰ ਵੀਜ਼ਾ ਲਗਵਾਇਆ ਗਿਆ ਹੈ। ਐਮ ਡੀ ਰਜਤ ਪਲਤਾ ਨੇ ਦੱਸਿਆ ਕਿ ਮਿਹਨਤੀ ਅਤੇ ਤਜਰਬੇਕਾਰ ਸਟਾਫ ਸਦਕਾ ਅਸ਼ੋਕ ਕੁਮਾਰ, ਸੁਨੀਤਾ ਕੁਮਾਰੀ ਸ਼ਰਮਾ ਨੇ ਵਿਜ਼ਿਟਰ ਵੀਜ਼ਾ ਪ੍ਰਾਪਤ ਕੀਤਾ ਅਤੇ ਨਾਲ ਹੀ ਦੱਸਿਆ ਕਿ ਗਲੋਬਲ ਫਲਾਇਰਜ਼ ਸੰਸਥਾ ਵੀਜ਼ੇ ਲਗਵਾਉਣ ਲਈ ਮੋਹਰੀ ਸੰਸਥਾ ਰਹੀ ਹੈ। ਸੰਸਥਾ ਵੱਲੋਂ ਕਾਨੂੰਨੀ ਅਤੇ ਪਾਰਦਰਸ਼ੀ ਤਰੀਕੇ ਨਾਲ ਫਾਇਲ ਤਿਆਰ ਕਰਕੇ ਹੀ ਕੈਨੇਡਾ, ਯੂ.ਕੇ., ਅਸਟ੍ਰੇਲੀਆ ਜਾਣ ਲਈ ਅੰਬੈਸੀ ਕੋਲ ਕੇਸ ਅਪਲਾਈ ਕੀਤਾ ਜਾਦਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਅਸ਼ੋਕ ਕੁਮਾਰ, ਸੁਨੀਤਾ ਕੁਮਾਰੀ ਸ਼ਰਮਾ ਨਾਲ ਖੁਸ਼ੀ ਜ਼ਾਹਰ ਕਰਦਿਆਂ ਐਮ ਡੀ ਰਜਤ ਪਲਤਾ ਨੇ ਕੈਨੇਡਾ ਵਿਜ਼ਿਟਰ ਵੀਜ਼ੇ ਦੀ ਕਾਪੀ ਸੌਂਪਦਿਆ ਵਧਾਈ ਦਿੱਤੀ।

# ਰਾਜਨ ਨਾਗਪਾਲ ਦਾ ਕਲੱਬਾਂ ਵੱਲੋਂ ਸਨਮਾਨ



ਫ਼ਰੀਦਕੋਟ, (ਗੁਰਪ੍ਰੀਤ ਸਿੰਘ ਬੇਦੀ) ਲਾਇਨਜ਼ ਕਲੱਬ ਦੇ ਪ੍ਰਧਾਨ ਲੈਕਚਰਾਰ ਹਰਜੀਤ ਸਿੰਘ, ਨੈਸ਼ਨਲ ਸਕੂਲ ਵੈਲਫ਼ੇਅਰ ਕਲੱਬ ਰਜਿ: ਦੇ ਪ੍ਰਧਾਨ ਅੰਤਰ ਰਾਸ਼ਟਰੀ ਭੰਗੜਾ ਕੋਚ ਗੁਰਚਰਨ ਸਿੰਘ ਦੀ ਯੋਗ ਅਗਵਾਈ ਹੇਠ ਸਮਾਜ ਸੇਵੀ ਰਾਜਨ ਨਾਗਪਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਦੋਹਾਂ ਕਲੱਬਾਂ ਦੇ ਪ੍ਰਧਾਨਾਂ ਨੇ ਕਿਹਾ ਸਮਾਜ ਸੇਵੀ ਰਾਜਨ ਨਾਗਪਾਲ ਹਮੇਸ਼ਾ ਕਲੱਬਾਂ ਦੇ ਪ੍ਰੋਜੈਕਟਾਂ 'ਚ ਮੋਹਰੀ ਰਹਿ ਕੇ ਅਹਿਮ ਭੂਮਿਕਾ ਅਦਾ ਕਰਦੇ ਹਨ।ਇਸ ਲਈ ਉਨ੍ਹਾਂ ਦਾ ਸਨਮਾਨ ਕੀਤਾ ਜਾ ਰਿਹਾ ਹੈ।ਇਸ ਮੌਕੇ ਰਾਜਨ ਨਾਗਪਾਲ ਨੇ ਦੋਹਾਂ ਕਲੱਬਾਂ ਦੇ ਆਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਭਵਿੱਖ 'ਚ ਹੋਰ ਸੁਹਿਰਦਤਾ ਨਾਲ ਸਮਾਜ ਸੇਵਾਵਾਂ ਦੇਣ ਦਾ ਭਰੋਸਾ ਦਿੱਤਾ।ਇਸ ਮੌਕੇ ਲਾਇਨਜ਼ ਕਲੱਬ ਦੇ ਸਕੱਤਰ ਬਿਕਰਜਮੀਤ ਸਿੰਘ ਢਿੱਲੋਂ, ਕੈਸ਼ੀਅਰ ਭੁਪਿੰਦਰਪਾਲ ਸਿੰਘ, ਸਾਬਕਾ ਪ੍ਰਧਾਨ ਗੁਰਚਰਨ ਸਿੰਘ ਗਿੱਲ, ਸੀਨੀਅਰ ਆਗੂ ਲੁਕੇਂਦਰ ਸ਼ਰਮਾ, ਚੰਦਨ ਕੱਕੜ, ਨੈਸ਼ਨਲ ਯੂਥ ਵੈਲਫ਼ੇਅਰ ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ, ਨਾਇਬ ਸਿੰਘ ਪੁਰਬਾ, ਦਰਸ਼ਨ ਲਾਲ ਚੁੱਘ ਤੇ ਰਾਜਨ ਨਾਗਪਾਲ ਦੇ ਮਿਸਿਜ਼ ਲੈਕਚਰਾਰ ਸਰੋਜ ਰਾਣੀ ਹਾਜ਼ਰ ਸਨ।

# ਲਿਬਰੇਸ਼ਨ ਨੇ ਗੁਰਜੀਤ ਸਿੰਘ ਔਜਲਾ ਦੀ ਹਮਾਇਤ 'ਚ ਰੱਖੀ ਮੀਟਿੰਗ

ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ) ਲੋਕ ਭਲਾਈ ਮੰਚ ਤੇ ਸੀ.ਪੀ.ਆਈ (ਐਮ.ਐਲ) ਲਿਬਰੇਸ਼ਨ ਦੇ ਅਹੁਦੇਦਾਰਾਂ ਦੀ ਵਿਸ਼ੇਸ਼ ਇਕੱਤਰਤਾ ਮੰਚ ਦੇ ਮੁੱਖ ਦਫ਼ਤਰ ਕੱਚੀ ਮਿੱਟੀ ਰੋਡ ਏਕਤਾ ਨਗਰ ਢਪਈ ਵਿਖੇ ਪ੍ਰੇਮ ਚੰਦ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ।ਇਕੱਤਰਤਾ ਵਿੱਚ ਬੀਬੀ ਜਗੀਰ ਕੌਰ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਸ੍ਰੀ ਗੁਰਜੀਤ ਸਿੰਘ ਔਜਲਾ ਦੇ ਮਾਤਾ ਜੀ, ਸੂਬਾਈ ਆਗੂ ਬਲਬੀਰ ਸਿੰਘ ਝਾਮਕਾ, ਗਿਰਧਾਰੀ ਲਾਲ, ਬਾਜ ਸਿੰਘ ਭਰਾੜੀਵਾਲ, ਕੁਲਦੀਪ ਸਿੰਘ ਦਸ਼ਮੇਸ਼ ਨਗਰ ਤੇ ਓਮ ਪ੍ਰਕਾਸ਼ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ।



## ਜੀ ਬੀ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਕਰਾਟੇ 'ਚ ਜਿੱਤੇ ਮੈਡਲ



ਨਾਭਾ (ਵਰਿੰਦਰ ਵਰਮਾ)- ਹਿੰਦੂ ਪਬਲਿਕ ਹਾਈ ਸਕੂਲ, ਤ੍ਰਿਪੜੀ ਪਟਿਆਲਾ ਵਿਖੇ ਡਿਸਟ੍ਰਿਕਟ ਪਟਿਆਲਾ ਕਰਾਟੇ ਚੈਂਪੀਅਨਸ਼ਿਪ 2024 ਵੱਲੋਂ ਕਰਾਟੇ ਚੈਂਪੀਅਨਸ਼ਿਪ ਕਰਵਾਈ ਗਈ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਸਕੂਲਾਂ ਵਿੱਚੋਂ ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਦੇ ਖਿਡਾਰੀ ਵੀ ਸਕੂਲ ਮੁਖੀ ਸੰਦੀਪ ਬਾਂਸਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਪਹੁੰਚੇ। ਮੁਕਾਬਲੇ ਵਿੱਚ ਮੰਨਤ ਕੌਰ (ਜਮਾਤ-2), ਹਿਰਾਨਿਆ (ਜਮਾਤ-2), ਜਸ਼ਨਪ੍ਰੀਤ ਕੌਰ (ਜਮਾਤ-3), ਸੁਖਮਨ ਸਿੰਘ (ਜਮਾਤ-3), ਸਕਸ਼ਮ ਗੋਇਲ (ਜਮਾਤ-3) ਅਤੇ ਜਪਨੀਤ ਕੌਰ (ਜਮਾਤ-3) ਨੇ ਕਾਂਸੀ ਦੇ ਤਗਮੇ ਜਿੱਤੇ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਓਵਰਆਲ ਤੀਜਾ ਸਥਾਨ ਹਾਸਲ ਕਰਕੇ ਟਰਾਫੀ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਸਕੂਲ ਚੇਅਰਮੈਨ ਸੰਦੀਪ ਬਾਂਸਲ ਨੇ ਬੱਚਿਆਂ ਦੀ ਇਸ ਉਪਲਬਧੀ 'ਤੇ ਉਨ੍ਹਾਂ ਦਾ ਹੌਸਲਾ ਵਧਾਇਆ। ਸਕੂਲ ਦੇ ਪ੍ਰਿੰਸੀਪਲ ਪੂਨਮ ਰਾਣੀ ਨੇ ਬੱਚਿਆਂ ਨੂੰ ਭਵਿੱਖ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਪ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਕਿਹਾ ਕਿ ਜੀ ਬੀ ਇੰਟਰਨੈਸ਼ਨਲ ਸਕੂਲ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਹਰ ਮੁਕਾਬਲੇ ਵਿੱਚ ਅੱਗੇ ਵਧਣ ਵਿੱਚ ਮਦਦ ਕਰਨ ਲਈ ਇੱਕ ਉਚਿਤ ਮਾਹੌਲ ਪ੍ਰਦਾਨ ਕਰਦਾ ਹੈ।

# ਅਚਨਚੇਤ ਛੁੱਟੀਆਂ ਕਾਰਨ ਬੱਚਿਆਂ ਦੇ ਬੈਗ ਸਕੂਲਾਂ 'ਚ ਹੀ ਰਹਿ ਗਏ

## ਗਰਮੀਆਂ ਦੀਆਂ ਛੁੱਟੀਆਂ ਦਾ ਕੰਮ ਨਾ ਦੇ ਸਕੇ ਸਕੂਲ ਟੀਚਰ



ਨਾਭਾ (ਵਰਿੰਦਰ ਵਰਮਾ) 20 ਮਈ ਨੂੰ ਸਿੱਖਿਆ ਵਿਭਾਗ ਵੱਲੋਂ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਅਚਨਚੇਤ ਕੀਤੀਆਂ ਛੁੱਟੀਆਂ ਕਾਰਨ ਮਾਪਿਆਂ ਤੇ ਸਕੂਲ ਪ੍ਰਬੰਧਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਪਹਿਲਾਂ 18 ਮਈ ਨੂੰ ਇਕਦਮ ਸਕੂਲਾਂ ਦਾ ਸਮਾਂ 20 ਮਈ ਤੋਂ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਕਰ ਦਿੱਤਾ ਗਿਆ ਸੀ।ਅਜੇ ਸਕੂਲ ਇਸ ਨਵੇਂ ਸਮੇਂ ਨੂੰ ਲਾਗੂ ਕਰਨ ਦੇ ਸੰਘਰਸ਼ ਵਿੱਚ ਹੀ ਸਨ ਕਿ 20 ਤਰੀਕ ਨੂੰ ਰਾਤ ਨੂੰ ਨਵਾਂ ਫਰਮਾਨ ਆ ਗਿਆ ਕਿ 21 ਮਈ ਤੋਂ ਛੁੱਟੀਆਂ ਕਰ ਦਿੱਤੀਆਂ ਗਈਆਂ।

ਫੈਡਰੇਸ਼ਨ ਦੇ ਪ੍ਰਤੀਨਿਧ ਤੇ ਕੋਰ ਕਮੇਟੀ ਮੈਂਬਰ ਰਵਿੰਦਰ ਸਿੰਘ ਮੂੰਗੋ ਨੇ ਕਿਹਾ ਕਿ ਛੋਟੀਆਂ ਜਮਾਤਾਂ ਦੇ ਬੱਚਿਆਂ ਦੇ ਬੈਗ ਤੇ ਕੁਝ ਕਿਤਾਬਾਂ ਸਕੂਲਾਂ ਵਿੱਚ ਹੀ ਪਈਆਂ ਰਹਿ ਗਈਆਂ ਅਤੇ ਸਕੂਲ ਵਿਦਿਆਰਥੀਆਂ ਨੂੰ ਸਵਾ ਮਹੀਨੇ ਦੀਆਂ ਛੁੱਟੀਆਂ ਲਈ ਕੰਮ ਵੀ ਨਾ ਦੇ ਸਕੇ।ਉਨ੍ਹਾਂ ਦੱਸਿਆ ਕਿ ਫੈਡਰੇਸ਼ਨ ਵੱਲੋਂ ਅਨੇਕਾਂ ਵਾਰ ਮਾਨਯੋਗ ਸਿੱਖਿਆ ਮੰਤਰੀ ਤੇ ਵਿਭਾਗ ਨੂੰ ਲਿਖਿਆ ਹੈ ਕਿ ਛੁੱਟੀਆਂ ਕਰਨ ਦਾ ਫੈਸਲਾ ਸਹਿਜਤਾ ਨਾਲ ਲਿਆ ਜਾਵੇ ਤੇ ਨਾਲ ਹੀ ਇਸ ਦੀ ਜਾਣਕਾਰੀ ਭਰੋਸੇਯੋਗ ਸੂਤਰਾਂ ਰਾਹੀਂ ਜਾਂ ਮੇਲ ਰਾਹੀਂ ਸਬੰਧਤ ਸਕੂਲਾਂ ਨੂੰ ਦਿੱਤੀ ਜਾਵੇ।ਜ਼ਿਆਦਾਤਰ ਛੁੱਟੀਆਂ ਦਾ ਫੈਸਲਾ ਸੋਸ਼ਲ ਮੀਡੀਆ ਰਾਹੀਂ ਸੁਣਾਇਆ ਜਾਂਦਾ ਹੈ, ਜੋ ਅਨੇਕਾਂ ਵਾਰ ਗ਼ਲਤ ਹੁੰਦਾ ਹੈ।

ਸੋਸ਼ਲ ਮੀਡੀਆ ਉੱਪਰ ਬਹੁਤ ਸਾਰੇ ਆਰਡਰ ਨਕਲੀ ਤੌਰ 'ਤੇ ਐਡਿਟ ਕਰ ਕੇ ਪਾਏ ਹੁੰਦੇ ਹਨ, ਜਿਨ੍ਹਾਂ 'ਤੇ ਯਕੀਨ ਕਰਨਾ ਔਖਾ ਹੁੰਦਾ ਹੈ।ਫੈਡਰੇਸ਼ਨ ਦਾ ਕਹਿਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਢੁੱਕਵੇਂ ਪ੍ਰਬੰਧ ਨਾ ਹੋਣ ਕਾਰਨ ਅਜਿਹੀਆਂ ਛੁੱਟੀਆਂ ਕਰਨੀਆਂ ਪੈਂਦੀਆਂ ਹਨ, ਪ੍ਰੰਤੂ ਨਾਲ ਹੀ ਇਹ ਫ਼ੈਸਲੇ ਪ੍ਰਾਈਵੇਟ ਸਕੂਲਾਂ ਉੱਪਰ ਵੀ ਲਾਗੂ ਕਰ ਦਿੱਤੇ ਜਾਂਦੇ ਹਨ, ਜਿੱਥੇ ਹਰ ਕਿਸਮ ਦੀ ਸਹੂਲਤ ਹੁੰਦੀ ਹੈ।ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਵੀ ਇੱਕ ਦੋ ਜ਼ਿਲ੍ਹਿਆਂ ਵਿੱਚ ਹੜ੍ਹਾਂ ਦਾ ਪ੍ਰਭਾਵ ਸੀ, ਪ੍ਰੰਤੂ ਇੱਕ ਮਹੀਨਾ ਸਾਰੇ ਪੰਜਾਬ ਦੇ ਸਕੂਲ ਬੰਦ ਰਹੇ।ਫੈਡਰੇਸ਼ਨ ਸਰਕਾਰ ਦੁਆਰਾ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚੁੱਕੇ ਕਦਮਾਂ ਦੀ ਸ਼ਲਾਘਾ ਕਰਦੀ ਹੈ, ਪ੍ਰੰਤੂ ਚੰਗਾ ਹੁੰਦਾ ਜੇਕਰ ਸਕੂਲਾਂ ਨੂੰ 21 ਮਈ ਖੁੱਲ੍ਹਾ ਰੱਖਣ ਦੀ ਆਗਿਆ ਦਿੱਤੀ ਜਾਂਦੀ ਤਾਂ ਜੁ ਸਕੂਲ ਸਹੀ ਢੰਗ ਨਾਲ ਬੱਚਿਆਂ ਨੂੰ ਛੁੱਟੀਆਂ ਦਾ ਕੰਮ ਦੇ ਸਕਦੇ।ਜ਼ਿਲ੍ਹੇ ਦੇ ਸਿੱਖਿਆ ਅਫ਼ਸਰ ਤੇ ਹੋਰ ਅਧਿਕਾਰੀ ਜਿਨ੍ਹਾਂ ਕੋਲ ਛੁੱਟੀ ਬਾਰੇ ਤਾਂ ਕੋਈ ਜਾਣਕਾਰੀ ਨਹੀਂ ਹੁੰਦੀ, ਪ੍ਰੰਤੂ ਅਚਨਚੇਤ ਕੀਤੀ ਛੁੱਟੀ ਨੂੰ ਲਾਗੂ ਕਰਾਉਣ ਵਿੱਚ ਬਹੁਤ ਤੇਜ਼ੀ ਦਿਖਾਈ ਜਾਂਦੀ ਹੈ।ਬੱਚਿਆਂ ਦੀਆਂ ਛੁੱਟੀਆਂ ਸਮਝ ਆਉਂਦੀਆਂ ਹਨ, ਪ੍ਰੰਤੂ ਸਮਾਜ ਵਿੱਚ ਬਹੁਤ ਸਾਰੇ ਲੋਕ ਜਿਨ੍ਹਾਂ ਦੇ ਪਰਵਾਰ ਵਿੱਚੋਂ ਕੋਈ ਵਿਅਕਤੀ ਪ੍ਰਾਈਵੇਟ ਸੰਸਥਾਵਾਂ ਵਿੱਚ ਅਧਿਆਪਕ ਦਾ ਕੰਮ ਕਰਦਾ ਹੈ, ਉਹ ਵਿੰਗੇ ਟੇਢੇ ਢੰਗਾਂ ਨਾਲ ਇਹ ਛੁੱਟੀਆਂ ਅਧਿਆਪਕਾਂ ਲਈ ਕਰਾਉਣ ਵਿੱਚ ਕੋਸ਼ਿਸ਼ਾਂ ਕਰਨ ਲੱਗ ਜਾਂਦੇ ਹਨ। ਅਧਿਆਪਕਾਂ ਤੋਂ ਬਿਨਾਂ ਹਰ ਕੋਈ ਮਹਿਕਮੇ ਦੇ ਮੁਲਾਜ਼ਮ ਵੀ ਗ਼ਰਮੀਆਂ-ਸਰਦੀਆਂ ਆਪਣੇ ਕੰਮਾਂ ਉੱਪਰ ਜਾਂਦੇ ਹਨ, ਕੀ ਇਹ ਗ਼ਰਮੀ ਇਕੱਲੇ ਸਕੂਲ ਦੇ ਅਧਿਆਪਕਾਂ ਨੂੰ ਹੀ ਲੱਗਦੀ ਹੈ।ਸਰਕਾਰ ਨੂੰ ਇਸ ਬਾਰੇ ਸੁਹਿਰਦ ਹੋ ਕੇ ਸੋਚਣਾ ਪਵੇਗਾ।ਧਿਆਨ ਵਿੱਚ ਆਇਆ ਹੈ ਕਿ ਕਿਸੇ ਜ਼ਿਲ੍ਹੇ ਵਿੱਚ ਡੀ.ਈ.ਓ. ਦਫ਼ਤਰ ਦੇ ਅਧਿਕਾਰੀਆਂ ਵੱਲੋਂ ਆਪਣਾ ਕੰਮ ਸਮੇਟਣ ਆਏ ਅਧਿਆਪਕਾਂ ਨੂੰ ਵੀ ਵਾਪਸ ਮੋੜਿਆ ਹੈ, ਜਦੋਂ ਕਿ ਵਾਪਸ ਮੋੜਨ ਆਏ ਅਧਿਕਾਰੀ ਆਪ ਡਿਊਟੀ ਕਰ ਰਹੇ ਹਨ।ਸਰਕਾਰ ਨੂੰ ਆਪਣੇ ਫ਼ੈਸਲੇ ਉੱਪਰ ਮੁੜ ਵਿਚਾਰ ਕਰਨਾ ਚਾਹੀਦਾ ਹੈ।

## ਜ਼ਿਲ੍ਹਾ ਮਹਿਲਾ ਕਾਂਗਰਸ ਦੀਆਂ ਬੀਬੀਆਂ ਦਿੱਤਾ ਅਸਤੀਫਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ / ਪੂਜਾ )- ਮਹਿਲਾ ਕਾਂਗਰਸ ਨਾਲ ਸਬੰਧਤ ਸ੍ਰੀ ਮੁਕਤਸਰ ਸਾਹਿਬ ਦੀਆਂ ਇਕ ਦਰਜਨ ਤੋਂ ਵੱਧ ਬੀਬੀਆਂ ਨੇ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਜਾਣਕਾਰੀ ਅਨੁਸਾਰ ਪਿੰਡ ਬਲਮਗੜ੍ਹ ਦੀ ਸਰਪੰਚ ਗੁਰਮੀਤ ਕੌਰ, ਜਸਵਿੰਦਰ ਕੌਰ ਧਾਲੀਵਾਲ ਬਲਾਕ ਪ੍ਰਧਾਨ, ਹਰਦੀਪ ਕੌਰ ਸੋਸ਼ਲ ਮੀਡੀਆ ਸਲਾਹਕਾਰ, ਜਸਵਿੰਦਰ ਕੌਰ ਜ਼ਿਲ੍ਹਾ ਸਕੱਤਰ, ਸ਼ਮਿੰਦਰ ਕੌਰ ਬਲਾਕ ਸਕੱਤਰ, ਜਸਮੇਲ ਕੌਰ ਬਲਾਕ ਸਕੱਤਰ, ਬਲਵੀਰ ਕੌਰ, ਬਲਵਿੰਦਰ ਕੌਰ ਬਲਾਕ ਜਨਰਲ ਸਕੱਤਰ, ਜਸਵੀਰ ਕੌਰ ਬਲਾਕ ਸਕੱਤਰ, ਸਰਬਜੀਤ ਕੌਰ ਅਤੇ ਕਰਮਜੀਤ ਕੌਰ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ । ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਉਹ ਕਾਂਗਰਸ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਕਰਕੇ ਅਸਤੀਫ਼ਾ ਦੇ ਰਹੀਆਂ ਹਨ । ਕਾਂਗਰਸ ਪਾਰਟੀ ਦੀ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਐਮ ਸੀ ਗੁਰਬਿੰਦਰ ਕੌਰ ਪਤੰਗਾ ਨੇ ਲਗਭਗ ਇਕ ਸਾਲ ਪਹਿਲਾਂ ਹੀ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਸੀ ਤੇ ਉਦੋਂ ਤੋਂ ਲੈ ਕੇ ਆਪਣੇ ਘਰੇ ਚੁੱਪ ਬੈਠੇ ਹਨ ਅਤੇ ਹੁਣ ਉਨ੍ਹਾਂ ਦੀਆਂ ਨਜ਼ਦੀਕੀ ਸਾਥਣਾਂ ਜਿਨ੍ਹਾਂ ਕੋਲ ਮਹਿਲਾ ਕਾਂਗਰਸ ਦੇ ਵੱਖ ਵੱਖ ਅਹੁਦੇ ਸਨ, ਨੇ ਵੀ ਅਸਤੀਫਾ ਦੇ ਦਿੱਤਾ ਹੈ ।ਇਸੇ ਦੌਰਾਨ ਹੀ ਜਗਮੀਤ ਸਿੰਘ , ਮਨਜਿੰਦਰ ਸਿੰਘ ਜਨਰਲ ਸਕੱਤਰ ਯੂਥ ਕਾਂਗਰਸ ਅਤੇ ਮੰਦਰ ਸਿੰਘ ਧਾਲੀਵਾਲ ਨੇ ਵੀ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ।

# ਭਾਜਪਾ ਆਗੂ ਦਿਲਪ੍ਰੀਤ ਸਿੰਘ ਭੱਟੀ ਸੈਂਕੜੇ ਸਾਥੀਆਂ ਸਮੇਤ ਆਪ 'ਚ ਹੋਏ ਸ਼ਾਮਲ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਭਾਰਤੀ ਜਨਤਾ ਪਾਰਟੀ ਪੰਜਾਬ ਯੂਥ ਕਾਰਜਕਾਰਨੀ ਦੇ ਮੈਂਬਰ ਦਿਲਪ੍ਰੀਤ ਸਿੰਘ ਭੱਟੀ, ਗੁਰਧਿਆਨ ਸਿੰਘ ਸਰਪੰਚ ਪੰਜੋਲਾ, ਅਵਤਾਰ ਸਿੰਘ ਸਰਪੰਚ ਹੱਲੋਤਾਲੀ, ਰਿੰਪੀ ਪੰਚ, ਹਰਜਿੰਦਰ ਕੌਰ ਪੰਚ, ਬਹਾਦਰ ਸਿੰਘ ਮੇਹਰਬਾਨ ਆਪਣੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਪੰਜਾਬ ਦੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜੇਮਾਜਰਾ, ਵਿਧਾਇਕ ਲਖਬੀਰ ਸਿੰਘ ਰਾਏ ਅਤੇ ਆਪ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਦੀ ਧਰਮ ਪਤਨੀ ਗੁਰਪ੍ਰੀਤ ਕੌਰ ਵੱਲੋਂ ਉਨ੍ਹਾਂ ਦਾ ਪਾਰਟੀ ਵਿੱਚ ਆਉਣ 'ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਪੰਜਾਬ ਦੇ ਲੋਕ ਪੂਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜੋ ਆਪ ਮੁਹਾਰੇ ਵੱਖ ਵੱਖ ਪਾਰਟੀਆਂ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਦੇ ਮੈਂਬਰ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ 'ਚ ਹਰ ਵਿਅਕਤੀ ਨੂੰ ਪੂਰਾ ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਔਰਤਾਂ ਨੂੰ 1000 ਰੁਪਈਆ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਵੀ ਸਰਕਾਰ ਵੱਲੋਂ ਅਕਤੂਬਰ ਤੱਕ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਲੋਕ ਸਭਾ ਚੋਣਾਂ ਦੇਸ਼ ਨੂੰ ਅਤੇ ਸੰਵਿਧਾਨ ਨੂੰ ਬਚਾਉਣ ਦੀ ਲੜਾਈ ਹੈ, ਇਸ 'ਚ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਸਾਥ ਦੇਣਾ ਚਾਹੀਦਾ ਹੈ। ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨਾ ਅਤਿ ਜ਼ਰੂਰੀ ਹੈ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਫਤਿਹਗੜ੍ਹ ਸਾਹਿਬ ਨੂੰ ਟੂਰਿਜ਼ਮ ਹੱਬ ਵਜੋਂ ਵਿਕਸਿਤ ਕੀਤਾ ਜਾਵੇਗਾ। ਇਹ ਉਹ ਇਤਿਹਾਸਕ ਸਥਾਨ ਹੈ ਜਿੱਥੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਹੋਈ ਸੀ, ਪ੍ਰੰਤੂ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਇਸ ਸਥਾਨ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਇਸ ਮੌਕੇ ਸ਼ਾਮਲ ਹੋਣ ਵਾਲਿਆਂ 'ਚ ਉਪਰੋਕਤ ਵਿਅਕਤੀਆਂ ਤੋਂ ਇਲਾਵਾ ਮਾਵੀ ਜਸਪ੍ਰੀਤ, ਸਰਨ ਖਹਿਰਾ, ਗੁਰਮੀਤ ਸਿੰਘ ਹਨੀ, ਦੁਪਿੰਦਰ ਸਰਪੰਚ ਤਰਖਾਣ ਮਾਜਰਾ, ਗੁਰ ਸਿਮਰਨ ਸਿੰਘ ਭੱਟੀ, ਪਰਵਿੰਦਰ ਸਿੰਘ ਭਿੰਦੂ, ਬਲਵੀਰ ਸਿੰਘ ਬੀਰਾ, ਜੱਸੀ ਅਲੀਪੁਰ, ਪਵਨ ਕੁਮਾਰ, ਜਸ਼ਨਜੋਤ ਸਿੰਘ, ਮਨਪ੍ਰੀਤ ਸਿੰਘ ਮਨੀ, ਬਲਦੀਪ ਸਿੰਘ ਬੱਬੂ, ਗੁਰਪ੍ਰੀਤ ਧਨੋਆ, ਆਕਾਸ਼ ਖੱਟੜਾ, ਪ੍ਰੀਤ ਚੁੰਨੀ, ਹਰਦੀਪ ਵਜ਼ੀਰਾਬਾਦ, ਜੱਗਾ ਭਮਾਰਸੀ, ਪਰਮਵੀਰ ਟਿਵਾਣਾ ਤੋਂ ਇਲਾਵਾ ਸੈਂਕੜੇ ਨੌਜਵਾਨ ਹਾਜ਼ਰ ਸਨ।

# ਡੀ ਏ ਵੀ ਸਕੂਲ ਦੀ ਗੁਣਵੀਨ ਨੇ ਜਿੱਤਿਆ ਗੋਲਡ




ਜਗਰਾਉਂ (ਨਛੱਤਰ ਸੰਧੂ)-ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਜਗਰਾਉਂ ਦੇ ਪ੍ਰਿੰਸੀਪਲ ਨੇ ਕਿ ਸਕੂਲ ਦੀ ਗੁਣਵੀਨ ਕੌਰ ਜ਼ਿਲ੍ਹਾ ਲੁਧਿਆਣਾ ਦੀ ਕਿੱਕ ਬਾਕਸਿੰਗ ਟੀਮ ਵੱਲੋਂ ਖੇਡਦਿਆਂ 21ਵੀਂ ਪੰਜਾਬ ਸਟੇਟ ਜੂਨੀਅਰ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਜੋ ਕਿ ਬਠਿੰਡਾ ਦੇ ਸਪੋਰਟਸ ਕੰਪਲੈਕਸ ਵਿਖੇ 17 ਤੋਂ 19 ਮਈ ਤੱਕ ਹੋਈ 'ਚ ਉਸ ਨੇ +70 ਭਾਰ 'ਚ ਖੇਡਦੇ ਹੋਏ ਗੋਲਡ ਮੈਡਲ ਹਾਸਲ ਕੀਤਾ ਅਤੇ ਉਸ ਦੀ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਸਿਲੈਕਸ਼ਨ ਹੋਈ ਹੈ। 9 ਜੂਨ ਤੋਂ 14 ਤੋਂ ਜੂਨ ਤੱਕ ਜੂਨੀਅਰ ਨੈਸ਼ਨਲ ਜੋ ਕਿ ਸਿਲੀਗੁੜੀ ਵੈਸਟ ਬੰਗਾਲ ਵਿਖੇ ਹੋਣ ਜਾ ਰਹੀ ਹੈ ਸਕੂਲ ਦੀ ਗੁਣਵੀਨ ਕੌਰ ਪੰਜਾਬ ਕਿੱਕ ਬਾਕਸਿੰਗ ਐਸੋਸੀਏਸ਼ਨ ਵੱਲੋਂ ਇਸ ਚੈਂਪੀਅਨਸ਼ਿਪ ਵਿੱਚ ਭਾਗ ਲਵੇਗੀ। ਪ੍ਰਿੰਸੀਪਲ ਵੇਦ ਵਰਤ ਪਲਾਹ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਗੁਣਵੀਨ ਨੇ ਖੇਡਾਂ ਵਤਨ ਪੰਜਾਬ ਦੀਆਂ ਸਟੇਟ ਲੈਵਲ ਕਿਕ ਬਾਕਸਿੰਗ ਵਿੱਚੋਂ ਵੀ ਗੋਲਡ ਮੈਡਲ ਹਾਸਲ ਕੀਤਾ ਅਤੇ ਪੰਜਾਬ ਸਕੂਲ ਖੇਡਾਂ ਸਟੇਟ ਲੇਵਲ ਵਿੱਚੋਂ ਵੀ ਗੋਲਡ ਮੈਡਲ ਹਾਸਲ ਕਰਕੇ ਆਪਣੇ ਭਾਰ ਦੀ ਚੈਂਪੀਅਨ ਬਣੀ। ਗੁਣਵੀਨ ਕੌਰ ਦਾ ਸਕੂਲ ਆਉਣ 'ਤੇ ਸਕੂਲ ਸਟਾਫ ਅਤੇ ਪ੍ਰਿੰਸੀਪਲ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕੋਚ ਸੁਰਿੰਦਰ ਪਾਲ ਵਿਜ ਨੂੰ ਵੀ ਇਸ ਉਪਲਬਧੀ 'ਤੇ ਵਧਾਈਆਂ ਦਿੱਤੀਆਂ । ਇਸ ਮੌਕੇ ਪ੍ਰਿੰਸੀਪਲ ਵੇਦ ਵਰਤ ਪਲਾਹ, ਹਰਦੀਪ ਸਿੰਘ ਡੀ ਪੀ ਈ, ਜਗਦੀਪ ਸਿੰਘ ਡੀ ਪੀ ਈ ਕਿੱਕ ਬਾਕਸਿੰਗ ਕੋਚ ਸੁਰਿੰਦਰ ਪਾਲ ਵਿਜ ਅਤੇ ਸਮੂਹ ਸਟਾਫ ਹਾਜ਼ਰ ਸਨ।

## ਬਲੈਕਮੇਲ ਕਰਨ ਦੇ ਮਾਮਲੇ 'ਚ ਲੜਕੀ ਸਣੇ ਚਾਰ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਇੱਕ ਵਿਅਕਤੀ ਨੂੰ ਘਰ ਬੁਲਾ ਕੇ ਉਸਦੀਆਂ ਇਤਰਾਜ਼ਯੋਗ ਫੋਟੋਆਂ ਖਿੱਚਣ ਤੇ ਬਲੈਕਮੇਲ ਕਰਨ ਦੇ ਕਥਿਤ ਮਾਮਲੇ 'ਚ ਬਸੀ ਪਠਾਣਾਂ ਪੁਲਸ ਵੱਲੋਂ ਇੱਕ ਲੜਕੀ ਤੇ ਉਸ ਦੇ ਨਾਮਾਲੂਮ ਸਾਥੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਮੋਰਿੰਡਾ ਦੇ ਵਸਨੀਕ ਦੱਸੇ ਜਾ ਰਹੇ ਕ੍ਰਿਸ਼ਨ ਚੰਦ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਇੱਕ ਲੜਕੀ ਵੱਲੋਂ ਉਸ ਨੂੰ ਬਹਾਨੇ ਨਾਲ ਘਰ ਬੁਲਾ ਕੇ ਘਰ ਅੰਦਰ ਬੰਦ ਕਰ ਦਿੱਤਾ ਗਿਆ, ਜਿੱਥੇ ਲੜਕੀ ਤੇ ਉਸ ਦੇ ਨਾਮਾਲੂਮ ਸਾਥੀਆਂ ਵੱਲੋਂ ਬਲੈਕਮੇਲ ਕਰਨ ਦੇ ਇਰਾਦੇ ਨਾਲ ਉਸਦੀਆਂ ਇਤਰਾਜ਼ਯੋਗ ਤਸਵੀਰਾਂ ਖਿੱਚੀਆਂ ਗਈਆਂ ਤੇ ਉਸਦੇ ਪੈਸੇ ਲੁੱਟ ਲਏ ਗਏ।ਇਸ ਸਬੰਧੀ ਅ/ਧ 365, 342, 383, 386, 387 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਇੱਕ ਲੜਕੀ ਤੇ ਤਿੰਨ ਨਾਮਾਲੂਮ ਵਿਅਕਤੀਆਂ ਨੂੰ ਨਾਮਜ਼ਦ ਕਰਕੇ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

23-MAY-PAGE-8.qxd 5/22/2024 10:41 PM Page 1



# ਮੋਦੀ ਸੰਵਿਧਾਨ ਬਦਲ ਕੇ ਆਰ ਐੱਸ ਐੱਸ ਦੀ ਨੀਤੀ ਲਾਗੂ ਕਰਨੀ ਚਾਹੁੰਦੈ : ਪਵਨ ਟੀਨੂੰ

**ਜਲੰਧਰ, (ਸ਼ੈਲੀ ਐਲਬਰਟ)** - ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਉਮੀਦਵਾਰ ਪਵਨ ਕੁਮਾਰ ਟੀਨੂੰ ਵੱਲੋਂ ਅੱਜ ਆਦਮਪੁਰ ਹਲਕੇ ਦੇ ਵੱਖ ਪਿੰਡਾਂ-ਪਿੰਡਾਂ ਦਾ ਹਲਕਾ ਇੰਚਾਰਜ ਜੀਤ ਲਾਲ ਭੱਟੀ ਤੇ ਹੋਰਨਾਂ ਆਗੂਆਂ ਸਮੇਤ ਦੌਰਾ ਕੀਤਾ ਗਿਆ । ਇਸ ਤੋਂ ਪਹਿਲਾਂ ਅੱਜ ਸਵੇਰੇ ਆਮ ਆਦਮੀ ਪਾਰਟੀ ਦੇ ਦਫਤਰ ਵਿੱਚ ਜਲੰਧਰ ਆਟੋ ਯੂਨੀਅਨ ਸਟੈਂਡ ਨੰਬਰ-1, ਦੇ ਗੇਟ-1 ਅਤੇ 2 ਦੇ ਆਗੂਆਂ ਵੱਲੋਂ ਆਪ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ । ਇਨ੍ਹਾਂ ਆਗੂਆਂ ਵਿੱਚ ਪ੍ਰਧਾਨ ਬਲਵੀਰ ਸਿੰਘ ਗੇਟ-2, ਬਲਵੀਰ ਸਿੰਘ ਜਨਰਲ ਸਕੱਤਰ, ਪ੍ਰਿਤਪਾਲ ਸਿੰਘ, ਇੰਦਰਜੀਤ ਸਿੰਘ ਪ੍ਰਧਾਨ ਗੇਟ ਨੰਬਰ 1, ਇਕਬਾਲ ਸਿੰਘ ਅਤੇ ਉਨ੍ਹਾਂ ਦੇ ਹੋਰ ਬਹੁਤ ਸਾਰੇ ਸਾਥੀ ਸ਼ਾਮਲ ਸਨ । ਇਸ ਕਾਰਜ ਲਈ ਅੰਮ੍ਰਿਤਪਾਲ ਸਿੰਘ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਰਚਰਨ ਸਿੰਘ ਸੰਧੂ ਸਟੇਟ ਜਾਇੰਟ ਸੈਕਟਰੀ ਦਾ ਵੀ ਵੱਡਾ ਯੋਗਦਾਨ ਰਿਹਾ । ਇਸ ਮੌਕੇ ਗੁਰਚਰਨ ਸਿੰਘ ਚੰਨੀ ਤੇ ਹੋਰ ਸੀਨੀਅਰ ਆਗੂ ਵੀ ਮੌਜੂਦ ਸਨ । ਇਸੇ ਦੌਰਾਨ ਆਮ ਆਦਮੀ ਪਾਰਟੀ ਦਫਤਰ ਵਿੱਚ ਆਦਮਪੁਰ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਕਸ਼ਮੀਰ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਰਣਬੀਰ ਸਿੰਘ ਲੰਬੜਦਾਰ ਆਦਿ ਵੱਲੋਂ ਵੀ ਆਪਣੇ ਹਿਮਾਇਤੀਆਂ ਸਮੇਤ ਆਪ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ । ਪਵਨ ਟੀਨੂੰ ਵੱਲੋਂ ਇਸ ਉਪ੍ਰੰਤ ਟ੍ਰੈਵਲ ਏਜੰਟਾਂ ਦੇ ਵਫਦ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ, ਜੋ ਜਾਇਜ਼ ਸਨ ਤੇ ਉਨ੍ਹਾਂ ਦਾ ਨਿਪਟਾਰਾ ਛੇਤੀ ਕਰਾਉਣ ਦਾ ਭਰੋਸਾ ਦਿੱਤਾ । ਇਸ ਮੌਕੇ ਦਵਿੰਦਰ ਸ਼ਰਮਾ, ਮੁਨੀਸ਼, ਵਰਿੰਦਰ ਕੁਮਾਰ, ਰਜਨੀਸ਼ ਸ਼ਰਮਾ,



ਪੰਕਜ ਸ਼ਰਮਾ, ਕਸ਼ਮੀਰੀ ਲਾਲ ਤੇ ਹੋਰ ਸਖਸ਼ੀਅਤਾਂ ਸ਼ਾਮਲ ਸਨ, ਜਿਨ੍ਹਾਂ ਨੇ ਆਪਣੇ ਹਿਮਾਇਤੀਆਂ ਸਮੇਤ ਆਪ ਨੂੰ ਸਹਿਯੋਗ ਦੇਣ ਦਾ ਐਲਾਨ ਕੀਤਾ ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਨੇ ਆਦਮਪੁਰ ਹਲਕੇ ਦੇ ਢੱਡੇ, ਹਜਾਰਾ, ਕੰਗਣੀਵਾਲ, ਨਰੰਗਪੁਰ, ਬਿਆਸ ਪਿੰਡ, ਕਾਲਾ ਬੱਕਰਾ, ਚੂਹੜਵਾਲੀ ਤੇ ਆਦਮਪੁਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਦੇ ਹੋਏ ਦਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸੰਵਿਧਾਨ ਨੂੰ ਬਦਲ ਕੇ ਆਰ ਐਸ ਐਸ ਦਾ ਸੰਵਿਧਾਨ ਲਾਗੂ ਕਰਨਾ ਚਾਹੁੰਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 23 ਮਈ ਸ਼ਾਮ ਨੂੰ ਆਦਮਪੁਰ ਵਿੱਖੇ ਰੇਲਵੇ ਰੋਡ 'ਤੇ ਰੋਡ ਸ਼ੋਅ ਕਰਨ ਵੀ ਆ ਰਹੇ ਹਨ । ਪਵਨ ਟੀਨੂੰ ਨੇ ਦਸਿਆ ਕਿ ਚੋਣਾਂ ਪਿਛੋਂ ਬਜ਼ੁਰਗਾਂ ਲਈ ਮਾਸਿਕ ਪੈਨਸ਼ਨ ਵਧਾ ਕੇ 2500 ਰੁਪਏ ਕੀਤੀ ਜਾਏਗੀ, 1000 ਰੁਪਏ ਔਰਤਾਂ ਨੂੰ ਦੇਣ ਦਾ ਕਰਾਰ ਲਾਗੂ ਕੀਤਾ ਜਾਏਗਾ, ਨੌਜਵਾਨਾਂ ਨੂੰ ਖੇਡਾਂ 'ਚ ਰੁਚੀ ਪੈਦਾ ਕਰਨ ਲਈ ਰਾਸ਼ੀ ਦਿੱਤੀ ਜਾਏਗੀ । ਇਸ ਦੌਰਾਨ ਪਿੰਡ ਢੱਡੇ ਦੇ ਦੌਰੇ ਦੌਰਾਨ 2 ਚੋਣ ਮੀਟਿੰਗਾਂ ਹੋਈਆਂ । ਜੰਜਘਰ ਵਿਖੇ ਹੋਈ ਮੀਟਿੰਗ ਵਿੱਚ ਬੀਬੀ ਗੁਰਦਾਨ ਕੌਰ ਪੰਚ, ਅਵਤਾਰ ਸਿੰਘ ਪੰਚ, ਜਸਵਿੰਦਰ ਕੁਮਾਰ ਪੰਚ, ਪ੍ਰਗਟ ਸਿੰਘ ਪੰਚ, ਹਰਜਿੰਦਰ ਕੁਮਾਰ, ਗੁਰਮੀਤ ਸਿੰਘ, ਸੁਰਿੰਦਰ ਸਿੰਘ, ਹਰਜਿੰਦਰ ਸਿੰਘ, ਮਾਸਟਰ ਦੀਦਾਰ ਸਿੰਘ, ਨਰਿੰਦਰ ਸਿੰਘ ਆਦਿ ਆਗੂਆਂ ਨੇ ਪਿੰਡ ਢੱਡੇ ਦੀ ਦੂਜੀ ਚੋਣਾਵੀ ਮੀਟਿੰਗ ਵਿੱਚ ਢੱਡਾ ਕਮੇਟੀ ਵੱਲੋਂ ਪ੍ਰਧਾਨ ਗਿਆਨ ਚੰਦ, ਪੰਚ ਰਾਜਿੰਦਰ ਕੁਮਾਰ, ਸੰਤੋਸ਼ ਕੁਮਾਰੀ ਪੰਚ, ਗਿਆਨ ਕੌਰ ਪੰਚ, ਰਾਜ ਕੁਮਾਰ, ਸੋਹਨ ਲਾਲ, ਕਾਲਾ ਰਾਮ, ਮਨਜਿੰਦਰ ਕੁਮਾਰ, ਕਰਮਜੀਤ, ਨਿਰਮਲ ਚੰਦ, ਜਸਵਿੰਦਰ ਕੁਮਾਰ, ਰਾਮ ਦਿਆਲ, ਸਰਵਣ ਦਾਸ, ਰਾਕੇਸ਼ ਕੁਮਾਰ ਆਦਿ ਆਗੂਆਂ ਨੇ, ਪਿੰਡ ਹਜਾਰਾ, ਕੰਗਣੀਵਾਲ ਦੀ ਸਾਂਝੀ ਮੀਟਿੰਗ ਵਿੱਚ ਮੱਖਣ ਸਿੰਘ ਭੱਟੀ, ਸੌਦਾਗਰ ਸਿੰਘ, ਬਲਜਿੰਦਰ ਸਿੰਘ ਬੰਸੀ, ਜਗਜੀਤ ਸਿੰਘ ਬੰਸੀ, ਅਮਰਜੀਤ ਸਿੰਘ ਬੰਸੀ, ਬਿੱਲੂ ਬੋਲੀਨਾ, ਹਰਪ੍ਰੀਤ ਸਿੰਘ ਬੋਲੀਨਾ, ਜਸਵਿੰਦਰ ਸਿੰਘ ਸ਼ੰਮੀ, ਡਾ. ਸੋਢੀ, ਸਰਪੰਚ ਜਸਪਾਲ ਸਿੰਘ ਜੈਤੇਵਾਲੀ, ਬਿੰਦੂ ਪਤਾਰਾ, ਸੁਖਵਿੰਦਰ ਸਿੰਘ ਬਿੱਲਾ ਆਦਿ ਆਗੂਆਂ ਨੇ ਅਤੇ ਕੰਗਣੀਵਾਲ ਤੋਂ ਸਵਾਮੀ ਸਵਰਨ ਸਿੰਘ, ਪੂਰਨ ਸਿੰਘ ਬੀ ਐਸ ਐਨ ਐਲ, ਆਸਾ ਰਾਮ ਚੇਅਰਮੈਨ ਗੁਰੂ ਰਵਿਦਾਸ ਗੁਰਦੁਆਰਾ ਕਮੇਟੀ, ਰੂਪ ਲਾਲ ਪ੍ਰਧਾਨ, ਧੰਨਪਤ ਰਾਏ ਲੰਬੜਦਾਰ, ਹਰਬੰਸ ਸਿੰਘ ਲੰਬੜਦਾਰ, ਲਹੌਰੀ ਰਾਮ, ਅਜਾਇਬ ਸਿੰਘ, ਚੇਤ ਰਾਮ, ਜਗਜੀਤ ਸਿੰਘ ਸੈਕਟਰੀ ਆਦਿ ਆਗੂਆਂ ਨੇ, ਪਿੰਡ ਨਰੰਗਪੁਰ ਵਿੱਚ ਬਲਾਕ ਪ੍ਰਧਾਨ ਡਾ. ਬਲਬੀਰ ਮਹਿਮੀ ਦੀ ਅਗਵਾਈ ਹੇਠ ਪ੍ਰਦੀਪ ਕੁਮਾਰ ਜੱਸੀ, ਪ੍ਰਦੀਪ ਕੁਮਾਰ ਸਿਆਣ, ਕੇਵਲ ਚੰਦ, ਬਿੰਦਰ ਕੁਮਾਰ, ਮੋਹਣ ਸਿੰਘ, ਬਿਕਰਮਜੀਤ ਸਿੰਘ, ਕਮਲਵੀਰ ਸਿੰਘ, ਮਨਜੀਤ ਕੌਰ, ਆਸ਼ਾ ਰਾਣੀ, ਜਤਿੰਦਰਪਾਲ ਸਿੰਘ, ਦਵਿੰਦਰ ਸਿੰਘ, ਦਲਵੀਰ ਸਿੰਘ, ਸੁਖਚੈਨ ਸਿੰਘ, ਜੁਗਰਾਜ ਸਿੰਘ ਆਦਿ ਆਗੂਆਂ ਨੇ, ਬਿਆਸ ਪਿੰਡ ਵਿੱਚ ਸਰਪੰਚ ਸੰਜੀਵ ਰੌਕੀ, ਅੰਮ੍ਰਿ ਸਿੰਘ, ਟੇਕ ਚੰਦ, ਅਮਰੀਕ ਲਾਲ ਬਲਾਕ ਪ੍ਰਧਾਨ, ਮਦਨ ਸਿੰਘ ਬਲਾਕ ਪ੍ਰਧਾਨ, ਰਣਜੀਤ ਸਿੰਘ ਲੰਬੜਦਾਰ, ਭੁਪਿੰਦਰ ਸਿੰਘ ਲੰਬੜਦਾਰ, ਸੋਮ ਲਾਲ ਪੰਚ, ਕਸ਼ਮੀਰ ਸਿੰਘ ਪ੍ਰਧਾਨ, ਹਰਵਿੰਦਰ ਸਿੰਘ, ਅਜੀਤ ਸਿੰਘ ਸਾਬਕਾ ਪੰਚ, ਰਾਜਾ, ਮੇਜਰ ਸਿੰਘ ਪੰਚ, ਸੋਹਣ ਲਾਲ, ਸੁਖਵੀਰ ਅਲਾਵਲਪੁਰ, ਮਨਦੀਪ ਸਿੰਘ, ਇਕਬਾਲ ਮੁਹੰਮਦ, ਅਸ਼ਵਨੀ ਕੁਮਾਰ, ਕੁਲਵਿੰਦਰ ਸਿੰਘ, ਨਰਿੰਦਰ ਬਿੱਟੂ, ਜੋਰਾ ਸਿੰਘ, ਚਰਨਜੀਤ, ਜੋਗਿੰਦਰ ਸਿੰਘ, ਕੁਲਦੀਪ ਕੁਮਾਰ, ਗੁਰਦੇਵ ਸਿੰਘ, ਸੁਖਵੀਰ ਸਿੰਘ, ਸਵਰਨ, ਸਤਨਾਮ ਸਿੰਘ ਮਾਨਕੋਟੀਆ ਆਦਿ ਆਗੂਆਂ ਨੇ, ਸ਼ਾਮ ਕਾਲਾ ਬੱਕਰਾ ਵਿਖੇ ਬਲਾਕ ਪ੍ਰਧਾਨ ਅਮਰੀਕ ਲਾਲ ਦੀ ਅਗਵਾਈ ਹੇਠ ਸ਼ਿੰਦਰ ਪਾਲ, ਸੋਹਣ ਲਾਲ ਸੈਕਟਰੀ, ਹਰਪ੍ਰੀਤ ਕਲਸੀ, ਮਹਿੰਦਰ ਸਿੰਘ, ਗੁਰਚਰਨ ਸਿੰਘ, ਸੁਰਿੰਦਰ ਕੌਰ, ਮੇਜਰ ਰਾਮ, ਰਾਜਵਿੰਦਰ ਕੁਮਾਰ, ਕਮਲਜੀਤ, ਜੀਤ ਸਿੰਘ, ਨਿਰਮਲ ਸਿੰਘ ਤੇ ਹੋਰਨਾਂ ਸਾਥੀਆਂ ਵੱਲੋਂ ਆਮ ਆਦਮੀ ਪਾਰਟੀ ਲਈ ਕੀਤੀ ਹਿਮਾਇਤ ਵਾਸਤੇ ਪੂਰੇ ਉਤਸ਼ਾਹ ਨਾਲ ਸਹਿਯੋਗ ਦਾ ਐਲਾਨ ਕੀਤਾ ਤੇ ਪਵਨ ਟੀਨੂੰ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ।

## ਹੈੱਡ ਬੁਆਏ ਤੇ ਹੈੱਡ ਗਰਲ ਦੀ ਚੋਣ ਲਈ ਵਿਦਿਆਰਥੀਆਂ ਨੇ ਵੋਟਾਂ ਪਾਈਆਂ



**ਸੁਲਤਾਨਪੁਰ ਲੋਧੀ (ਰਾਜਵੀਰ ਸਿੰਘ)** ਦਿ ਹਾਕਵਰਲਡ ਸਕੂਲ ਤਲਵੰਡੀ ਚੌਧਰੀਆਂ ਵਿਖੇ ਹੈੱਡ ਬੁਆਏ ਅਤੇ ਹੈੱਡ ਗਰਲ ਦੀ ਚੋਣ ਲਈ ਵਿਦਿਆਰਥੀਆਂ ਦੀਆਂ ਵੋਟਾਂ ਪਾਈਆਂ ਗਈਆਂ। ਵੋਟਾਂ ਪਾਉਣ ਵਿਚ ਵਿਦਿਆਰਥੀਆਂ ਵਲੋਂ ਬੜਾ ਉਤਸ਼ਾਹ ਦਿਖਾਇਆ ਗਿਆ। ਪੋਲਿੰਗ ਬੂਥ ਲਗਾਏ, ਉਂਗਲ 'ਤੇ ਨਿਸ਼ਾਨ ਅਤੇ ਵਿਦਿਆਰਥੀਆਂ ਵਿਚੋਂ ਪੂਰਾ ਚੋਣ ਅਮਲਾ ਬਣਾ ਕੇ ਬੈਲਟ ਪੇਪਰ 'ਤੇ ਮੋਹਰ ਲਗਾ ਕੇ ਵੋਟਾਂ ਪਾਈਆਂ ਗਈਆਂ। ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਕੈਪਟਨ ਤਜਿੰਦਰ ਸਿੰਘ ਅਤੇ ਵਾਇਸ ਪ੍ਰਧਾਨ ਜਸਵਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਮੁੱਢਲੀ ਸਿੱਖਿਆ ਦੇ ਨਾਲ ਬੱਚਿਆਂ ਨੂੰ ਭਾਰਤ ਵਿਚ ਲੋਕਤੰਤਰ ਰਾਜ ਹੋਣ ਕਰਕੇ ਸੰਵਿਧਾਨ ਅਨੁਸਾਰ ਰਾਜਨੀਤਿਕ ਗਿਆਨ ਹੋਣਾ ਵੀ ਬਹੁਤ ਜ਼ਰੂਰੀ ਹੈ। ਸਕੂਲ ਵਿਚ ਹੈੱਡ ਬੁਆਏ ਅਤੇ ਹੈੱਡ ਗਰਲ ਵੋਟਾਂ ਦੁਆਰਾ ਚੁਣਨ ਦੀ ਮਕਸਦ ਸਿਰਫ ਇਹ ਹੈ ਕਿ ਬੱਚਿਆਂ ਨੂੰ ਪਤਾ ਚੱਲ ਸਕੇ ਕੇ ਦੇਸ਼ ਦਾ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੀ ਚੋਣ ਵੋਟਾਂ ਦੁਆਰਾ ਕੀਤੀ ਜਾਂਦੀ ਹੈ। ਪ੍ਰਿੰਸੀਪਲ ਮਹਿਤਾ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਵੋਟ ਪਾਉਣ ਲਈ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਦੇਸ਼ ਦਾ ਅਸਲੀ ਨਾਗਰਿਕ ਉਹ ਹੀ ਹੈ ਜੋ ਬਿਨਾਂ ਕਿਸੇ ਲਾਲਚ ਦੇ ਆਪਣੇ ਵੋਟ ਦਾ ਇਸਤੇਮਾਲ ਕਰੇ। ਇਸ ਮੌਕੇ ਬਖਸ਼ੀਸ਼ ਸਿੰਘ, ਹਰਵਿੰਦਰ ਸਿੰਘ, ਨਿਰਵੈਰ ਸਿੰਘ, ਪ੍ਰੀਤਪਾਲ ਕੌਰ, ਮਨਪ੍ਰੀਤ ਕੌਰ, ਸੰਦੀਪ ਕੌਰ, ਕੁੰਜ ਲਤਾ, ਜਸਬੀਰ ਕੌਰ, ਅਮਨਦੀਪ ਕੌਰ, ਪਲਕ ਬੇਦੀ, ਨਵਦੀਪ ਕੌਰ ਅਤੇ ਸਮੂਹ ਸਟਾਫ ਹਾਜ਼ਰ ਸੀ।

## ਡੀ ਸੀ ਵੱਲੋਂ ਅਧਿਕਾਰੀਆਂ ਨੂੰ ਭੰਗ ਦੇ ਪੌਦਿਆਂ 'ਤੇ ਨਜ਼ਰ ਰੱਖਣ ਦੀ ਹਦਾਇਤ



**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**-ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਭੰਗ ਦੇ ਪੌਦਿਆਂ ਦੇ ਵਿਆਪਕ ਵਾਧੇ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਨੂੰ ਤੁਰੰਤ ਪ੍ਰਭਾਵ ਨਾਲ ਨਸ਼ਟ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਸ਼ਹਿਰੀ ਅਤੇ ਦਿਹਾਤੀ ਲੋਕਲ ਬਾਡੀਜ਼ ਅਤੇ ਡਰੱਗ ਕੰਟਰੋਲ ਅਥਾਰਟੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਜੈਨ ਨੇ ਕਿਹਾ ਕਿ ਨਸ਼ਿਆਂ ਵਜੋਂ ਵਰਤੇ ਜਾਣ ਵਾਲੇ ਅਜਿਹੇ ਪੌਦਿਆਂ ਦੀ ਆਸਾਨੀ ਨਾਲ ਉਪਲਬਧਤਾ ਸਾਡੇ ਨੌਜਵਾਨਾਂ ਲਈ ਖਤਰਨਾਕ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ ਜੰਗਲੀ ਭੰਗ ਦੇ ਪੌਦੇ ਛੋਟੇ ਜਾਂ ਵੱਡੇ ਹੋਣ ਵਾਲੇ ਕਿਸੇ ਵੀ ਖੇਤਰ ਦੀ ਫੀਲਡ ਟੀਮਾਂ ਰਾਹੀਂ ਸ਼ਨਾਖਤ ਕੀਤੀ ਜਾਵੇ ਅਤੇ ਸਬੰਧਤ ਦਫ਼ਤਰ ਦੇ ਮੁਖੀ ਦੇ ਹਸਤਾਖਰਾਂ ਹੇਠ ਰਿਪੋਰਟ ਪੇਸ਼ ਕੀਤੀ ਜਾਵੇ ਜੋ ਕਿ ਈ.ਓ., ਬੀ.ਡੀ.ਪੀ.ਓ., ਐਕਸ.ਈ.ਐਨ.ਪੀ.ਡਬਲਿਊ.ਡੀ., ਐਕਸ.ਈ.ਐਨ. ਮੰਡੀ ਬੋਰਡ, ਡੀ.ਐਫ.ਓ. ਜਿਵੇਂ ਹੋ ਸਕਦੇ ਹਨ।ਡਿਪਟੀ ਕਮਿਸ਼ਨਰ ਨੇ ਕਿਹਾ, ਇੱਕ ਵਾਰ ਭੰਗ ਵਾਲੇ ਖੇਤਰ ਦੀ ਪਛਾਣ ਹੋ ਜਾਣ ਤੋਂ ਬਾਅਦ, ਸਬੰਧਤ ਜ਼ਮੀਨ ਦੀ ਮਾਲਕੀ ਵਾਲੀ ਏਜੰਸੀ ਉਸ ਨੂੰ ਨਸ਼ਟ ਕਰਨ ਲਈ ਤੁਰੰਤ ਕਦਮ ਚੁੱਕੇ।ਉਨ੍ਹਾਂ ਅੱਗੇ ਕਿਹਾ ਕਿ ਜਿੱਥੇ ਵੀ ਨਿੱਜੀ ਜ਼ਮੀਨ/ਪਲਾਟ ਵਿੱਚ ਭੰਗ ਉੱਗੀ ਪਾਈ ਜਾਂਦੀ ਹੈ, ਤਾਂ ਸਬੰਧਤ ਈ.ਓ., ਬੀ.ਡੀ.ਪੀ.ਓ., ਟਾਊਨ ਪਲੈਨਿੰਗ ਅਥਾਰਟੀ ਆਦਿ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਨੂੰ ਵਿਗਿਆਨਕ ਢੰਗ ਨਾਲ ਨਸ਼ਟ ਕਰਨ ਲਈ ਤੁਰੰਤ ਕਦਮ ਚੁੱਕੇ ਜਾਣ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਮੰਤਵ ਲਈ ਤੁਰੰਤ ਟੀਮਾਂ ਤਾਇਨਾਤ ਕੀਤੀਆਂ ਜਾਣ ਅਤੇ ਰੋਜ਼ਾਨਾ ਸ਼ਾਮ ਤੱਕ ਐਕਸ਼ਨ ਟੇਕਨ ਰਿਪੋਰਟ ਉਨ੍ਹਾਂ ਦੇ ਦਫ਼ਤਰ ਨੂੰ ਭੇਜੀਆਂ ਜਾਣ। ਉਨ੍ਹਾਂ ਮੁਹਾਲੀ ਦੇ ਮੁੱਖ ਖੇਤੀਬਾੜੀ ਅਫਸਰ ਨੂੰ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਕਿ ਭੰਗ ਨੂੰ ਨਸ਼ਟ ਕਰਨ ਬਾਰੇ ਤਕਨੀਕ/ਵਿਧੀ ਪੀਏਯੂ ਮਾਹਿਰਾਂ ਦੀ ਅਗਵਾਈ ਜਾਂ ਡਰੱਗ ਕੰਟਰੋਲ ਅਥਾਰਟੀ ਵਰਗੀ ਕਿਸੇ ਹੋਰ ਢੁਕਵੀਂ ਏਜੰਸੀ ਤੋਂ ਪ੍ਰਾਪਤ ਕੀਤੀ ਜਾਵੇ ਅਤੇ ਇਸ ਨੂੰ ਸਾਰੇ ਸਬੰਧਤ ਵਿਭਾਗਾਂ ਵਿੱਚ ਤੁਰੰਤ ਪਹੁੰਚਾਇਆ ਜਾਵੇ।

ਇਸ ਮੌਕੇ ਏ ਡੀ ਸੀ (ਜ) ਰਾਜੀਵ ਐਸ ਤਿੜਕੇ, ਕਮਿਸ਼ਨਰ ਐਮ ਸੀ ਮੁਹਾਲੀ ਨਵਜੋਤ ਕੌਰ, ਏ ਡੀ ਸੀ (ਯੂ ਡੀ) ਦਮਨਜੀਤ ਸਿੰਘ ਮਾਨ, ਏਡੀਸੀ (ਡ) ਸੋਨਮ ਚੌਧਰੀ, ਗਮਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਅਮਰਿੰਦਰ ਸਿੰਘ ਟਿਵਾਣਾ, ਸਿਵਲ ਸਰਜਨ ਡਾ: ਦਵਿੰਦਰ ਕੁਮਾਰ, ਜ਼ੋਨਲ ਲਾਇਸੈਂਸਿੰਗ ਅਥਾਰਟੀ ਕਮਲ ਕੰਬੋਜ ਆਦਿ ਅਧਿਕਾਰੀ ਹਾਜ਼ਰ ਸਨ।

## 'ਆਪ' ਸਰਕਾਰ ਨੇ ਸੂਬੇ 'ਚ ਵਿਕਾਸ ਲਈ ਕੱਖ ਭੰਨ ਕੇ ਵੀ ਦੂਹਰਾ ਨਹੀਂ ਕੀਤਾ : ਜਥੇਦਾਰ ਵਡਾਲਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਪਿੰਡ ਖੀਵਾ,ਤਲਵੰਡੀ ਸਲੇਮ, ਮਾਹੂੰਵਾਲ,ਨਵਾਂ ਪਿੰਡ ਅਰਾਈਆਂ, ਪੰਡੋਰੀ ਰਾਜਪੂਤਾਂ ਅਤੇ ਬਜੂਹਾ ਕਲਾਂ ਵਿਖੇ ਲੋਕ ਸਭਾ ਜਲੰਧਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਨਕੋਦਰ ਤੋਂ ਜਥੇਦਾਰ ਗੁਰ ਪ੍ਰਤਾਪ ਸਿੰਘ ਵਡਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿਹਾਤੀ ਦੀ ਅਗਵਾਈ ਵਿੱਚ ਪਿੰਡਾਂ ਵਿੱਚ ਚੋਣ ਇਕੱਤਰਤਾ ਹੋਈ, ਭਰਵੀ ਲੋਕ ਇਕੱਤਰਤਾ ਨੂੰ ਸੰਬੋਧਨ ਕਰਦੇ ਹੋਏ ਜਥੇਦਾਰ ਵਡਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਲੋਕਾਂ ਕੋਲੋਂ ਵਿਕਾਸ ਦੇ ਨਾਂਅ 'ਤੇ ਵੋਟਾਂ ਮੰਗਣ ਤੋਂ ਪਹਿਲਾਂ ਆਪਣੀ ਸਰਕਾਰ ਦੇ ਤਕਰੀਬਨ ਤਿੰਨ ਸਾਲ ਕਾਰਜ ਕਾਲ ਦੌਰਾਨ ਹੋਇਆ ਕੋਈ ਇੱਕ ਵੀ ਵਿਕਾਸ ਕਾਰਜ ਦਿਖਾਉਣ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਕਾਰ ਤੋਂ ਬਾਅਦ ਕਿਸੇ ਸਰਕਾਰ ਨੇ ਚਾਹੇ ਕਾਂਗਰਸ ਸਰਕਾਰ ਪੰਜ ਸਾਲ ਰਾਜ ਕੀਤਾ ਉਸ ਤੋਂ ਬਾਅਦ ਤਕਰੀਬਨ ਤਿੰਨ ਸਾਲ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ ਕਰ ਰਹੀ ਹੈ ਸੂਬੇ ਵਿੱਚ ਵਿਕਾਸ ਲਈ ਕੱਖ ਭੰਨ ਕੇ ਵੀ ਦੂਹਰਾ ਨਹੀਂ ਕੀਤਾ। ਉਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਕਿਸਾਨ ਵਿਰੋਧੀ ਹੋਣ ਕਾਰਨ ਪਿੰਡਾਂ ਵਿੱਚ ਵੜਨ ਦੀ ਹਿੰਮਤ ਨਹੀਂ ਕਰ ਰਹੇ । ਉਨ੍ਹਾਂ ਕਿਹਾ ਕਿ ਇਸ ਵਾਰ ਜਲੰਧਰ ਦੇ ਲੋਕਾਂ ਨੂੰ ਲੰਬੇ ਅਰਸੇ ਤੋਂ ਬਾਅਦ ਮਹਿੰਦਰ ਸਿੰਘ ਕੇਪੀ ਸਾਫ ਸੁਥਰੀ ਸ਼ਖ਼ਸੀਅਤ ਵਾਲੇ ਲੋਕ ਸਭਾ ਉਮੀਦਵਾਰ ਵਾਰ ਮਿਲੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਵਰਕਰ ਮਹਿੰਦਰ ਸਿੰਘ ਕੇਪੀ ਨੂੰ ਜਿਤਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਣਗੇ। ਇਸ ਮੌਕੇ ਹਰਭਜਨ ਸਿੰਘ ਹੁੰਦਲ,ਲਸ਼ਕਰ ਸਿੰਘ ਰਹੀਮਪੁਰ,ਅਵਤਾਰ ਸਿੰਘ ਕਲੇਰ,ਸੁਰਤੇਜ ਸਿੰਘ ਬਾਸੀ,ਗੁਰਨਾਮ ਸਿੰਘ ਕੰਦੋਲਾ, ਲਖਵਿੰਦਰ ਸਿੰਘ ਹੋਠੀ,ਸਰਪੰਚ ਮਨੋਹਰ ਹੇਰਾਂ,ਸੁਖਵੰਤ ਸਿੰਘ ਰੌਲੀ,ਸਰਪੰਚ ਹਰਵੇਲ ਸਿੰਘ ਖੀਵਾ,ਜਗਜੀਤ ਸਿੰਘ ਮੱਲੀਆਂ, ਪਰਮਿੰਦਰ ਸਿੰਘ ਚੱਕ ਕਲਾਂ,ਅਵਤਾਰ ਸਿੰਘ ਖੀਵਾ, ਅਮਰੀਕ ਸਿੰਘ ਤਲਵੰਡੀ ਸਲੇਮ, ਹਰਦੀਪ ਸਿੰਘ ਦੀਪਾ ਮਾਹੂੰਵਾਲ, ਪਰਮਜੀਤ ਸਿੰਘ ਮਾਹੂੰਵਾਲ, ਅਮਰਜੀਤ ਸਿੰਘ ਲੰਬੜਦਾਰ ਨਵਾਂ ਪਿੰਡ ਆਰਾਈਆ,ਸਰਪੰਚ ਟੀਟੂ ਨਵਾਂ ਪਿੰਡ ਅਰਾਈਆਂ, ਸਰਪੰਚ ਨਿਰਮਲ ਦਾਸ ਪੰਡੋਰੀ ਰਾਜਪੂਤਾਂ,ਕਰਮਜੀਤ ਸਿੰਘ ਬਜੂਹਾ ਕਲਾਂ, ਰਾਮ ਬਜੂਹਾ ਖੁਰਦ ਅਤੇ ਅਹੁਦੇਦਾਰ,ਵਰਕਰ ਅਤੇ ਸਮੂਹ ਸੰਗਤਾਂ ਹਾਜ਼ਰ ਸਨ।

## ਵਹੀਕਲਾਂ ਦੇ ਜਾਅਲੀ ਰਜਿਸਟ੍ਰੇਸ਼ਨ ਸਰਟੀਫਿਕੇਟ ਤਿਆਰ ਕਰਨ ਵਾਲੇ ਗਰੋਹ ਦੇ 4 ਮੈਂਬਰ ਗ੍ਰਿਫਤਾਰ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਇੰਸ: ਜਸਪ੍ਰੀਤ ਸਿੰਘ, ਮੁੱਖ ਅਫਸਰ, ਥਾਣਾ ਸੋਹਾਣਾ ਦੀ ਟੀਮ ਵੱਲੋਂ ਮੁਖਬਰ ਖਾਸ ਦੀ ਇਤਲਾਹ 'ਤੇ ਜਾਅਲੀ ਰਜਿਸਟ੍ਰੇਸ਼ਨ ਸਰਟੀਫੀਕੇਟ ਤਿਆਰ ਕਰਨ ਵਾਲੇ ਗਿਰੋਹ ਦੇ ਮੈਂਬਰਾਂ ਖਿਲਾਫ ਮੁਕੱਦਮਾ ਦਰਜ ਕਰਕੇ 04 ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਅਹਿਮ ਸਫਲਤਾ ਹਾਸਿਲ ਕੀਤੀ ਹੈ। ਮੁਕੱਦਮਾ ਦੀ ਤਫਤੀਸ਼ ਦੌਰਾਨ ਮੁਲਜ਼ਮ ਹਰਸ਼ ਅਤੇ ਅਰਜੁਨ ਕੁਮਾਰ ਪਾਸੋਂ ਕੀਤੀ ਗਈ ਪੁੱਛਗਿੱਛ ਤੇ ਮੁਕੱਦਮਾ ਵਿੱਚ ਸਰਵਨ ਪ੍ਰਜਾਪਤੀ ਪੁੱਤਰ ਲੇਟ ਖੁਰਚਨ ਪ੍ਰਜਾਪਤੀ ਵਾਸੀ ਮਕਾਨ ਨੰਬਰ: 286, ਦਸਮੇਸ ਕਲੋਨੀ, ਬਲੌਂਗੀ, ਐਸ.ਏ.ਐਸ.ਨਗਰ ਨੂੰ ਨਾਮਜਦ ਕਰਕੇ ਮਿਤੀ 16.05.2024 ਨੂੰ ਗ੍ਰਿਫਤਾਰ ਕੀਤਾ ਅਤੇ ਹੀਰਾ ਸਿੰਘ ਉਰਫ ਹੈਰੀ ਉਰਫ ਹਨੀ ਪੁੱਤਰ ਭੁਪਿੰਦਰ ਸਿੰਘ ਵਾਸੀ ਗੁਰੂ ਨਾਨਕ ਕਲੋਨੀ, ਪਿੰਡ ਵਾ ਥਾਣਾ ਸੰਘਰੀਆ, ਜ਼ਿਲ੍ਹਾ ਹਨੂੰਮਾਨਗੜ੍ਹ (ਰਾਜਸਥਾਨ),ਜਿਸ ਦੇ ਖਿਲਾਫ ਪਹਿਲਾ ਵੀ ਮੁਕੱਦਮਾ ਨੰ. 439 ਮਿਤੀ 21.10.2022 ਅ/ਧ 420,465,467,468,471,120 ਬੀ, ਭ:ਦ, 25 ਅਸਲਾ ਐਕਟ, ਥਾਣਾ ਜ਼ੀਰਕਪੁਰ ਅਤੇ ਮੁਕੱਦਮਾ ਨੰ. 69 ਮਿਤੀ 02.03.2023 ਅ/ਧ 302,201,406, 420,120ਬੀ ਭ:ਦ ਥਾਣਾ ਸਿਟੀ ਖਰੜ, ਐਸ.ਏ.ਐਸ ਨਗਰ, ਪਹਿਲਾ ਹੀ ਦਰਜ ਰਜਿਸਟਰ ਹਨ, ਜੋ ਕਿ ਨਾਭਾ ਜੇਲ ਵਿਖੇ ਬੰਦ ਸੀ, ਨੂੰ ਪ੍ਰੋਡੰਕਸਨ ਵਾਰੰਟ 'ਤੇ ਲਿਆ ਕੇ ਮਿਤੀ 18.05.2024 ਨੂੰ ਮੁਕੱਦਮਾ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਮੁਕੱਦਮਾ ਦੀ ਤਫਤੀਸ਼ ਜਾਰੀ ਹੈ ।

## ਵਿਧਾਇਕ ਟਾਂਡਾ ਦੀ ਚੋਣ ਮੀਟਿੰਗ 'ਚ ਹੁੱਲੜਬਾਜ਼ੀ, 15 ਖਿਲਾਫ਼ ਪਰਚਾ ਦਰਜ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪਿੰਡ ਟਾਹਲੀ ਵਿੱਚ ਲੋਕ ਸਭਾ ਚੋਣਾਂ ਦੇ ਮੱਦੇਨਜਰ ਚੋਣ ਪ੍ਰਚਾਰ ਕਰਨ ਗਏ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੀ ਚੋਣ ਸਭਾ ਵਿੱਚ ਹੁੱਲੜਬਾਜੀ ਕਰਨ ਅਤੇ ਆਪ ਦੇ ਬਲਾਕ ਪ੍ਰਧਾਨ ਨਾਲ ਕੁੱਟਮਾਰ ਕਰਨ ਦੇ ਦੋਸ਼ ਵਿੱਚ ਟਾਂਡਾ ਪੁਲਸ ਨੇ 15 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਇਹ ਮਾਮਲਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੇਸਵ ਸਿੰਘ ਸੈਨੀ ਪੁੱਤਰ ਰਿਪੁਦਮਨ ਸਿੰਘ ਵਾਸੀ ਹਰਸੀ ਪਿੰਡ ਦੇ ਬਿਆਨ ਦੇ ਆਧਾਰ 'ਤੇ ਦਰਜ ਕੀਤਾ ਹੈ। ਪੁਲਸ ਵੱਲੋਂ ਨਾਵਲ ਲਾਲ ਪੁੱਤਰ ਚਾਨਣ, ਬੁੱਧ ਰਾਮ ਪੁੱਤਰ ਦੀਪਾ, ਧਰਮਿੰਦਰ ਸਿੰਘ ਪੁੱਤਰ ਦੀਪਾ, ਸੋਨੂ ਪੁੱਤਰ ਭੁੱਲਾਰਾਮ ,ਰਾਮ ਲੁਭਾਇਆ ਪੁੱਤਰ ਪ੍ਰਕਾਸ, ਲਵੀ ਪੁੱਤਰ ਮਹਿੰਗਾ ,ਰਾਮ ਮੰਗਤ ਰਾਮ ਪੁੱਤਰ ਪਿਆਰਾ, ਲੋਟਾ ਪੁੱਤਰ ਰਾਵਲ, ਗੋਪੀ ਪੁੱਤਰ ਕਾਲੂ, ਪਾਲ ਸਿੰਘ ਪੁੱਤਰ ਕੈਲੂ ਵਾਸੀ ਟਾਹਲੀ, ਲੱਭਾ ਵਾਸੀ ਬਲੋ ਚੱਕ ਅਤੇ ਚਾਰ ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ।

## ਬੱਚਿਆਂ ਨੂੰ ਡੇਂਗੂ ਬਾਰੇ ਜਾਗਰੂਕ ਕੀਤਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )**ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵਿੰਦਰ ਕੁਮਾਰ ਡਮਾਣਾ ਦੇ ਦਿਸ਼ਾ ਨਿਰਦੇਸ਼ਾ ਅਤੇ ਡਾ. ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਗੌਰਮਿੰਟ ਸਕੂਲ ਹਾਰਟਾ ਅਤੇ ਐਲੀਮੈਂਟਰੀ ਸਕੂਲ ਹਾਰਟਾ ਵਿੱਖੇ ਬੱਚਿਆਂ ਨੂੰ ਡੇਂਗੂ ਅਤੇ ਮਲੇਰੀਆ ਬਾਰੇ ਜਾਗੁਰਕ ਕੀਤਾ ਗਿਆ। ਨਵਦੀਪ ਸਿੰਘ ਮ ਪ ਹ ਵ (ਮੇਲ) ਨੇ ਦੱਸਿਆ ਡੇਂਗੂ ਦਾ ਬੁਖਾਰ ਮਾਦਾ ਮੱਛਰ ਏਡੀਜ ਐਜੀਪਤੀ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਪਾਣੀ ਦੇ ਸਰੋਤ ਤੋਂ ਫੈਲਦਾ ਹੈ ਅਤੇ ਇਹ ਮੱਛਰ ਸਾਫ ਪਾਣੀ ਵਿੱਚ ਫੈਲਦਾ ਹੈ ਜਿਵੇਂ ਕੀ ਕੂਲਰਾਂ ਵਿੱਚੋ ਬਰਸਾਤ ਦਾ ਪਾਣੀ ਇਕੱਠਾ ਹੋਣ ਨਾਲ, ਟਾਇਰਾਂ, ਟੁੱਟੇ ਬਰਤਨਾਂ, ਫਰਿੱਜ ਦੀ ਟਰੇਅ ਵਿੱਚ ਖੜ੍ਹੇ ਪਾਣੀ ਵਿੱਚ ਫੈਲਦਾ ਹੈ। ਜੇਕਰ ਅਸੀਂ ਡੇਂਗੂ ਨੂੰ ਜੜ੍ਹ ਤੋਂ ਖ਼ਤਮ ਕਰਨਾ ਚਾਹੁੰਦੇ ਹਾਂ ਸਾਨੂੰ ਮੱਛਰ ਪੈਦਾ ਹੋਣ ਨਾ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਡੇਂਗੂ ਬੁਖਾਰ ਹੋਣ ਨਾਲ ਸਰੀਰ ਤੇ ਲਾਲ ਰੰਗ ਦੇ ਦਾਣੇ ਅਤੇ ਸਰੀਰ ਦੇ ਜੋੜਾਂ ਵਿੱਚ ਬਹੁਤ ਦਰਦ ਹੋਣਾ ਬਹੁਤ ਤੇਜ ਬੁਖਾਰ ਹੋਣਾ ਉਲਟੀ ਆਉਣਾ ਆਦਿ ਲੱਛਣ ਹਨ।

## ਕੇਵਲ ਚੰਨੀ ਹੀ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰੱਥ : ਰਾਜ ਕੁਮਾਰ ਵੇਰਕਾ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਅੱਜ ਦੇਸ਼ ਦੇ ਗਰੀਬਾਂ ਦੀ ਅਤੇ ਸਮੇਂ ਦੀ ਲੋੜ ਹੈ ਕਿ ਚਰਨਜੀਤ ਸਿੰਘ ਚੰਨੀ ਲੋਕ ਸਭਾ ਵਿੱਚ ਜਾ ਕੇ ਦੱਬੇ-ਕੁਚਲੇ ਲੋਕਾਂ ਦੀ ਗੱਲ ਕਰਨ।ਇਹ ਗੱਲ ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ ਨੇ ਹਲਕਾ ਸ਼ਾਹਕੋਟ ਵਿੱਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਹੀ। ਵੇਰਕਾ ਨੇ ਕਿਹਾ ਕਿ ਚੰਨੀ ਦੁਖੀ ਲੋਕਾਂ ਦਾ ਮਸੀਹਾ ਬਣ ਕੇ ਚੰਗਾ ਕੰਮ ਕਰ ਸਕਦਾ ਹੈ। ਅਜਿਹਾ ਕੋਈ ਆਗੂ ਨਹੀਂ ਜੋ ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰ ਸਕੇ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਇੰਡੀਆ ਗੱਠਜੋੜ ਦੀ ਸਰਕਾਰ ਬਣ ਰਹੀ ਹੈ ਅਤੇ ਰਾਹੁਲ ਗਾਂਧੀ ਇਸ ਸਰਕਾਰ ਦੇ ਪ੍ਰਧਾਨ ਮੰਤਰੀ ਹੋਣਗੇ ਜਦਕਿ ਚਰਨਜੀਤ ਸਿੰਘ ਚੰਨੀ ਇਸ ਸਰਕਾਰ ਵਿਚ ਬਹੁਤ ਵੱਡੇ ਅਹੁਦੇ 'ਤੇ ਤਾਇਨਾਤ ਹੋਣਗੇ ਅਤੇ ਜਲੰਧਰ ਦੇ ਲੋਕਾਂ ਨੂੰ ਵੱਡਾ ਲਾਭ ਮਿਲੇਗਾ । ਉਨ੍ਹਾਂ ਕਿਹਾ ਕਿ ਚੰਨੀ ਦੇ ਮੁੱਖ ਮੰਤਰੀ ਹੁੰਦਿਆਂ ਪੰਚਾਇਤਾਂ ਨੂੰ ਦਿੱਤੇ ਗਏ ਫੰਡ ਵੀ ਵਾਪਸ ਲੈ ਲਏ ਗਏ ਹਨ ਅਤੇ ਇਸ ਸਰਕਾਰ ਨੇ ਪੰਚਾਇਤਾਂ ਨੂੰ ਭੰਗ ਕਰਕੇ ਲੋਕਤੰਤਰ ਦਾ ਕਤਲ ਕੀਤਾ ਸੀ ਤੇ ਹਾਈਕੋਰਟ ਨੇ ਪੰਚਾਇਤਾਂ ਨੂੰ ਮੁੜ ਬਹਾਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਲੰਧਰ ਦੇ ਲੋਕਾਂ ਨੂੰ ਚੰਨੀ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਚੰਨੀ ਤੋਂ ਵਧੀਆ ਆਗੂ ਨਹੀਂ ਲੱਭ ਸਕਦਾ।ਵੇਰਕਾ ਨੇ ਕਿਹਾ ਕਿ ਪੀ.ਐੱਚ.ਡੀ ਟੇ ਦੀ ਪੜ੍ਹਾਈ ਕਰ ਚੁੱਕੇ ਚੰਨੀ ਕਿਸਾਨਾਂ, ਮਜ਼ਦੂਰਾਂ ਅਤੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸਮਝਦੇ ਹਨ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਸਮਰੱਥਾ ਰੱਖਦੇ ਹਨ।

## ਗੈਂਗਸਟਰਾਂ ਨੂੰ ਪਨਾਹ ਦੇਣ ਵਾਲੇ ਗਰੋਹ ਦੇ 7 ਮੈਂਬਰ ਨਜਾਇਜ਼ ਹਥਿਆਰਾਂ ਤੇ ਰੌਂਦ ਸਮੇਤ ਕਾਬੂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸੀ ਆਈ ਏ ਸਟਾਫ ਨਵਾਂਸ਼ਹਿਰ ਦੀ ਪੁਲਸ ਨੇ ਗੈਂਗਸਟਰਾਂ ਨੂੰ ਪਨਾਹ ਦੇਣ ਵਾਲੇ ਗਰੋਹ ਦੇ 7 ਮੈਂਬਰਾਂ ਨੂੰ ਤਿੰਨ ਨਾਜਾਇਜ਼ ਹਥਿਆਰਾਂ ਤੇ ਰੌਂਦ ਸਮੇਤ ਕਾਬੂ ਕੀਤਾ ਹੈ।ਐੱਸ ਐੱਸ ਪੀ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ 17 ਮਈ ਨੂੰ ਪੁਲਸ ਨੂੰ ਇਤਲਾਹ ਮਿਲੀ ਸੀ ਕਿ ਦੀਪਕ ਕੁਮਾਰ ਵਾਸੀ ਮੁਹੱਲਾ ਘਾਟੀ ਤੇਲੀਆਂ ਰਾਹੋਂ, ਪ੍ਰਭਜੋਤ ਸਿੰਘ ਵਾਸੀ ਮਹਿਤਪੁਰ ਉਲੱਦਣੀ, ਸਿਮਰਨਜੀਤ ਸਿੰਘ ਵਾਸੀ ਦੁਧਾਲਾ, ਅਮਨਪ੍ਰੀਤ ਸਿੰਘ ਵਾਸੀ ਸੁੱਜੋਂ ਗੈਂਗਸਟਰਾਂ ਦਾ ਨਾਜਾਇਜ਼ ਅਸਲਾ ਸੰਭਾਲਦੇ ਹਨ ਤੇ ਇਕ ਤੋਂ ਦੂਜੀ ਜਗ੍ਹਾ ਤੱਕ ਪਹੁੰਚਾਉਂਦੇ ਹਨ। ਜੋ ਗੈਂਗਸਟਰ ਵਾਰਦਾਤਾਂ ਕਰ ਕੇ ਭੱਜੇ ਹੋਏ ਹਨ, ਦੇ ਰਹਿਣ-ਸਹਿਣ ਦਾ ਪ੍ਰਬੰਧ ਵੀ ਕਰਦੇ ਹਨ, ਪੁਲਸ ਨੇ ਇਨ੍ਹਾਂ ਚਾਰ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰ ਕੇ ਜਾਂਚ ਕੀਤੀ ਤਾਂ ਉਕਤ ਚਾਰ ਵਿਅਕਤੀ ਜੋ ਬਰੀਜਾ ਕਾਰ ਨੰ: ਪੀਬੀ 20 ਡੀ 7803 'ਚ ਆ ਰਹੇ ਸਨ, ਨੂੰ ਕਾਬੂ ਕਰ ਕੇ ਇਨ੍ਹਾਂ ਕੋਲੋਂ ਇਕ ਪਿਸਤੌਲ 32 ਬੋਰ, ਇਕ ਰਿਵਾਲਵਰ 32 ਬੋਰ ਅਤੇ 11 ਰੌਂਦ ਬਰਾਮਦ ਕੀਤੇ।ਮੁਲਜ਼ਮਾਂ ਨੇ ਮੰਨਿਆ ਕਿ ਉਨ੍ਹਾਂ ਕੋਲੋਂ ਬਰਾਮਦ ਕੀਤਾ ਗਿਆ ਅਸਲਾ ਉਨ੍ਹਾਂ ਨੂੰ ਸੁਖਵਿੰਦਰ ਕੁਮਾਰ ਵਾਸੀ ਗੜ੍ਹਪਧਾਨਾ ਨੇ ਦਿੱਤਾ ਸੀ। ਪੁੱਛਗਿੱਛ ਤੋਂ ਬਾਅਦ ਮੁਕੱਦਮੇ ਵਿਚ ਲਖਵਿੰਦਰ ਕੁਮਾਰ ਵਾਸੀ ਗੜ੍ਹਪਧਾਨਾ, ਮੋਹਿਤ ਧੀਰ ਵਾਸੀ ਹੁਸੈਨਪੁਰ ਅਤੇ ਮਾਨਵ ਬਾਲੂ ਵਾਸੀ ਕਰੀਹਾ ਦੀ ਸ਼ਮੂਲੀਅਤ ਸਾਹਮਣੇ ਆਉਣ 'ਤੇ ਉਨ੍ਹਾਂ ਨੂੰ ਵੀ ਕਾਬੂ ਕਰ ਲਿਆ ਗਿਆ। ਲਖਵਿੰਦਰ ਕੁਮਾਰ ਕੋਲੋਂ ਇਕ ਦੇਸੀ ਪਿਸਤੌਲ 32 ਬੋਰ ਸਮੇਤ ਮੈਗਜ਼ੀਨ ਅਤੇ 3 ਰੌਂਦ ਤੇ ਮੋਹਿਤ ਧੀਰ ਕੋਲੋਂ ਤਿੰਨ ਰੌਂਦ 32 ਬੋਰ ਬਰਾਮਦ ਕੀਤੇ ਗਏ। ਸੁਖਵਿੰਦਰ ਕੁਮਾਰ ਦੀ ਗ੍ਰਿਫਤਾਰੀ ਬਾਕੀ ਹੈ।ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਨੇ ਸੁਖਵਿੰਦਰ ਕੁਮਾਰ ਦਾ ਅਸਲਾ ਆਪਣੇ ਕੋਲ ਰੱਖ ਕੇ ਉਸ ਨੂੰ ਇਕ ਤੋਂ ਦੂਜੀ ਥਾਂ ਤੱਕ ਜਾਣ ਲਈ ਟਰਾਂਸਪੋਰਟ ਦਾ ਪ੍ਰਬੰਧ ਕਰ ਕੇ ਉਸ ਦਾ ਸਾਥ ਦਿੱਤਾ ਹੈ। ਮੁਲਜ਼ਮ ਪੁਲਿਸ ਰਿਮਾਂਡ 'ਤੇ ਹਨ ਜਿਨ੍ਹਾਂ ਤੋਂ ਪੁੱਛਗਿਛ ਜਾਰੀ ਹੈ।ਐੱਸ ਐੱਸ ਪੀ ਨੇ ਦੱਸਿਆ ਕਿ ਦੀਪਕ ਕੁਮਾਰ, ਪ੍ਰਭਜੋਤ ਸਿੰਘ, ਸਿਮਰਨਜੀਤ ਸਿੰਘ, ਅਮਨਪ੍ਰੀਤ ਸਿੰਘ, ਲਖਵਿੰਦਰ ਕੁਮਾਰ, ਮੋਹਿਤ ਧੀਰ, ਮਾਨਵ ਬਾਲੂ ਤੋਂ 2 ਦੇਸੀ ਪਿਸਤੌਲ 32 ਬੋਰ, 11 ਰੌਂਦ, 1 ਦੇਸੀ ਰਿਵਾਲਵਰ 32 ਬੋਰ ਸਮੇਤ 6 ਰੌਂਦ, ਕਾਰ ਮਾਰਕਾ ਬਰੀਜਾ ਬਰਾਮਦ ਕੀਤੀ ਗਈ ਹੈ।

## ਉਹ ਇੱਕ ਸਟਿੱਕਰ, ਕਾਪੀ ਤੇ ਪੈਂਫਲਿਟ ਸੌਂਪ ਕੇ ਅਗਲੇ ਘਰ ਦਾ ਰੁਖ਼ ਕਰ ਲੈਂਦੇ



ਚੋਣ ਪ੍ਰਚਾਰ ਕਰਨ ਵਾਲੀ ਟੀਮ

**ਸ਼ਾਹਕੋਟ (ਗਿਆਨ ਸੈਦਪੁਰੀ)** ਦਿਨੋ- ਦਿਨ ਵਧ ਰਹੀ ਸੂਰਜ ਦੀ ਤਪਸ਼ ਚੋਣ ਪ੍ਰਚਾਰ ਦੀ ਤੋਰ ਵਿੱਚ ਤੇਜ਼ੀ ਲਿਆਉਣ ਵਿੱਚ ਬੇਸ਼ੱਕ ਰੁਕਾਵਟ ਬਣ ਰਹੀ ਹੈ ਪਰ ਵੋਟਾਂ ਪਾਉਣ ਦਾ ਦਿਨ ਨੇੜੇ ਆਉਂਦਾ ਵੇਖ ਕੇ ਹਰ ਸਿਆਸੀ ਪਾਰਟੀ ਹਰ ਹੀਲਾ ਵਸੀਲਾ ਵਰਤਣ ਦੇ ਰੌਂਅ ਵਿੱਚ ਹੈ। ਇਸੇ ਸਿਲਸਲੇ ਵਿੱਚ ਇੱਕ ਪਾਰਟੀ ਵੱਲੋਂ ਚੋਣ ਪ੍ਰਚਾਰ ਦੀ ਦਿਲਚਸਪ ਝਲਕ ਵੇਖਣ ਨੂੰ ਮਿਲੀ। ਪੰਜ ਬੀਬੀਆਂ ਤੇ ਦੋ ਬੀਬਿਆ ਦਾ ਗਰੁੱਪ ਸ਼ਾਹਕੋਟ ਦੇ ਪਿੰਡਾਂ ਵਿੱਚ ਘਰ- ਘਰ ਜਾ ਕੇ ਦਸਤਕ ਦਿੰਦਾ ਹੈ। ਇਸ ਵਿੱਚ ਸ਼ਾਮਲ ਵਿਅਕਤੀ ਬਹੁਤੀ ਗੱਲ ਨਹੀਂ ਕਰਦੇ। ਉਹ ਆਪਣੀ ਪਾਰਟੀ ਦੇ ਆਗੂਆਂ ਦੀ ਤਸਵੀਰ ਵਾਲਾ ਇੱਕ ਸਟਿੱਕਰ, ਪੰਜਾਬ 'ਚ ਕੀਤੇ ਜਾਣ ਵਾਲੇ ਦਸ ਅਹਿਮ ਕੰਮਾਂ ਦੇ ਜ਼ਿਕਰ ਵਾਲਾ ਇੱਕ ਪੈਂਫਲਿਟ ਅਤੇ ਘਰ ਦੇ ਬੱਚਿਆਂ ਲਈ ਲਿਖਣ ਵਾਸਤੇ ਇੱਕ ਕਾਪੀ ਸੌਂਪ ਕੇ ਦੂਸਰੇ ਘਰ ਵੱਲ ਰੁਖ਼ ਕਰ ਲੈਂਦੇ ਹਨ। ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਵੋਟਾਂ ਲਈ ਘਰ-ਘਰ ਪਹੁੰਚ ਕਰਨ ਵਾਲਾ ਇਹ ਗਰੁੱਪ ਸਥਾਨਕ ਨਹੀਂ ਸਗੋਂ ਜਲੰਧਰ ਤੋਂ ਆਉਂਦਾ ਹੈ। ਗਰੁੱਪ ਦੇ ਮੁਖੀ ਟੋਨੀ ਨੇ ਦੱਸਿਆ ਕਿ ਉਨ੍ਹਾਂ ਨੇ ਹਲਕੇ ਦੇ ਚਾਰ ਪਿੰਡਾਂ ਵਿੱਚ ਹਰ ਰੋਜ਼ ਘਰ ਘਰ ਜਾਣ ਦਾ ਟੀਚਾ ਮਿਥਿਆ ਹੋਇਆ ਹੈ।

## ਲਲਿਤਾ ਅਰੋੜਾ ਜ਼ਿਲ੍ਹਾ ਸਿੱਖਿਆ ਅਫ਼ਸਰ ਸਨਮਾਨਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਆਫ ਹੁਸ਼ਿਆਰਪੁਰ ਦੀ ਵਿਸ਼ੇਸ਼ ਬੈਠਕ ਚੁਣੇ ਗਏ ਪ੍ਰਧਾਨ ਸਨੇਹ ਜੈਨ ਦੀ ਪ੍ਰਧਾਨਗੀ ਵਿੱਚ ਰੋਟਰੀ ਭਵਨ ਵਿਖੇ ਹੋਈ ਜਿਸ ਵਿੱਚ ਰੋਟਰੀ ਕਲੱਬ ਦੇ ਮੈਂਬਰ ਆਪਣੇ ਪਰਵਾਰਕ ਮੈਂਬਰਾਂ ਨਾਲ ਸ਼ਾਮਿਲ ਹੋਏ। ਕਲੱਬ ਵੱਲੋਂ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੀ ਪ੍ਰਿੰਸੀਪਲ ਲਲਿਤਾ ਅਰੋੜਾ ਜੋ ਕਿ ਬਤੌਰ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਲੁਧਿਆਣਾ ਪ੍ਰੋਮੋਟ ਹੋ ਕਿ ਗਏ ਹਨ, ਨੂੰ ਕਲੱਬ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਕਲੱਬ ਦੇ ਸਕੱਤਰ ਰਜਿੰਦਰ ਮੋਦਗਿਲ ਨੇ ਦੱਸਿਆ ਕਿ ਰੋਟਰੀ ਕਲੱਬ ਦੇ ਨਾਲ ਮੈਡਮ ਲਲਿਤਾ ਅਰੋੜਾ ਦੇ ਨਿੱਘੇ ਸੰਬੰਧ ਸਨ ਅਤੇ ਰੋਟਰੀ ਕਲੱਬ ਨੇ ਰੇਲਵੇ ਮੰਡੀ ਸਕੂਲ ਵਿੱਚ ਅਨੇਕਾਂ ਪ੍ਰੋਜੈਕਟ ਲਗਾਏ। ਮੈਡਮ ਲਲਿਤਾ ਅਰੋੜਾ ਦਾ ਸਕੂਲ ਪ੍ਰਬੰਧਨ ਅਤੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਤਜਰਬੇ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੇ ਇਨ੍ਹਾ ਨੂੰ ਬਤੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਬਣਾ ਕਿ ਲੁਧਿਆਣਾ ਵਿਖੇ ਲਗਾਇਆ ਹੈ। ਮੈਡਮ ਅਰੋੜਾ ਨੇ ਰੋਟਰੀ ਕਲੱਬ ਮੈਂਬਰਾਂ ਦਾ ਤਹਿ ਦਿਲੋ ਧੰਨਵਾਦ ਕੀਤਾ ਜਿਨ੍ਹਾਂ ਨੇ ਸਮੇਂ ਸਮੇਂ ਤੇ ਉਨ੍ਹਾ ਦੇ ਸਕੂਲ ਨੂੰ ਮਦਦ ਕੀਤੀ ਅਤੇ ਅੱਜ ਆਪਣੀ ਬੈਠਕ ਵਿੱਚ ਸਨਮਾਨਤ ਕੀਤਾ। ਇਸ ਮੌਕੇ ਰੋਟੇਰੀਅਨ ਜੀ.ਐਸ. ਬਾਵਾ, ਸੁਰਿੰਦਰ ਵਿੱਜ, ਅਰੁਣ ਜੈਨ, ਸੰਜੀਵ ਅਰੋੜਾ, ਸਨੇਹ ਜੈਨ, ਰਜਿੰਦਰ ਮੋਦਗਿਲ, ਰਵੀ ਜੈਨ, ਅਸ਼ੋਕ ਜੈਨ, ਡਾਕਟਰ ਰਣਜੀਤ, ਸੰਜੀਵ ਕੁਮਾਰ, ਟਮਾਟਨੀ ਆਹਲੂਵਾਲੀਆ, ਲੇਂਪੀ ਆਹਲੂਵਾਲੀਆ, ਐਚ.ਐਸ. ਵਿਰਕ, ਦੀਪਕ ਬਹਿਲ, ਅਰਵਿੰਦ ਸੂਦ, ਚੰਦਰ ਸਰੀਨ, ਡਾ. ਸ਼ੁਭਕਰਮਨਜੀਤ ਸਿੰਘ ਬਾਵਾ ਆਦਿ ਹਾਜ਼ਰ ਸਨ।

## ਭਾਜਪਾ ਉਮੀਦਵਾਰ ਡਾ. ਸੁਭਾਸ਼ ਸ਼ਰਮਾ ਵੱਲੋਂ ਬਲਾਚੌਰ ਦੇ ਪਿੰਡਾਂ 'ਚ ਚੋਣ ਪ੍ਰਚਾਰ ਜਾਰੀ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਹਲਕਾ ਬਲਾਚੌਰ ਤੋਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਅੱਜ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਡਾਕਟਰ ਸੁਭਾਸ਼ ਸ਼ਰਮਾ ਦੇ ਹੱਕ ਵਿੱਚ ਹਲਕੇ ਅਧੀਨ ਆਉਂਦੇ ਵੱਖੋ ਵੱਖ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ। ਇਸ ਮੌਕੇ ਹਲਕਾ ਬਲਾਚੌਰ ਦੇ ਪਿੰਡ ਸਰੋੜਾ, ਨਸ਼ੇਰ, ਮਲੇਵਾਲ ਸਾਹਿਬਾ, ਮਾਜਰੀ, ਚਣਕੋਆ ਅਤੇ ਬਾਗੋਵਾਲ ਵਿਖੇ ਲੋਕਾਂ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਡਾਕਟਰ ਸੁਭਾਸ਼ ਸ਼ਰਮਾ ਨੇ ਕਿਹਾ ਕਿ ਬਲਾਚੌਰ ਦੇ ਵਸਨੀਕਾਂ ਵੱਲੋਂ ਦਿੱਤਾ ਜਾ ਰਿਹਾ ਪਿਆਰ ਸਤਿਕਾਰ ਨੂੰ ਉਹ ਹਮੇਸ਼ਾ ਯਾਦ ਰੱਖਣਗੇ ਅਤੇ ਹੁਣ ਉਨ੍ਹਾਂ ਦੀ ਜ਼ਿੰਮੇਦਾਰੀ ਬਣਦੀ ਹੈ ਕਿ ਉਹ ਲੋਕਾਂ ਦੀ ਆਵਾਜ਼ ਸੰਸਦ ਤੱਕ ਪਹੁੰਚਾਉਣ ਤਾਂ ਜੋ ਇੱਥੇ ਦੇ ਲੋਕਾਂ ਨੂੰ ਵੀ ਖੁਸ਼ਹਾਲ ਜ਼ਿੰਦਗੀ ਜੀਣ ਦਾ ਮੌਕਾ ਮਿਲ ਸਕੇ।

ਪਿੰਡ ਭੋਜੇਵਾਲ ਵਿਖੇ ਚੋਣ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਹਲਕਾ ਬਲਾਚੌਰ ਤੋਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਭਾਜਪਾ ਦੇ ਉਮੀਦਵਾਰ ਡਾਕਟਰ ਸੁਭਾਸ਼ ਸ਼ਰਮਾ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਬਲਾਚੌਰ ਦੇ ਵਰਕਰ ਦਿਨ ਰਾਤ ਮਿਹਨਤ ਕਰ ਰਹੇ ਹਨ। ਇਸ ਮੌਕੇ ਸਥਾਨਕ ਆਗੂਆਂ ਵੱਲੋਂ ਡਾਕਟਰ ਸੁਭਾਸ਼ ਸ਼ਰਮਾ ਨੂੰ ਭੌਰੀ ਸਾਹਿਬ ਵਿਖੇ ਮੱਥਾ ਟਿਕਵਾਇਆ ਗਿਆ ।

## ਸੰਵਿਧਾਨ ਦੀ ਰੱਖਿਆ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਨ ਦੀ ਹੈ ਮੇਰੀ ਸੋਚ : ਡਾ. ਰਾਜ ਕੁਮਾਰ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**- ਆਪਣੀ ਚੋਣ ਮੁਹਿੰਮ ਨੂੰ ਹੋਰ ਹੁਲਾਰਾ ਦਿੰਦੇ ਹੋਏ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਨੇ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਵਿਖੇ ਵਿਧਾਇਕ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਲੋਕਾਂ ਡਾ. ਰਵਜੋਤ ਨੇ ਇੰਨੀ ਗਰਮੀ ਵਿੱਚ ਵੀ ਉਨ੍ਹਾਂ ਦਾ ਸਾਥ ਦੇਣ ਲਈ ਹਾਜ਼ਰ ਹੋਣ ਲਈ ਦਾ ਧੰਨਵਾਦ ਕੀਤਾ।ਦੁਸੜਕੇ ਵਿਖੇ ਗੁੱਜਰ ਭਾਈਚਾਰੇ ਨਾਲ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਰਾਜ ਨੇ ਕਿਹਾ ਕਿ ਚੱਬੇਵਾਲ ਇਲਾਕੇ ਵਿਚ ਵੀ ਉਨ੍ਹਾਂ ਨੂੰ ਗੁੱਜਰ ਭਰਾਵਾਂ ਦਾ ਭਾਰੀ ਸਮਰਥਨ ਮਿਲਦਾ ਰਿਹਾ ਹੈ । ਡਾ. ਰਾਜ ਨੇ ਕਿਹਾ ਕਿ ਉਹ ਸ਼ਾਮਚੁਰਾਸੀ ਦੇ ਆਪਣੇ ਗੁੱਜਰ ਭਰਾਵਾਂ ਤੋਂ ਵੀ ਇਸ ਪਿਆਰ ਅਤੇ ਸਾਥ ਦੀ ਆਸ ਰੱਖਦੇ ਹਨ। ਉਹ ਸਾਰੇ ਧਰਮਾਂ ਦੇ ਸਤਿਕਾਰ ਦੀ ਵਿਚਾਰਧਾਰਾ ਵਿੱਚ ਵਿਸ਼ਵਾਸ ਰੱਖਦਾ ਹੈ।ਭਾਜਪਾ ਇਸ ਸਮੇਂ ਸਾਡੇ ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ।ਜੋ ਹਰ ਧਰਮ, ਜਾਤ ਅਤੇ ਵਰਗ ਦੇ ਸਾਡੇ ਦੇਸ਼ ਵਾਸੀਆਂ ਨੂੰ ਬਰਾਬਰ ਮੌਕੇ ਅਤੇ ਅਧਿਕਾਰ ਦਿੰਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਉਹ ਸੰਵਿਧਾਨ ਨੂੰ ਬਚਾਉਣ ਅਤੇ ਇਹ ਯਕੀਨੀ ਬਣਾਉਣ ਕਿ ਸਾਡੇ ਦੇਸ਼ ਵਿੱਚ ਹਰ ਧਰਮ ਦੇ ਨਿਵਾਸੀਆਂ ਨੂੰ ਰਹਿਣ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਆਪਣੇ ਧਰਮ ਦਾ ਪਾਲਣ ਕਰਨ ਦੀ ਆਜ਼ਾਦੀ ਹੋਵੇ ਇਸ ਦੇ ਲਈ ਇਹ ਜ਼ਰੂਰੀ ਹੈ ਕਿ ਭਾਜਪਾ ਦੀ ਕੇਂਦਰ ਵਿਚ ਸਰਕਾਰ ਨਾ ਬਣਨ ਦਿੱਤੀ ਜਾਵੇ। ਜਿਸ ਤਰ੍ਹਾਂ ਆਮ ਆਦਮੀ ਪਾਰਟੀ ਨੇ ਹੁਣ ਤੱਕ ਆਮ ਲੋਕਾਂ ਦਾ ਜੀਵਨ ਸੁਖਾਲਾ ਬਣਾਉਣ ਲਈ ਕਦਮ ਚੁੱਕੇ ਹਨ, ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਕੇਂਦਰ ਵਿੱਚ ਵੀ ਆਪਣੇ ਲਈ ਕੰਮ ਕਰਨ ਦਾ ਮੌਕਾ ਦਿਓ ਅਤੇ ਉਨ੍ਹਾਂ ਨੇ ਇਹ ਵੀ ਭਰੋਸਾ ਦਿੱਤਾ ਕਿ ਉਹ ਆਪਣੇ ਹਲਕੇ ਦੇ ਨਿਵਾਸੀਆਂ ਅਤੇ ਦੇਸ਼ ਵਾਸੀਆਂ ਨੂੰ ਨਿਰਾਸ਼ ਨਹੀਂ ਕਰਨਗੇ।

## ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਬਾਲ ਸਿੱਖਿਆ ਤੇ ਬਾਲ ਮਜ਼ਦੂਰੀ ਸੰਬੰਧੀ ਛਾਪੇਮਾਰੀ

**ਨਵਾਂਸ਼ਹਿਰ (ਮਨੋਜ ਲਾਡੀ,ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਜ਼ਿਲ੍ਹਾ ਨਵਾਂਸ਼ਹਿਰ ਦੇ ਬੰਗਾ ਬਲਾਕ ਵਿੱਚ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਬ ਡਵੀਜ਼ਨਲ ਕਮੇਟੀ ਵੱਲੋਂ ਬਾਲ ਭਿੱਖਿਆ ਅਤੇ ਬਾਲ ਮਜ਼ਦੂਰੀ ਸਬੰਧੀ ਚੈਕਿੰਗ ਕੀਤੀ ਗਈ। ਇਹ ਚੈਕਿੰਗ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਕੀਤੀ ਗਈ ਚੈਕਿੰਗ ਦੌਰਾਨ ਬੰਗਾ ਬਲਾਕ ਦੇ ਮੇਨ ਰੋਡ ਬੱਸ ਸਟੈਂਡ ਰੇਲਵੇ ਰੋਡ ਮੇਨ ਬਾਜ਼ਾਰ ਅਤੇ ਢਾਬਿਆਂ ਤੇ ਚੈਕਿੰਗ ਕੀਤੀ ਹੋਈ ਅਤੇ ਟੀਮ ਵੱਲੋਂ ਬਾਲ ਭਿੱਖਿਆ ਵਿੱਚ ਲੱਗੇ ਹੋਏ ਪੰਜ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਅਤੇ ਬੱਚਿਆਂ ਨੂੰ ਬਾਲ ਭਲਾਈ ਕਮੇਟੀ ਅੱਗੇ ਪੇਸ਼ ਕੀਤਾ ਗਿਆ। ਬਾਲ ਭਲਾਈ ਕਮੇਟੀ ਦੇ ਹੁਕਮਾਂ ਅਨੁਸਾਰ ਇੱਕ ਬੱਚੀ ਜਿਸ ਦੀ ਉਮਰ ਲਗਭਗ ਨੌਂ ਮਹੀਨੇ ਸੀ ਜਿਸ ਦੀ ਮਾਂ ਉਸ ਨੂੰ ਗੋਦ ਵਿੱਚ ਲੈ ਕੇ ਭੀਖ ਮੰਗ ਰਹੀ ਸੀ, ਨੂੰ ਕਮੇਟੀ ਦੇ ਹੁਕਮਾਂ ਨਾਲ ਅਤੇ ਉਸ ਦੀ ਮਾਂ ਨੂੰ ਸਖਤ ਚੇਤਾਵਨੀ ਦਿੰਦੇ ਹੋਏ ਪਰਵਾਰ ਨੂੰ ਸੌਂਪ ਦਿੱਤਾ ਗਿਆ ਅਤੇ ਬਾਕੀ ਚਾਰ ਬੱਚਿਆਂ ਦੇ ਮਾਂ ਪਿਓ ਦੇ ਟਰੇਸ ਨਾ ਹੋਣ 'ਤੇ ਉਨ੍ਹਾਂ ਨੂੰ ਚਿਲਡਰਨ ਹੋਮ ਫੋਰ ਬੋਇਜ਼ ਲੁਧਿਆਣਾ ਵਿਖੇ ਸ਼ੈਲਟਰ ਦਿੱਤਾ ਗਿਆ ਹੈ। ਟੀਮ ਨੇ ਦੱਸਿਆ ਕਿ ਬੱਚਿਆਂ ਦੀ ਉਮਰ ਅੱਠ ਤੋਂ 12 ਸਾਲ ਤੱਕ ਦੀ ਸੀ। ਮੌਕੇ ਤੇ ਹਾਜ਼ਰ ਰਜਿੰਦਰ ਕੌਰ ਬਾਲ ਰੱਖਿਆ ਅਫਸਰ ਦੱਸਿਆ ਕਿ ਬੱਚਿਆਂ ਤੋਂ ਭੀਖ ਮੰਗਵਾਉਣਾ ਕਾਨੂੰਨੀ ਜੁਰਮ ਹੈ ਅਤੇ ਜੋ ਵੀ ਵਿਅਕਤੀ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਂਦਾ ਹੈ ਜਾਂ ਮਜ਼ਦੂਰੀ ਕਰਵਾਉਂਦਾ ਹੈ ਉਸ ਖਿਲਾਫ ਜੂਵੇਨਾਈਲ ਜਸਟਿਸ ਐਕਟ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਜ਼ੀਰੋ ਤੋਂ 18 ਸਾਲ ਤੱਕ ਤੇ ਬੱਚਿਆਂ ਤੋਂ ਭੀਖ ਨਾ ਮੰਗਵਾਈ ਜਾਵੇ ਨਾ ਹੀ ਕੋਈ ਵੀ ਦੁਕਾਨਦਾਰ ਜਾਂ ਕੋਈ ਵੀ ਵਿਅਕਤੀ 18 ਸਾਲ ਤੋਂ ਛੋਟੀ ਉਮਰ ਦੇ ਬੱਚਿਆਂ ਨੂੰ ਕਿਸੇ ਤਰ੍ਹਾਂ ਦੇ ਕੰਮ 'ਤੇ ਲਗਾਵੇ ਬਲਕਿ ਅਜਿਹਾ ਕਰਨ ਵਾਲੇ ਬੱਚਿਆਂ ਨੂੰ ਕੌਂਸਲਿੰਗ ਕਰਦੇ ਹੋਏ ਸਿੱਖਿਆ ਵਾਲੇ ਪਾਸੇ ਮੋੜਿਆ ਜਾਵੇ ਤਾਂ ਜੋ ਬੱਚਿਆਂ ਦੇ ਉਜਵਲ ਭਵਿੱਖ ਦੀ ਸਿਰਜਣਾ ਹੋ ਸਕੇ। ਚੈਕਿੰਗ ਟੀਮ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਤੋਂ ਰਜਿੰਦਰ ਕੌਰ ਬਾਲ ਸੁਰੱਖਿਆ ਅਫਸਰ, ਸੰਤੋਸ਼ ਕੌਰ ਡੀ ਈ ਓ, ਹਰਵਿੰਦਰ ਸਿੰਘ ਅਤੇ ਪ੍ਰਦੀਪ ਸਿੰਘ ਸਿਹਤ ਵਿਭਾਗ, ਤਹਿਸੀਲਦਾਰ ਆਫਿਸ ਤੋਂ ਹਰਮੇਸ਼ ਸਿੰਘ ਕਲਰਕ, ਬੀ ਡੀ ਪੀ ਓ ਦਫਤਰ ਤੋਂ ਹਰਵਿੰਦਰ ਸਿੰਘ ਅਤੇ ਰਵੀ ਕੁਮਾਰ, ਸਿੱਖਿਆ ਵਿਭਾਗ ਤੋਂ ਹਰਪਾਲ ਸਿੰਘ, ਸੀ ਡੀ ਪੀ ਓ ਦਵਿੰਦਰ ਕੌਰ, ਮਨਦੀਪ ਕੌਰ ਸੁਪਰਵਾਈਜ਼ਰ, ਸੁਰਜੀਤ ਰਾਮ ਅਤੇ ਸਰੋਜ ਕੌਰ ਪੀ ਐਸ ਸਿਟੀ ਬੰਗਾ ਤੋ ਹਾਜ਼ਰ ਸਨ।

## ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ਼ ਨੇ ਬੀ ਡੀ ਪੀ ਓ ਨੂੰ ਸੌਂਪਿਆ ਮੰਗ ਪੱਤਰ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ )**-ਪਿੰਡ ਪਚਰੰਡਾ ਦੇ ਮਨਰੇਗਾ ਮਜ਼ਦੂਰਾਂ ਦੀ ਦਸੰਬਰ 2023 ਦੇ ਮਸਟਰੋਲ 'ਚ ਘੱਟ ਦਿਹਾੜੀਆਂ ਦਰਸਾਉਣ ਅਤੇ ਕੀਤੇ ਕੰਮ ਦੀ ਪੂਰੀ ਅਦਾਇਗੀ ਨਾ ਕੀਤੇ ਜਾਣ ਦੇ ਮਾਮਲੇ ਨੂੰ ਲੈ ਕੇ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨਜ (ਸੀਟੂ) ਜਥੇਬੰਦੀ ਦੇ ਇਕ ਵਫਦ ਨੇ ਬਲਾਕ ਵਿਕਾਸ ਤੇ ਪੰਚਾਇਤ ਅਧਿਕਾਰੀ (ਬੀ.ਡੀ.ਪੀ.ਓ.) ਨੂਰਪੁਰਬੇਦੀ ਨੂੰ ਮੰਗ ਪੱਤਰ ਦਿੱਤਾ। ਬੀ.ਡੀ.ਪੀ.ਓ. ਦੇ ਦਫਤਰ ਵਿਖੇ ਨਾ ਹੋਣ 'ਤੇ ਸੀਟੂ ਜਥੇਬੰਦੀ ਦੇ ਆਗੂਆਂ ਕਾਮਰੇਡ ਰਾਮ ਸਿੰਘ ਸੈਣੀਮਾਜਰਾ, ਪ੍ਰੇਮ ਚੰਦ ਜੱਟਪੁਰ ਅਤੇ ਭਜਨ ਸਿੰਘ ਸੰਦੋਆ ਨੇ ਪੰਚਾਇਤ ਅਫਸਰ ਸੋਮਨਾਥ ਨੂੰ ਸੌਂਪੇ ਮੰਗ ਪੱਤਰ 'ਚ ਦੱਸਿਆ ਕਿ ਬਲਾਕ ਨੂਰਪੁਰਬੇਦੀ ਦੇ ਪਿੰਡ ਪਚਰੰਡਾ ਵਿਖੇ ਦਸੰਬਰ 2023 'ਚ ਮਨਰੇਗਾ ਮਜਦੂਰਾਂ ਰਣਜੀਤ ਕਰ, ਭੋਲੀ ਦੇਵੀ, ਕ੍ਰਿਸਨਾ ਦੇਵੀ ਅਤੇ ਸਵਿੱਤਰੀ ਦੇਵੀ ਨੇ ਲਗਾਤਾਰ 9 ਦਿਨ ਕੰਮ ਕੀਤਾ।. ਜਿਸ ਤਹਿਤ ਸਰਕਾਰੀ ਰੇਟ 303 ਰੁਪਏ ਪ੍ਰਤੀਦਿਨ ਮੁਤਾਬਿਕ ਹਰ ਇਕ ਮਜਦੂਰ ਦੀ ਦਿਹਾੜੀ 2727 ਰੁਪਏ ਬਣਦੀ ਹੈ । ਜਦਕਿ ਮਹਿਕਮੇ ਵੱਲੋਂ ਕਿਸੇ ਨੂੰ 1164 ਅਤੇ ਕਿਸੀ ਨੂੰ 1188 ਰੁਪਏ ਅਦਾਇਗੀ ਕੀਤੀ ਗਈ ਹੈ ਜੋ ਕਿ ਸਰਾਸਰ ਬੇਇਨਸਾਫੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਸ ਸਬੰਧੀ ਮਨਰੇਗਾ ਮਜਦੂਰਾਂ ਵੱਲੋਂ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਰਹਿੰਦੀ ਰਾਸੀ ਅਗਲੇ ਮਾਸਟਰੋਲ 'ਚ ਅਡਜਸਟ ਕੀਤੇ ਜਾਣ ਦਾ ਬਹਾਨਾ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਸੀਟੂ ਆਗੂਆਂ ਨੇ ਆਖਿਆ ਕਿ ਮਨਰੇਗਾ ਮਜਦੂਰਾਂ ਨਾਲ ਕਿਸੀ ਵੀ ਤਰ੍ਹਾਂ ਦਾ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਬੀ.ਡੀ.ਪੀ.ਓ. ਨੂਰਪੁਰਬੇਦੀ ਅਮਿਤ ਕੁਮਾਰ ਤੋਂ ਮੰਗ ਕੀਤੀ ਕਿ ਉਕਤ ਮਨਰੇਗਾ ਮਜਦੂਰਾਂ ਦੀਆਂ ਦਿਹਾੜੀਆਂ ਕੱਟੇ ਜਾਣ ਦੇ ਮਾਮਲੇ ਦੀ ਜਾਂਚ ਕਰਵਾਈ ਜਾਵੇ ਅਤੇ ਰਹਿੰਦੀ ਰਾਸ਼ੀ ਦੀ ਉਕਤ ਮਜਦੂਰਾਂ ਨੂੰ ਤੁਰੰਤ ਅਦਾਇਗੀ ਕਰਵਾਈ ਜਾਵੇ ।.

## ਭਾਈ ਜਸਵੰਤ ਸਿੰਘ ਫੌਜੀ ਦੇ ਹੱਕ 'ਚ ਬੰਗਾ ਰੋਡ ਵਿਖੇ ਡੋਰ ਟੂ ਡੋਰ ਪ੍ਰਚਾਰ

**ਫਗਵਾੜਾ ( ਜਸਵਿੰਦਰ ਢੱਡਾ )**- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਫਗਵਾੜਾ ਦੇ ਆਗੂਆਂ ਵੱਲੋਂ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਉਮੀਦਵਾਰ ਭਾਈ ਜਸਵੰਤ ਸਿੰਘ ਫੌਜੀ ਦੇ ਹੱਕ ਵਿੱਚ ਸਥਾਨਕ ਬੰਗਾ ਰੋਡ ਵਿਖੇ ਡੋਰ ਟੂ ਡੋਰ ਪ੍ਰਚਾਰ ਦਾ ਆਰੰਭ ਕੀਤਾ ਗਿਆ। ਇਸ ਮੌਕੇ ਪਾਰਟੀ ਦੇ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਖੁਣਖੁਣ, ਗੁਰਨਾਮ ਸਿੰਘ ਸਿੰਗੜੀਵਾਲ ਨੇ ਪ੍ਰਚਾਰ ਦੌਰਾਨ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਹਲਕੇ ਦੀ ਸੰਗਤ ਨੂੰ ਕਿਹਾ ਕਿ ਸਾਡਾ ਉਮੀਦਵਾਰ ਪੰਥਕ ਪਰਵਾਰ ਵਿੱਚੋਂ ਹੈ । ਪੰਥ ਅਤੇ ਪੰਜਾਬੀਅਤ ਦੀ ਗੱਲ ਕਰਦਾ ਹੈ ਤੇ ਉਸ ਨੂੰ ਸੰਗਤਾਂ ਜਿਤਾ ਕੇ ਲੋਕ ਸਭਾ ਵਿੱਚ ਭੇਜਣ।ਇਸ ਮੌਕੇ ਰੇਸ਼ਮ ਸਿੰਘ ਪੱਪੀ, ਗੁਰਦਿਆਲ ਸਿੰਘ ਮਾਨਾਂਵਾਲੀ ਅਤੇ ਹੋਰ ਸੰਗਤਾਂ ਵੀ ਹਾਜ਼ਰ ਸਨ।



## ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਕੇ ਪੀ ਵੱਲੋਂ ਕੰਦੋਲਾ 'ਚ ਮੀਟਿੰਗ



**ਆਦਮਪੁਰ (ਪਰਮਜੀਤ ਸਿੰਘ)**- ਲੋਕ ਸਭਾ ਹਲਕਾ ਜਲੰਧਰ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇ ਪੀ ਵੱਲੋਂ ਆਦਮਪੁਰ ਹਲਕੇ ਦੇ ਪਿੰਡ ਕੰਦੋਲਾ ਵਿੱਚ ਆਪਣਾ ਚੋਣ ਪ੍ਰਚਾਰ ਕੀਤਾ ਗਿਆ। ਧਰਮਪਾਲ ਲੇਸੜੀਵਾਲ, ਮਲਕੀਤ ਸਿੰਘ ਦੌਲਪੁਰ, ਗੁਰਦਿਆਲ ਸਿੰਘ ਨਿੱਝਰ ਨੇ ਸਾਂਝੇ ਤੌਰ 'ਤੇ ਕਿਹਾ ਪੰਜਾਬ ਸਰਕਾਰ ਨੇ ਝੂਠੇ ਲਾਰਿਆਂ ਤੋਂ ਸਿਵਾਏ ਲੋਕਾਂ ਨੂੰ ਕੁਝ ਨਹੀਂ ਦਿੱਤਾ ਜਿਸ ਤੋਂ ਹਰ ਵਰਗ ਦੁਖੀ ਹੋਇਆ ਹੈ। ਆਮ ਆਦਮੀ ਪਾਰਟੀ ਸਰਕਾਰ ਤੇ ਸੈਂਟਰ ਦੀ ਬੀ ਜੇ ਪੀ ਸਰਕਾਰ ਸੰਵਿਧਾਨ ਨੂੰ ਖਤਮ ਕਰਨ ਤੇ ਤੁਲੀ ਹੋਈ ਹੈ । ਇਸ ਮੌਕੇ ਮਹਿੰਦਰ ਸਿੰਘ ਕੇ ਪੀ, ਜਰਨੈਲ ਸਿੰਘ ਗੜ੍ਹਦੀਵਾਲ, ਗੁਰਦਿਆਲ ਸਿੰਘ ਨਿੱਝਰ, ਮਲਕੀਤ ਸਿੰਘ ਦੌਲਪੁਰ, ਧਰਮਪਾਲ ਲੇਸੜੀਵਾਲ, ਦਲਜੀਤ ਸਿੰਘ ਜੀਤਾ ਸਾਬਕਾ ਸਰਪੰਚ, ਮੇਜਰ ਸਿੰਘ ਹਰੀਪੁਰ ਤੇ (ਕੰਦੋਲਾ ਵਾਸੀ) ਰਣਜੀਤ ਸਿੰਘ ਰਾਣਾ ਕੰਦੋਲਾ, ਜਰਨੈਲ ਸਿੰਘ ਸਾਬਕਾ ਪੰਚ, ਕੁਲਜਿੰਦਰ ਸਿੰਘ ਬੈਂਸ, ਮਨੋਹਰ ਸਿੰਘ, ਮਨਜੀਤ ਸਿੰਘ ਪ੍ਰਧਾਨ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋਗਾ ਸਿੰਘ, ਜਗਮੋਹਣ ਸਿੰਘ ਲੰਬੜਦਾਰ, ਬਲਬੀਰ ਸਿੰਘ ਸਾਬਕਾ ਸਰਪੰਚ, ਕਮਲਜੀਤ ਸਿੰਘ ਸੈਣੀ, ਅਮਰਦੀਪ ਸਿੰਘ ਦੀਪਾ, ਜਸਵਿੰਦਰ ਸਿੰਘ ਸ਼ਿੰਦੀ, ਅਵਤਾਰ ਸਿੰਘ ਬਿੱਟੂ, ਜੋਗਿੰਦਰ ਸਿੰਘ, ਸੁਖਜੀਵਨ ਸਿੰਘ, ਗੁਰਪ੍ਰੀਤ ਸਿੰਘ, ਅਮਰੀਕ ਸਿੰਘ, ਭਲਵਿੰਦਰ ਸਿੰਘ ਮਾਨ, ਦਿਲਰਾਜ ਸਿੰਘ, ਗੁਰਪ੍ਰੀਤ ਸਿੰਘ ਗੋਪੀ ਨਿੱਝਰ, ਗੁਰਜਿੰਦਰ ਸਿੰਘ ਗੋਰਾ ਬੈਂਸ, ਦੀਪਕ, ਸੋਨੂੰ ਕਰੜਾ, ਹਰਵਿੰਦਰ ਕਰੜਾ, ਬਲਬੀਰ ਕਰੜਾ, ਰਾਜਵਿੰਦਰ ਕੌਰ ਰਾਣੀ, ਦਲਜੀਤ ਕੌਰ, ਬਲਵਿੰਦਰ ਕੌਰ, ਸਰਬਜੀਤ ਕੌਰ, ਅਮਰਜੀਤ ਕੌਰ, ਸੁਰਜੀਤ ਕੌਰ, ਗੁਰਵਿੰਦਰ ਕੌਰ, ਇੰਦਰਜੀਤ ਕੌਰ, ਸਤਵਿੰਦਰ ਕੌਰ, ਸੀਮਾ ਰਾਣੀ, ਗੀਤਾ ਰਾਣੀ, ਆਦਿ ਹਾਜ਼ਰ ਸਨ।

## ਸੇਂਟ ਸੋਲਜਰ ਇੰਸਟੀਚਿਊਟ ਹੋਟਲ ਮੈਨੇਜਮੈਂਟ 'ਚ ਵਿਦਾਇਗੀ ਪਾਰਟੀ



**ਜਲੰਧਰ, (ਇਕਬਾਲ ਸਿੰਘ ਉੱਭੀ)** ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ, ਜਲੰਧਰ ਵਿਖੇ ਫਾਈਨਲ ਈਅਰ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਪ੍ਰਿੰਸੀਪਲ ਡਾ. ਸੰਦੀਪ ਲੋਹਾਨੀ ਨੇ ਵਿਦਿਆਰਥੀਆਂ ਨੂੰ ਸੰਸਥਾ ਵਿੱਚ ਬਿਤਾਏ ਚਾਰ ਸਾਲਾਂ ਦੀ ਮਹੱਤਤਾ ਅਤੇ ਉਨ੍ਹਾਂ ਨੂੰ ਪ੍ਰਾਪਤ ਹੋਈ ਸਿੱਖਿਆ ਦੀ ਭਵਿੱਖ ਵਿੱਚ ਵਰਤੋਂ ਬਾਰੇ ਵਿਸਥਾਰ ਨਾਲ ਦੱਸਿਆ। ਜਿਸ ਵਿੱਚ ਐੱਚ. ਓ. ਡੀ ਮਨੀਸ਼ ਗੁਪਤਾ, ਕੀਰਤੀ ਸ਼ਰਮਾ, ਅਖਿਲ ਕੁਮਾਰ, ਸੌਰਭ ਸ਼ਰਮਾ, ਵਿਕਾਸ ਸ਼ਰਮਾ, ਮੀਨਾਕਸ਼ੀ ਸ਼ਰਮਾ, ਸ਼ੁਭਮ, ਗਗਨ, ਰਮਨ, ਵਿਨੈ, ਰਵੀ ਕੁਮਾਰ ਆਦਿ ਸਟਾਫ਼ ਮੈਂਬਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਪਾਸ ਦਿ ਪਾਰਸਲ, ਡਾਂਸ ਤੇ ਗੀਤ ਤੇ ਹੋਰ ਪੇਸ਼ਕਾਰੀਆਂ ਪੇਸ਼ ਕੀਤੀਆਂ, ਜਿਸ ਵਿੱਚ ਤਨੀਸ਼ਾ, ਪ੍ਰਿਆ, ਸਾਹਿਲ, ਸਰਨਜੋਤ, ਪੀਯੂਸ਼ ਅਵਸਥੀ, ਦੀਕਸ਼ਾ, ਜਸ਼ਨ ਪ੍ਰੀਤ ਆਦਿ ਵਿਦਿਆਰਥੀਆਂ ਨੇ ਮਨਮੋਹਕ ਪੇਸ਼ਕਾਰੀਆਂ ਦੇਖ ਕੇ ਸਾਰਿਆਂ ਦਾ ਦਿਲ ਜਿੱਤ ਲਿਆ। ਅੰਤ ਵਿੱਚ ਪਿਯੂਸ਼ ਅਵਸਥੀ ਨੂੰ ਮਿਸਟਰ ਫੇਅਰਵੈਲ 2024 ਅਤੇ ਦੀਕਸ਼ਾ ਨੂੰ ਮਿਸ ਫੇਅਰਵੈਲ 2024 ਚੁਣਿਆ ਗਿਆ। ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਫਾਈਨਲ ਈਅਰ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਭਵਿੱਖ ਵਿੱਚ ਚੰਗੀ ਸਫਲਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

23-MAY-PAGE-9.qxd 5/22/2024 10:41 PM Page 1



# ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਵੱਲੋਂ ਸਿਵਲ ਹਸਪਤਾਲ ਦੀ ਅਚਨਚੇਤ ਚੈਕਿੰਗ



**ਜਲੰਧਰ (ਸ਼ੈਲੀ ਐਲਬਰਟ)**:- ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ.ਸੀ.) ਦੇ ਮੈਨੇਜਿੰਗ ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ ਆਈ.ਏ.ਐਸ. ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਡਾਇਰੈਕਟਰ ਡਾ. ਅਨਿਲ ਗੋਇਲ ਵੱਲੋਂ ਮੰਗਲਵਾਰ ਨੂੰ ਸਿਵਲ ਹਸਪਤਾਲ ਜਲੰਧਰ ਵਿਖੇ ਅਚਨਚੇਤ ਚੈਕਿੰਗ ਕੀਤੀ ਗਈ। ਸਿਵਲ ਹਸਪਤਾਲ ਦੇ ਵੱਖ-ਵੱਖ ਵਿਭਾਗਾਂ ਦੀ ਚੈਕਿੰਗ ਦੌਰਾਨ ਉਨ੍ਹਾਂ ਨਾਲ ਮੈਡੀਕਲ ਸੁਪਰਡੈਂਟ ਡਾ. ਗੀਤਾ ਕਟਾਰੀਆ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਚੋਪੜਾ, ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਮਨਦੀਪ ਕੌਰ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਜੋਤੀ ਸ਼ਰਮਾ, ਐਸ.ਐਮ.ਓ. ਡਾ. ਵਰਿੰਦਰ ਕੌਰ ਥਿੰਦ, ਡਾ. ਪਰਮਜੀਤ ਸਿੰਘ, ਡਾ. ਸੁਰਜੀਤ ਸਿੰਘ, ਡਾ. ਨੇਹਾ, ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਗੁਰਦੀਪ ਸਿੰਘ, ਕਾਰਜਕਾਰੀ ਇੰਜੀਨਿਅਰ ਸੁਖਚੈਨ ਸਿੰਘ, ਐਸ.ਡੀ.ਓ. ਰਵਿੰਦਰਪਾਲ ਸਿੰਘ ਸੈਣੀ, ਜੇ.ਈ. ਵਿਤਨ ਕੁਮਾਰ ਮੌਜੂਦ ਸਨ । ਵਰਿੰਦਰ ਕੁਮਾਰ ਸ਼ਰਮਾ ਵੱਲੋਂ ਸਿਵਲ ਹਸਪਤਾਲ ਦੇ ਵੱਖ-ਵੱਖ ਵਿਭਾਗਾਂ ਜਿਵੇਂ ਓ.ਪੀ.ਡੀ., ਐਕਸਰੇ ਵਿਭਾਗ, ਅਲਟ੍ਰਾ ਸਾਊਂਡ ਵਿਭਾਗ, ਗਾਇਨੀ ਵਿਭਾਗ, ਮੈਡੀਸਨ ਸਟੋਰ, ਫਾਰਮੇਸੀ ਕਾਊਂਟਰ ਦਾ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਡਾਕਟਰਾਂ ਤੇ ਮਰੀਜਾਂ ਨਾਲ ਗੱਲਬਾਤ ਕੀਤੀ ਗਈ । ਹਸਪਤਾਲ ਦਾ ਦੌਰਾ ਕਰਨ ਉਪਰੰਤ ਉਨ੍ਹਾਂ ਵੱਲੋਂ ਮੈਡੀਕਲ ਸੁਪਰਡੈਂਟ ਦੇ ਦਫ਼ਤਰ ਵਿਖੇ ਸਮੂਹ ਅਧਿਕਾਰੀਆਂ ਤੇ ਸਟਾਫ ਨਾਲ ਮੀਟਿੰਗ ਕੀਤੀ ਗਈ। ਜਿਸ ਦੌਰਾਨ ਉਨ੍ਹਾਂ ਹਦਾਇਤ ਕੀਤੀ ਕਿ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਸਿਵਲ ਹਸਪਤਾਲ ਵਿਖੇ ਐਮਰਜੈਂਸੀ ਸੇਵਾਵਾਂ ਤਿਆਰ-ਬਰ-ਤਿਆਰ ਰੱਖੀਆਂ ਜਾਣ, ਲੂ ਤੋਂ ਬਚਾਅ ਲਈ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਜਾਣ ਅਤੇ ਐਂਬੂਲੈਂਸ ਸੇਵਾਵਾਂ ਦਰੁਸਤ ਰੱਖੀਆਂ ਜਾਣ।

## ਰੁਪਿੰਦਰ ਸਿੰਘ ਚੱਡਾ ਨੂੰ ਸਦਮਾ, ਮਾਤਾ ਦਾ ਦਿਹਾਂਤ



**ਫਿਲੌਰ (ਬੀ ਐਸ ਕੈਨੇਡੀ)**-ਰੁਪਿੰਦਰ ਸਿੰਘ ਚੱਡਾ ਨੂੰ ਉਸ ਸਮੇ ਗਹਿਰਾ ਸਦਮਾ ਲਗਾ ਜਦੋਂ ਉਨਾਂ ਦੀ ਮਾਤਾ ਦਵਿੰਦਰ ਕੌਰ ਚੱਡਾ ਦਾ ਦੇਹਾਂਤ ਹੋ ਗਿਆ। ਉਨਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 23 ਮਈ ਦਿਨ ਵੀਰਵਾਰ ਨੂੰ ਗੁਰਦੁਆਰਾ ਤਖਤਗੜ੍ਹ ਸਾਹਿਬ ਫਿਲੌਰ ਵਿਖੇ 12 ਤੋਂ 1ਵਜੇ ਤੱਕ ਹੋਵੇਗੀ।

# ਬਸਪਾ ਉਮੀਦਵਾਰ ਬਲਵਿੰਦਰ ਕੁਮਾਰ ਐਡਵੋਕੇਟ ਨੂੰ ਸਿੱਕਿਆਂ ਨਾਲ ਤੋਲਿਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** - ਵਿਧਾਨ ਸਭਾ ਹਲਕਾ ਨਕੋਦਰ ਬਲਾਕ ਨੂਰਮਹਿਲ ਨਕੋਦਰ ਰੋਡ ਕਲੋਨੀ ਵਿਖੇ ਲੋਕ ਸਭਾ ਹਲਕਾ ਜ਼ਿਲ੍ਹਾ ਜਲੰਧਰ ਤੋਂ ਬਸਪਾ ਦੇ ਉਮੀਦਵਾਰ ਬਲਵਿੰਦਰ ਕੁਮਾਰ ਐਡਵੋਕੇਟ ਨੂੰ ਤਿਲਕ ਰਾਜ ਦੇ ਪਰਵਾਰ ਵੱਲੋਂ ਸਿੱਕਿਆਂ ਨਾਲ ਤੋਲਿਆ ਗਿਆ। ਉਸ ਉਪਰੰਤ ਹੰਸ ਰਾਜ ਸਿੱਧੂ ਪ੍ਰਧਾਨ ਸਾਬਕਾ ਨਗਰ ਕੌਂਸਲ ਨੂਰਮਹਿਲ ਦੇ ਪਰਵਾਰ ਨੇ 51,000/- ਹਜ਼ਾਰ ਰੁਪਏ ਬਲਵਿੰਦਰ ਕੁਮਾਰ ਐਡਵੋਕੇਟ ਨੂੰ ਪਾਰਟੀ ਫੰਡ ਵੀ ਦਿੱਤਾ ।ਇਸ ਮੌਕੇ ਸੁਮਨ ਕੁਮਾਰੀ ਐਮ.ਸੀ ਨੂਰਮਹਿਲ , ਕੁਲਦੀਪ ਦੀਪਾ ਸ਼ਹਿਰੀ ਪ੍ਰਧਾਨ , ਗੁਰਮੇਲ ਰਾਮ ਚੁੰਬਰ ਬਸਪਾ ਜਰਨਲ ਸਕੱਤਰ ਪੰਜਾਬ , ਦੇਵ ਰਾਜ ਸੁੰਮਨ ਬਸਪਾ ਪ੍ਰਧਾਨ ਵਿਧਾਨ ਸਭਾ ਹਲਕਾ ਨਕੋਦਰ , ਵਲੈਤੀ ਰਾਮ ਐਮ.ਸੀ ਨੂਰਮਹਿਲ , ਜਗਦੀਸ਼ ਸ਼ੇਰਪੁਰੀ ਬਸਪਾ ਪ੍ਰਧਾਨ ਦਿਹਾਤੀ ਜਿਲਾ ਜਲੰਧਰ , ਦਲਵੀਰ ਕਿੱਦੋ ਐਮ.ਸੀ ਬਿਲਗਾ , ਸੁਰਿੰਦਰ ਸਮਰਾ , ਮੰਗਤ ਰਾਮ ਮਿੰਨਟੀ , ਮਲਕੀਤ ਰਾਮ ਚੁੰਬਰ , ਮਾਖਾ ਰਾਮ ਸਿੱਧਮ , ਨਛੱਤਰ ਸਿੰਘ , ਸੁਰਿੰਦਰ ਪਾਲ ਸੁੰਨੜ ਕਲਾਂ , ਮੱਖਣ ਸ਼ੇਰਪੁਰੀ , ਮਲਕੀਤ ਚੁੰਬਰ, ਮਨਪ੍ਰੀਤ ਕੋਟਲਾ , ਪ੍ਰਸ਼ੋਤਮ ਲਾਲ ਕੋਟਲਾ , ਗੌਰਵ ਕੋਟਲਾ , ਨਿੱਕਾ ਪ੍ਰਧਾਨ , ਸ਼ੇਰ ਸੁੰਮਨ , ਮਨਦੀਪ , ਹਨੀ , ਸੰਨਦੀਪ ਸੀਪਾ , ਮੋਹਿਤ ਅਤੇ ਬਸਪਾ ਦੇ ਸੈਂਕੜੇ ਵਰਕਰ ਹਾਜ਼ਰ ਸਨ। ਆਖਿਰ ਕੁਲਦੀਪ ਦੀਪਾ ਬਸਪਾ ਸ਼ਹਿਰੀ ਪ੍ਰਧਾਨ ਤੇ ਤਿਲਕ ਰਾਜ ਵੱਲੋਂ ਬਲਵਿੰਦਰ ਕੁਮਾਰ ਐਡਵੋਕੇਟ , ਗੁਰਮੇਲ ਰਾਮ ਚੁੰਬਰ ਤੇ ਜਗਦੀਸ਼ ਸ਼ੇਰਪੁਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਨੌਟਿੰਘਮ ਟ੍ਰੇਂਟ 'ਵਰਸਿਟੀ ਦੇ ਪ੍ਰੋਫੈਸਰ ਨੇ ਆਈ ਕੇ ਜੀ ਪੀ ਟੀ ਯੂ ਦਾ ਕੀਤਾ ਦੌਰਾ



**ਜਲੰਧਰ (ਸ਼ੈਲੀ ਐਲਬਰਟ)** :- ਨੌਟਿੰਘਮ ਟ੍ਰੇਂਟ ਯੂਨੀਵਰਸਿਟੀ, ਯੂਨਾਈਟਿਡ ਕਿੰਗਡਮ (ਯੂ.ਕੇ.) ਦੇ ਪ੍ਰੋਫੈਸਰ (ਡਾ.) ਅੰਮ੍ਰਿਤਪਾਲ ਸਿੰਘ ਸੱਗੂ ਆਪਣੀ ਭਾਰਤ ਫੇਰੀ ਦੌਰਾਨ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ. ਪੀ.ਟੀ.ਯੂ.) ਦੇ ਮੁੱਖ ਕੈਂਪਸ ਵਿੱਚ ਪਹੁੰਚੇ । ਇੱਥੇ ਉਨ੍ਹਾਂ ਨੇ ਯੂਨੀਵਰਸਿਟੀ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦਾ ਦੌਰਾ ਕੀਤਾ! ਪ੍ਰੋਫੈਸਰ (ਡਾ.) ਅੰਮ੍ਰਿਤਪਾਲ ਸਿੰਘ ਸੱਗੂ ਨੌਟਿੰਘਮ ਟ੍ਰੇਂਟ ਯੂਨੀਵਰਸਿਟੀ ਵਿੱਚ ਉਸਾਰੀ ਪ੍ਰਬੰਧਨ ਅਤੇ ਮਾਤਰਾ ਸਰਵੇਖਣ ਵਿਭਾਗ ਦੇ ਮੁਖੀ ਹਨ । ਉਨ੍ਹਾਂ ਦਾ ਦੌਰਾ ਯੂਨੀਵਰਸਿਟੀ ਦੀ ਅਕਾਦਮਿਕ ਸਮਰੱਥਾ ਨੂੰ ਨੇੜਿਓਂ ਜਾਣਨਾ ਸੀ । ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ.(ਡਾ.) ਸੁਸ਼ੀਲ ਮਿੱਤਲ ਨੇ ਆਈ.ਕੇ.ਜੀ.ਪੀ.ਟੀ.ਯੂ. ਵਿਖੇ ਅੰਤਰਰਾਸ਼ਟਰੀ ਪੱਧਰ ਦੇ ਅਕਾਦਮੀਸ਼ੀਅਨਾਂ ਦੀ ਆਮਦ ਨੂੰ ਇੱਕ ਬਿਹਤਰ ਭਲਕ ਦੀ ਸ਼ੁਰੂਆਤ ਦੱਸਿਆ ਅਤੇ ਇਸ ਉਪਰਾਲੇ ਲਈ ਸਿਵਲ ਇੰਜੀਨੀਅਰਿੰਗ ਵਿਭਾਗ ਦੀ ਸ਼ਲਾਘਾ ਕੀਤੀ । ਰਜਿਸਟਰਾਰ ਡਾ.ਐਸ.ਕੇ ਮਿਸ਼ਰਾ ਨੇ ਨੌਟਿੰਘਮ ਟ੍ਰੇਂਟ ਯੂਨੀਵਰਸਿਟੀ ਦੇ ਪ੍ਰੋਫੈਸਰ ਦੀ ਫੇਰੀ ਨੂੰ ਯੂਨੀਵਰਸਿਟੀ ਦੇ ਫੈਕਲਟੀ ਅਤੇ ਵਿਦਿਆਰਥੀਆਂ ਲਈ ਮਹੱਤਵਪੂਰਨ ਮੰਨਿਆ ਅਤੇ ਕਿਹਾ ਕਿ ਆਈ.ਕੇ.ਜੀ.ਪੀ.ਟੀ.ਯੂ. ਆਪਣੇ ਵਿਦਿਆਰਥੀਆਂ ਤੇ ਫੈਕਲਟੀ ਨੂੰ ਹਰ ਤਰ੍ਹਾਂ ਦਾ ਐਕਸਪੋਜਰ ਦੇਣ ਲਈ ਵਚਨਵੱਧ ਹੈ। ਡੀਨ ਅਕਾਦਮਿਕ ਪ੍ਰੋ (ਡਾ) ਵਿਕਾਸ ਚਾਵਲਾ ਅਤੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਪ੍ਰੋ (ਡਾ) ਰਾਜੀਵ ਚੌਹਾਨ ਨੇ ਪ੍ਰੋਫੈਸਰ (ਡਾ) ਅੰਮ੍ਰਿਤਪਾਲ ਸਿੰਘ ਸੱਗੂ ਦਾ ਆਈਕੇਜੀ ਪੀਟੀਯੂ ਪਹੁੰਚਣ 'ਤੇ ਸਵਾਗਤ ਕੀਤਾ । ਇਸ ਦੌਰਾਨ ਉਨ੍ਹਾਂ ਦੋਵਾਂ ਯੂਨੀਵਰਸਿਟੀਆਂ ਦਰਮਿਆਨ ਖੋਜ ਅਤੇ ਵਿਦਿਆਰਥੀਆਂ ਦੇ ਆਦਾਨ-ਪ੍ਰਦਾਨ ਦੀਆਂ ਸੰਭਾਵਨਾਵਾਂ 'ਤੇ ਚਰਚਾ ਕੀਤੀ। ਪ੍ਰੋ: ਸੱਗੂ ਨੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਉਸਾਰੀ ਪ੍ਰਬੰਧਨ ਅਤੇ ਗੁਣਵੱਤਾ ਸਰਵੇਖਣ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਅੰਤਰਰਾਸ਼ਟਰੀ ਪੱਧਰ 'ਤੇ ਸਿਵਲ ਇੰਜਨੀਅਰਿੰਗ ਵਿੱਚ ਹੋ ਰਹੇ ਬਦਲਾਅ ਅਤੇ ਤਕਨਾਲੋਜੀ ਨੂੰ ਸ਼ਾਮਲ ਕਰਨ ਬਾਰੇ ਵੀ ਦੱਸਿਆ। ਉਨ੍ਹਾਂ ਯੂਨੀਵਰਸਿਟੀ ਦੀਆਂ ਵੱਖ-ਵੱਖ ਲੈਬਾਂ ਦਾ ਦੌਰਾ ਵੀ ਕੀਤਾ । ਇਸ ਮੌਕੇ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ (ਜੀ.ਐਨ.ਈ.), ਲੁਧਿਆਣਾ ਦੇ ਸਿਵਲ ਇੰਜਨੀਅਰਿੰਗ ਵਿਭਾਗ ਤੋਂ ਪ੍ਰੋ.ਐਚ.ਐਸ.ਰਾਏ, ਸੀ.ਜੀ.ਸੀ. ਝੰਜੇੜੀ ਤੋਂ ਡਾ.ਅੰਸ਼ੂ ਤੋਮਰ, ਆਈ.ਕੇ.ਜੀ.ਪੀ.ਟੀ.ਯੂ. ਦੇ ਫੈਕਲਟੀ ਮੈਂਬਰ ਡਾ. ਸੰਜੀਵ ਬਾਂਸਲ, ਡਾ. ਸੰਜੇ ਗੋਇਲ, ਇੰਜੀਨੀਅਰ ਅਨੂੰ , ਇੰਜੀਨੀਅਰ ਮੋਹਿਤ ਤਲਵਾੜ ਆਦਿ ਹਾਜ਼ਰ ਸਨ ।

# ਸਰਕਾਰੀ ਕਾਲਜ ਪੋਜੇਵਾਲ 'ਚ ਗ੍ਰੀਨ ਇਲੈਕਸ਼ਨ ਅਧੀਨ ਪੌਦੇ ਲਗਾਏ



**ਨਵਾਂਸ਼ਹਿਰ (ਮਨੋਜ ਲਾਡੀ)**-ਲੋਕ ਸਭਾ ਚੋਣਾਂ ਦੀ ਤਿਆਰੀ ਲਈ ਮੁੱਖ ਚੋਣ ਅਫਸਰ ਪੰਜਾਬ ਦੇ ਹੁਕਮਾਂ, ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ- ਨੋਡਲ ਅਫਸਰ ਸਵੀਪ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਦੇ ਸਹਾਇਕ ਸਵੀਪ ਨੋਡਲ ਅਫਸਰ ਸਤਨਾਮ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਬੀ. ਐਲ. ਐਮ. ਗਰਲਜ਼ ਕਾਲਜ ਨਵਾਂਸ਼ਹਿਰ ਤੋਂ ਰਾਜਨੀਤੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਅਤੇ ਕੰਪਿਊਟਰ ਫੈਕਲਟੀ ਉਂਕਾਰ ਸਿੰਘ ਵਲੋਂ ਐਮ ਬੀ ਜੀ ਸਰਕਾਰੀ ਕਾਲਜ ਪੋਜੇਵਾਲ ਦੇ ਪ੍ਰਿੰਸੀਪਲ ਗੁਰਿੰਦਰਜੀਤ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਲੋਕ ਸਭਾ ਚੋਣਾਂ ਸੰਬੰਧੀ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਨੂੰ ਸਾਡਾ ਮਿਸ਼ਨ-ਗ੍ਰੀਨ ਇਲੈਕਸ਼ਨ ਵਜੋਂ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਪਰਵਾਰਕ ਮੈਂਬਰਾਂ, ਆਂਢ-ਗੁਆਂਢ, ਰਿਸ਼ਤੇਦਾਰਾਂ ਅਤੇ ਗਲੀ-ਮੁਹੱਲੇ ਦੇ ਵੋਟਰਾਂ ਨੂੰ ਜਾਗਰੂਕ ਕਰਨ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪਹਿਲੀ ਜੂਨ ਨੂੰ ਲੋਕਤੰਤਰ ਦੇ ਮਹਾਂਉਤਸਵ ਮੌਕੇ ਉਹ ਵੋਟ ਪਾਉਣ ਤੋਂ ਪਹਿਲਾਂ ਜਾਂ ਬਾਅਦ ਇੱਕ-ਇੱਕ ਪੌਦਾ ਲਗਾਉਣ ਲਈ ਪ੍ਰੇਰਿਤ ਕਰਨ ਅਤੇ ਉਹ ਖੁਦ ਵੀ ਇੱਕ-ਇੱਕ ਪੌਦਾ ਜ਼ਰੂਰ ਲਗਾਉਣ ।ਇਸ ਇਲੈਕਸ਼ਨ ਦੌਰਾਨ ਪਲਾਸਟਿਕ ਜਾਂ ਪਲਾਸਟਿਕ ਤੋਂ ਬਣੇ ਪਦਾਰਥਾਂ ਦੀ ਵਰਤੋਂ ਨੂੰ ਵੀ ਘੱਟ ਤੋਂ ਘੱਟ ਕਰਨਾ, ਕਣਕ ਜਾਂ ਪਰਾਲੀ ਦੇ ਨਾੜ ਨੂੰ ਅੱਗ ਲਾਉਣਾ ਬੰਦ ਕਰਨਾ, ਹਵਾ ਪਾਣੀ ਮਿੱਟੀ ਦੀ ਸੰਭਾਲ਼ ਕਰਨਾ ਅਤੇ ਆਰਗੈਨਿਕ ਅਤੇ ਜੈਵਿਕ ਖਾਦਾਂ ਨੂੰ ਵਰਤੋਂ ਵਿੱਚ ਲਿਆਉਣ ਨੂੰ ਯਕੀਨੀ ਬਣਾਉਣ ਲਈ ਵੀ ਵਿਚਾਰ ਚਰਚਾ ਕੀਤੀ ਗਈ।ਇਲੈਕਸ਼ਨ 2024 ਦਾ ਮੁੱਖ ਸਲੋਗਨ ਸਾਡੀ ਵੋਟ ਹਰੀ ਭਰੀ ਵੋਟ ਰੱਖਿਆ ਗਿਆ ਹੈ ਜਿਸ ਬਾਰੇ ਸਮੂਹ ਵਿਦਿਆਰਥਣਾਂ ਅਤੇ ਸਟਾਫ ਨੂੰ ਜਾਣੂੰ ਕਰਵਾਇਆ ਗਿਆ।ਇਲੈਕਟੋਰਲ ਲਿਟਰੇਸੀ ਕਲੱਬ ਦੇ ਨੋਡਲ ਅਫਸਰ ਰਾਜਵਿੰਦਰ ਕੌਰ ਨੇ ਆਏ ਹੋਏ ਮੁੱਖ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥਣਾਂ ਨੂੰ ਹਰ ਇੱਕ ਵੋਟ ਪੋਲ ਕਰਵਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਉਂਕਾਰ ਸਿੰਘ, ਪ੍ਰੋ. ਅਸ਼ਵਨੀ ਕੁਮਾਰ, ਪ੍ਰੋ. ਜਸਵੀਰ ਸਿੰਘ, ਪ੍ਰੋ ਮੀਨਾਕਸ਼ੀ ਸ਼ਰਮਾ, ਪ੍ਰੋ. ਰਜਵਿੰਦਰ ਕੌਰ, ਪ੍ਰੋ. ਸਵਿਤਾ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਰਾਜੀਵ ਕੁਮਾਰ, ਪ੍ਰੋ. ਨੀਲਮ, ਪ੍ਰੋ. ਪਵਨ ਕਮੁਾਰ, ਪ੍ਰੋ. ਸਪਨਾ ਕਟਾਰੀਆ ਆਦਿ ਹਾਜ਼ਰ ਸਨ।

# ਕਮਿਸ਼ਨਰ ਵੱਲੋਂ ਪਾਰਕ ਮੇਨਟੇਨੈਂਸ ਕਮੇਟੀਆਂ ਦੇ ਪ੍ਰਧਾਨਾਂ ਨਾਲ ਵਿਸ਼ੇਸ਼ ਮੀਟਿੰਗ



**ਫਗਵਾੜਾ (ਜਸਵਿੰਦਰ ਢੱਡਾ)**- ਨਗਰ ਨਿਗਮ ਫਗਵਾੜਾ ਦੇ ਕਮਿਸ਼ਨਰ ਅਨੁਪਮ ਕਲੇਰ ਵੱਲੋਂ ਫਗਵਾੜਾ ਸ਼ਹਿਰ ਅੰਦਰ ਵਿੱਢੀ ਗਈ ਸਫਾਈ ਮੁਹਿੰਮ ਦੀ ਲਗਾਤਾਰਤਾ ਵਿੱਚ ਅੱਜ ਨਗਰ ਨਿਗਮ ਦੇ ਮੀਟਿੰਗ ਵਿੱਚ ਫਗਵਾੜਾ ਸ਼ਹਿਰ ਦੀਆਂ ਵੱਖ—ਵੱਖ ਪਾਰਕ ਮੇਨਟੇਨੈਂਸ ਕਮੇਟੀਆਂ ਦੇ ਪ੍ਰਧਾਨ ਸਾਹਿਬਾਨਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਸ੍ਰੀਮਤੀ ਕਲੇਰ ਨੇ ਦੱਸਿਆ ਕਿ ਸ਼ਹਿਰ ਦੀ ਸੁੰਦਰਤਾ ਅਤੇ ਸ਼ਹਿਰ ਨੂੰ ਹਰਾ—ਭਰਾ ਰੱਖਣ ਲਈ ਪਾਰਕ ਮੇਨਟੇਨੈਂਸ ਕਮੇਟੀਆਂ ਦਾ ਅਹਿਮ ਰੋਲ ਹੁੰਦਾ ਹੈ। ਮੀਟਿੰਗ ਵਿੱਚ ਉਨ੍ਹਾਂ ਸਮੂਹ ਹਾਜ਼ਰ ਆਏ ਪ੍ਰਧਾਨ ਸਾਹਿਬਾਨਾਂ ਨੂੰ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਸੁਣਿਆ ਅਤੇ ਸਮੱਸਿਆਵਾਂ ਦੇ ਯੋਗ ਹੱਲ ਲਈ ਨਿਗਮ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਦਿਸ਼ਾ—ਨਿਰਦੇਸ਼ ਜਾਰੀ ਕੀਤੇ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਉਠਾਈਆਂ ਗਈਆਂ ਸਮੱਸਿਆਵਾਂ ਦੇ ਹੱਲ ਲਈ ਨਗਰ ਨਿਗਮ ਪਹਿਲ ਦੇ ਆਧਾਰ 'ਤੇ ਕੰਮ ਕਰੇਗਾ। ਕਲੇਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਨਾ ਅਤੇ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਹੋਰ ਬੇਹਤਰ ਬਣਾਉਣ ਲਈ ਨਗਰ ਨਿਗਮ ਪ੍ਰਸ਼ਾਸਨ ਵਚਨਬੱਧ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਆਪਣੇ ਬੱਚਿਆਂ ਸਮੇਤ ਆਪਣੇ ਨਜ਼ਦੀਕੀ ਪਾਰਕਾਂ ਵਿੱਚ ਸਵੇਰੇ—ਸ਼ਾਮ ਜ਼ਰੂਰ ਵਿਜ਼ਿਟ ਕੀਤਾ ਜਾਵੇ ਅਤੇ ਪਾਰਕਾਂ ਦੀ ਸਾਫ—ਸਫਾਈ ਲਈ ਨਿਗਮ ਪ੍ਰਸ਼ਾਸਨ ਦਾ ਸਹਿਯੋਗ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਨਗਰ ਨਿਗਮ ਦੇ ਜੁਆਇੰਟ ਕਮਿਸ਼ਨਰ ਕੁਲਪ੍ਰੀਤ ਸਿੰਘ, ਨਿਗਰਾਨ ਇੰਜੀਨੀਅਰ ਰਜਿੰਦਰ ਚੋਪੜਾ, ਐਕਸੀਅਨ ਬਲਵਿੰਦਰ ਸਿੰਘ, ਐਮ.ਆਈ.ਐਸ. ਸੰਨੀ ਗੁਪਤਾ ਹਾਜ਼ਰ ਸਨ। ਇਸ ਮੀਟਿੰਗ ਵਿੱਚ ਹਾਜ਼ਰ ਆਏ ਫਗਵਾੜਾ ਸ਼ਹਿਰ ਦੇ ਵੱਖ—ਵੱਖ ਪਾਰਕਸ ਮੇਨਟੇਨੈਂਸ ਕਮੇਟੀ ਦੇ ਪ੍ਰਧਾਨ ਸਾਹਿਬਾਨਾਂ ਨੇ ਇਕਸੁਰ ਵਿੱਚ ਕਲੇਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਮੁੱਖ ਮੰਤਰੀ ਭਗਵੰਤ ਮਾਨ ਦੇ ਰੋਡ ਸ਼ੋ ਫਿਲੌਰ, ਨਕੋਦਰ, ਜਲੰਧਰ ਕੈਂਟ ਤੇ ਆਦਮਪੁਰ 'ਚ ਅੱਜ



**ਜਲੰਧਰ (ਸ਼ੈਲੀ ਐਲਬਰਟ)**-ਗੁਰਿੰਦਰ ਸਿੰਘ ਸ਼ੇਰਗਿਲ ਜਨਰਲ ਸਕੱਤਰ ਜਲੰਧਰ ਸ਼ਹਿਰੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ 23 ਤਰੀਕ ਨੂੰ ਜਲੰਧਰ ਫੇਰੀ 'ਤੇ ਰਹਿਣਗੇ। ਇਸ ਦੌਰਾਨ ਉਹ ਜਲੰਧਰ ਲੋਕ ਸਭਾ ਦੇ ਹਲਕਾ ਫਿਲੌਰ, ਨਕੋਦਰ, ਜਲੰਧਰ ਕੈਂਟ ਅਤੇ ਆਦਮਪੁਰ ਵਿੱਚ ਲੋਕ ਸਭਾ ਉਮੀਦਵਾਰ ਪਵਨ ਕੁਮਾਰ ਟੀਨੂ ਦੇ ਹੱਕ ਵਿੱਚ ਰੋਡ ਸ਼ੋ ਕਰਨਗੇ। ਇਸ ਨੂੰ ਲੈ ਕੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ।

## ਬਲਾਕ ਪ੍ਰਧਾਨ ਰਜਿੰਦਰ ਸੰਧੂ ਸਾਥੀਆਂ ਸਮੇਤ ਕਾਂਗਰਸ ਪਾਰਟੀ 'ਚ ਸ਼ਾਮਲ

ਫਿਲੌਰ (ਨਿਰਮਲ)- ਆਪ ਪਾਰਟੀ ਦੇ ਸੀਨੀਅਰ ਆਗੂ ਬਲਾਕ ਪ੍ਰਧਾਨ ਰਜਿੰਦਰ ਸੰਧੂ ਮੰਗਲਵਾਰ ਇੱਕ ਸਮਾਰੋਹ ਵਿੱਚ ਆਪਣੇ ਸੈਂਕੜੇ ਸਾਥੀਆਂ ਨਾਲ ਆਪ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਕਿਹਾ ਕਿ ਸਾਡੀ ਆਮ ਆਦਮੀ ਪਾਰਟੀ ਵਿੱਚ ਕੋਈ ਸੁਣਵਾਈ ਨਹੀਂ ਹੋ ਰਹੀ ਸੀ ਤੇ ਦੋਸ਼ ਲਾਉਂਦਿਆਂ ਕਿਹਾ ਕਿ ਜਿਹੜੇ ਮੁੱਦਿਆਂ 'ਤੇ ਇਹ ਪਾਰਟੀ ਸੱਤਾ ਵਿੱਚ ਆਈ ਸੀ ਉਹ ਮੁੱਦੇ ਬੇਬੁਨਿਆਦ ਨਿਕਲੇ ਹਨ। ਅਸੀਂ ਪਾਰਟੀ ਦੇ ਫਾਊਂਡਰ ਮੈਂਬਰ ਸੀ, ਸਾਡੀ ਕੋਈ ਪੁੱਛਗਿੱਛ ਨਹੀਂ ਰਹੀ। ਨਾ ਹੀ ਇਲਾਕਾ ਨਿਵਾਸੀਆਂ ਦੇ ਕੰਮ ਹੋ ਰਹੇ ਸਨ। ਇਨ੍ਹਾਂ ਕਾਰਨ ਆਪਣੀ ਪਾਰਟੀ ਛੱਡ ਰਹੇ ਹਾਂ ਅਤੇ ਕਾਂਗਰਸ ਪਾਰਟੀ ਦੇ ਆਗੂ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਰਹੇ ਹਾਂ। ਇਸ ਮੌਕੇ ਕਾਂਗਰਸ ਪਾਰਟੀ ਦੇ ਹਲਕਾ ਜਲੰਧਰ ਤੋਂ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪਾਰਟੀ ਵਿੱਚ ਸ਼ਾਮਲ ਹੋਏ ਵਰਕਰਾਂ ਤੇ ਆਗੂਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਨ੍ਹਾਂ ਨੂੰ ਕਾਂਗਰਸ ਪਾਰਟੀ ਬਣਦਾ ਮਾਣ ਸਤਿਕਾਰ ਦੇਵੇਗੀ। ਇਸ ਮੌਕੇ ਹਲਕਾ ਫਿਲੌਰ ਦੀ ਸਮੂਹ ਕਾਂਗਰਸ ਪਾਰਟੀ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

## ਵੋਟਿੰਗ ਮਸ਼ੀਨਾਂ ਦੀ ਕਮਿਸ਼ਨਿੰਗ ਸੰਬੰਧੀ ਮਾਸਟਰ ਟ੍ਰੇਨਰਾਂ ਨੂੰ ਸਿਖ਼ਲਾਈ



**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ 'ਚ ਲੋਕ ਸਭਾ ਚੋਣਾਂ ਦੌਰਾਨ 1 ਜੂਨ ਨੂੰ ਮਤਦਾਨ ਲਈ ਵਰਤੀਆਂ ਜਾਣ ਵਾਲੀਆਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਅਤੇ ਵੀ.ਵੀ.ਪੈਟਸ ਦੀ ਕਮਿਸ਼ਨਿੰਗ ਸਬੰਧੀ ਮੰਗਲਵਾਰ ਨੂੰ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਧਾਨ ਸਭਾ ਪੱਧਰੀ ਮਾਸਟਰ ਟ੍ਰੇਨਰਾਂ ਲਈ ਸਿਖ਼ਲਾਈ ਸੈਸ਼ਨ ਕਰਵਾਇਆ ਗਿਆ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਵਿਧਾਨ ਸਭਾ ਪੱਧਰ 'ਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਅਤੇ ਵੀ.ਵੀ.ਪੈਟਸ ਦੀ ਕਮਿਸ਼ਨਿੰਗ ਕੀਤੀ ਜਾਣੀ ਹੈ, ਜਿਸ ਸਬੰਧੀ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਅੱਜ ਵਿਧਾਨ ਸਭਾ ਪੱਧਰੀ ਮਾਸਟਰ ਟ੍ਰੇਨਰਾਂ ਨੂੰ ਸਿਖ਼ਲਾਈ ਦਿੱਤੀ ਗਈ ਹੈ ਤਾਂ ਜੋ ਵੋਟਿੰਗ ਮਸ਼ੀਨਾਂ ਦੀ ਤਿਆਰੀ ਸਮੇਂ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਦੱਸਿਆ ਕਿ ਬੂਥਵਾਰ ਵੰਡ ਲਈ ਵੋਟਿੰਗ ਮਸ਼ੀਨਾਂ ਦੀ ਦੂਜੀ ਰੈਂਡਮਾਈਜ਼ੇਸ਼ਨ ਕੀਤੀ ਜਾ ਚੁੱਕੀ ਹੈ, ਜਿਸ ਤੋਂ ਬਾਅਦ ਹੁਣ 23 ਤੇ 24 ਮਈ ਨੂੰ ਵਿਧਾਨ ਸਭਾ ਪੱਧਰ 'ਤੇ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਵੋਟਿੰਗ ਮਸ਼ੀਨਾਂ ਦੀ ਕਮਿਸ਼ਨਿੰਗ ਦੀ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਿਆ ਜਾਵੇਗਾ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 1951 ਪੋਲਿੰਗ ਬੂਥ ਬਣਾਏ ਗਏ ਹਨ, ਜਿਥੇ ਜ਼ਿਲ੍ਹੇ ਦੇ 1654005 ਵੋਟਰ ਆਪਣੀ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰ ਸਕਣਗੇ। ਇਸ ਮੌਕੇ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰ, ਵਿਧਾਨ ਸਭਾ ਪੱਧਰੀ ਮਾਸਟਰ, ਚੋਣ ਕਾਨੂੰਨਗੋ ਆਦਿ ਵੀ ਮੌਜੂਦ ਸਨ।

# ਵੋਟ ਸਾਡਾ ਸੰਵਿਧਾਨਕ ਹੱਕ : ਸੰਜੀਵ ਅਰੋੜਾ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤ ਵਿਕਾਸ ਪਰਿਸ਼ਦ ਦੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਹੇਠ ਕਮਾਲਪੁਰ ਵਿਖੇ ਹੋਈ। ਜਿਸ ਵਿੱਚ ਭਾਰੀ ਗਿਣਤੀ ਵਿੱਚ ਸੰਸਥਾ ਦੇ ਮੈਂਬਰਾਂ ਅਤੇ ਮੁਹੱਲਾ ਵਾਸੀਆਂ ਦੇ ਨਾਲ-ਨਾਲ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਸਹਾਇਕ ਸਵੀਪ ਨੋਡਲ ਅਧਿਕਾਰੀ ਸੰਦੀਪ ਕੁਮਾਰ ਸੂਦ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਸੰਜੀਵ ਅਰੋੜਾ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨਾ ਸਾਡੀ ਸਭ ਦੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਵੋਟ ਦਾ ਅਧਿਕਾਰ ਸਾਡਾ ਸੰਵਿਧਾਨਕ ਅਧਿਕਾਰ ਹੈ। ਇਸ ਦੀ ਮਹੱਤਤਾ ਨੂੰ ਪਹਿਚਾਨਦੇ ਹੋਏ ਸਾਨੂੰ ਦੂਸਰੇ ਲੋਕਾਂ ਨੂੰ ਵੀ 1 ਜੂਨ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਕੱਲ੍ਹ ਗਰਮੀ ਦਾ ਮੌਸਮ ਹੈ, ਇਸ ਲਈ ਸਾਨੂੰ ਸਵੇਰੇ-ਸਵੇਰੇ ਜਲਦੀ ਵੋਟਾਂ ਪਾਉਣ ਦਾ ਯਤਨ ਕਰਨਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਜਿਹੜੇ ਲੋਕ ਪਹਿਲੀ ਵਾਰੀ ਵੋਟ ਪਾਉਣ ਜਾ ਰਹੇ ਹਨ ਉਨ੍ਹਾਂ ਨੂੰ ਬੂਥ 'ਤੇ ਸ਼ਲਾਘਾ ਪੱਤਰ ਵੀ ਦਿੱਤਾ ਜਾਵੇਗਾ। ਇਸ ਗੱਲ ਦਾ ਯਤਨ ਕਰਨਾ ਚਾਹੀਦਾ ਹੈ ਕਿ ਪੂਰਾ ਪਰਵਾਰ ਇੱਕੋ ਵਾਰੀ ਵੋਟ ਪਾਉਣ ਜਾਵੇ, ਕਿਉਂਕਿ ਕਈ ਵਾਰ ਜਦੋਂ ਕੋਈ ਪਰਵਾਰ ਦਾ ਮੈਂਬਰ ਬਾਅਦ ਵਿੱਚ ਵੋਟ ਪਾਉਣ ਦੀ ਗੱਲ ਕਰਦਾ ਹੈ ਤਾਂ ਉਹ ਵੋਟ ਪਾਉਣ ਨਹੀਂ ਜਾ ਪਾਉਂਦਾ ਜਿਸ ਕਰਕੇ ਵੋਟਾਂ ਦਾ ਪ੍ਰਤੀਸ਼ਤ ਘਟ ਜਾਂਦਾ ਹੈ। ਇਸ ਮੌਕੇ ਤੇ ਸਹਾਇਕ ਸਵੀਪ ਨੋਡਲ ਅਧਿਕਾਰੀ ਸੰਦੀਪ ਕੁਮਾਰ ਸੂਦ ਨੇ ਕਿਹਾ ਕਿ ਸਾਰੇ ਲੋਕਾਂ ਦੇ ਸਹਿਯੋਗ ਨਾਲ ਜ਼ਿਆਦਾ ਤੋਂ ਜ਼ਿਆਦਾ ਵੋਟਾਂ ਪੈ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਵਰਗ, ਮਾਤਾਵਾਂ ਅਤੇ ਬਜ਼ੁਰਗਾਂ ਅਤੇ ਹੋਰ ਲੋਕਾਂ ਨੂੰ ਵੱਧ ਚੜ੍ਹ ਕੇ ਵੋਟਾਂ ਪਾਉਣ 'ਚ ਹਿੱਸਾ ਲੈਣਾ ਚਾਹੀਦਾ ਹੈ।

ਇਸ ਮੌਕੇ ਸੰਸਥਾ ਦੇ ਸਕੱਤਰ ਰਜਿੰਦਰ ਮੋਦਗਿਲ ਨੇ ਕਿਹਾ ਕਿ ਵੋਟ ਪਾਉਣਾ ਸਾਡੀ ਪਹਿਲੀ ਜ਼ਿੰਮੇਵਾਰੀ ਹੈ। ਇਸ ਮੌਕੇ ਰਵਿੰਦਰ ਭਾਟੀਆ, ਨਵੀਨ ਕੋਹਲੀ, ਟਿੰਕੂ ਨਰੂਲਾ, ਰਾਜਕੁਮਾਰ ਮਲਿਕ, ਜਗਦੀਸ਼ ਅਗਰਵਾਲ, ਰਮੇਸ਼ ਭਾਟੀਆ, ਦਵਿੰਦਰ ਅਰੋੜਾ, ਅਸ਼ੋਕ, ਵਿਨੋਦ ਪਸਾਨ, ਅਰਜੁਨ ਲਲਿਤ, ਨੀਲਮ ਲਲਿਤ, ਕਮਲੇਸ਼ ਨਈਅਰ, ਸੁਨੀਤਾ ਚੋਪੜਾ, ਮਨੀਸ਼ਾ, ਪਿੰਕੀ, ਸੋਮਾ ਰਾਣੀ ਆਦਿ ਵੀ ਮੌਜੂਦ ਸਨ।

# 'ਅਸੀਂ ਰੁੱਖ ਲਾਵਾਂਗੇ ਤੁਸੀਂ ਵੋਟ ਕਰੋ ਦਾ ਦਿੱਤਾ ਸੁਨੇਹਾ'

**ਐਸ.ਏ.ਐਸ.ਨਗਰ, (ਕ੍ਰਿਸ਼ਨ ਗਰਗ)** ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਵਿਚ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਜਰਨਲ ਅਬਜ਼ਰਵਰ ਡਾ. ਹੀਰਾ ਲਾਲ ਦੇ ਯਤਨਾਂ ਸਦਕਾ ਨਵੀਂ ਪਹਿਲ ਕਰਦੇ ਹੋਏ ਮਜ਼ਬੂਤ ਲੋਕਤੰਤਰ ਦੇ ਨਾਲ ਨਾਲ ਵਾਤਾਵਰਣ ਦੀ ਸ਼ੁੱਧਤਾ ਅਤੇ ਆਲਮੀ ਤਪਸ਼ ਨੂੰ ਘਟਾਉਣ ਲਈ ਯਤਨ ਕੀਤੇ ਜਾ ਰਹੇ ਹਨ। ਲੋਕਤੰਤਰ ਦੇ ਇਸ ਮਹਾਂ ਤਿਉਹਾਰ ਨੂੰ ਮਨਾਉਣ ਲਈ ਜ਼ਿਲ੍ਹੇ ਦੀਆਂ ਵਿਦਿਅਕ ਸੰਸਥਾਵਾਂ ਵਿੱਚ ਤਿਉਹਾਰ ਵਰਗਾ ਮਾਹੌਲ ਹੈ, ਨਾਲ ਹੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਹਰਿਆ ਭਰਿਆ ਅਤੇ ਪਲਾਸਟਿਕ ਮੁਕਤ ਕਰਨ ਦਾ ਸੁਨੇਹਾ ਵੀ ਦਿੱਤਾ ਜਾ ਰਿਹਾ ਹੈ। ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਜਿਲੇ ਵਿਚ 569 ਸਰਕਾਰੀ ਅਤੇ ਜਨਤਕ ਖੇਤਰ ਦੇ ਸਕੂਲ ਹਨ ਜਿਹਨਾਂ ਵਿੱਚ ਪੜਦੇ 2,82 679 ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸ਼ੁੱਧਤਾ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ ਅਤੇ ਸਾਡੀ ਸੋਚ ਅਸੀਂ ਲਗਾਵਾਂਗੇ ਰੁੱਖ, ਮਾਪੇ ਪਾਉਣਗੇ ਵੋਟ ਦਾ ਪ੍ਰਣ ਕੀਤਾ ਅਤੇ ਪਲਾਸਟਿਕ ਮੁਕਤ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਲਈ ਯਤਨ ਕਰਨ ਦਾ ਵਾਅਦਾ ਕੀਤਾ। ਪ੍ਰੋ ਅੰਟਾਲ ਨੇ ਦੱਸਿਆ ਕਿ ਇਸੇ ਤਰ੍ਹਾਂ ਜ਼ਿਲ੍ਹੇ ਦੇ ਸਮੂਹ ਉਚ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਨਵੇਕਲੇ ਕਰਮ ਕਰਨ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਖੋਜ ਪਰਚੇ ਲਿਖਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਸਰਕਾਰੀ ਬਹੁਤਕਨੀਕੀ ਕਾਲਜ ਖੂਨੀਮਾਜਰਾ, ਸਰਕਾਰੀ ਆਈ ਟੀ ਆਈ ਲਾਲੜੂ ਅਤੇ ਵੱਖ ਵੱਖ ਸਕੂਲਾਂ ਵਿੱਚ 500 ਪੌਦੇ ਲਗਾਏ ਗਏ। ਇਸ ਮੁਹਿੰਮ ਵਿਚ ਡਿਪਟੀ ਡਾਇਰੈਕਟਰ ਬਾਗਬਾਨੀ ਜਗਦੀਸ਼ ਸਿੰਘ, ਜ਼ਿਲ੍ਹਾ ਸਿਖਿਆ ਅਫਸਰ ਸਤਨਾਮ ਸਿੰਘ ਬਾਠ, ਪ੍ਰਿੰਸੀਪਲ ਸਰਕਾਰੀ ਬਹੁਤਕਨੀਕੀ ਕਾਲਜ ਖੂਨੀਮਾਜਰਾ ਰਾਜੀਵ ਪੁਰੀ, ਪ੍ਰਿੰਸੀਪਲ ਆਈ ਟੀ ਆਈ ਲਾਲੜੂ ਹਰਵਿੰਦਰ ਸਿੰਘ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ ਤਹਿਤ ਹੀਟ ਵੇਵ ਨੂੰ ਦੇਖਦੇ ਹੋਏ ਵੋਟਰਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ।

## ਸਕੂਲ ਖੁੱਲ੍ਹੇ ਰੱਖਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਲਿਆ ਸਖਤ ਨੋਟਿਸ

**ਨਵਾਂਸ਼ਹਿਰ (ਮਨੋਜ ਲਾਡੀ)**-ਵਧ ਰਹੇ ਤਾਪਮਾਨ ਕਾਰਨ ਸਰਕਾਰੀ/ ਅਰਧ ਸਰਕਾਰੀ/ ਪ੍ਰਾਈਵੇਟ/ ਏਡਿਡ/ ਅਨਏਡਿਡ ਸਕੂਲਾਂ ਵਿੱਚ ਛੁੱਟੀਆਂ ਕਰਨ ਦੇ ਬਾਵਜੂਦ ਸਕੂਲ ਖੁੱਲ੍ਹੇ ਰੱਖਣ 'ਤੇ ਸਖਤ ਨੋਟਿਸ ਲੈਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਤਿੰਨ ਪ੍ਰਾਈਵੇਟ ਸਕੂਲਾਂ ਨੂੰ ਸਪਸ਼ਟੀਕਰਨ ਦੇਣ ਸਬੰਧੀ ਨੋਟਿਸ ਜਾਰੀ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ( ਸੈ ਸਿੱ) ਅਰਚਨਾ ਅਗਰਵਾਲ ਨੇ ਦੱਸਿਆ ਕਿ ਅੱਤ ਦੀ ਪੈ ਰਹੀ ਗਰਮੀ ਦੇ ਕਾਰਨ ਰਾਜ ਦੇ ਸਾਰੇ ਸਰਕਾਰੀ/ ਅਰਧ ਸਰਕਾਰੀ/ ਪ੍ਰਾਈਵੇਟ/ ਏਡਿਡ / ਅਨਏਡਿਡ ਸਕੂਲਾਂ ਵਿੱਚ 21 ਮਈ ਤੋਂ ਬੱਚਿਆਂ ਨੂੰ ਛੁੱਟੀਆਂ ਅਤੇ ਸਕੂਲ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਦੇ ਬਾਵਜੂਦ ਇਹ ਸ਼ਿਕਾਇਤ ਮਿਲੀ ਸੀ ਕਿ ਸਕਾਲਰ ਪਬਲਿਕ ਸਕੂਲ ਲਧਾਣਾ ਝਿੱਕਾ, ਸਤਲੁਜ ਪਬਲਿਕ ਸਕੂਲ ਬੰਗਾ ਅਤੇ ਭਗਵਾਨ ਮਹਾਂਵੀਰ ਪਬਲਿਕ ਸਕੂਲ ਬੰਗਾ ਤਿੰਨ ਪ੍ਰਾਈਵੇਟ ਸਕੂਲ ਖੋਲ੍ਹੇ ਗਏ ਹਨ ਜੋ ਕਿ ਸਰਕਾਰੀ ਹੁਕਮਾਂ ਦੀ ਘੋਰ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਗਰਮੀ ਵਧਣ ਦੇ ਨਾਲ ਬੱਚਿਆਂ ਦੀ ਸਿਹਤ 'ਤੇ ਮਾੜਾ ਅਸਰ ਪੈ ਸਕਦਾ ਹੈ। ਇਸ ਦਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਖਤ ਨੋਟਿਸ ਲਿਆ ਗਿਆ ਹੈ ਅਤੇ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ ਨੂੰ ਨੋਟਿਸ ਜਾਰੀ ਕਰਕੇ ਆਪਣਾ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ।ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਗਰਮੀ ਵਧਣ ਦੇ ਕਾਰਨ ਬੱਚਿਆਂ ਨੂੰ ਸਿਹਤ ਸੰਭਾਲ ਦੀ ਜ਼ਿਆਦਾ ਜ਼ਰੂਰਤ ਪੈਂਦੀ ਹੈ। ਸਿਹਤ ਸੰਭਾਲ ਸਬੰਧੀ ਪਹਿਲਾਂ ਹੀ ਸਿਹਤ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਸਪਸ਼ਟੀਕਰਨ ਮਿਲਣ ਉਪਰੰਤ ਉਕਤ ਪ੍ਰਾਈਵੇਟ ਸਕੂਲਾਂ ਦੇ ਖਿਲਾਫ ਸਖਤ ਬਣਦੀ ਕਾਰਵਾਈ ਕੀਤੀ ਜਾਵੇਗੀ।

# 36ਵਾਂ ਸਾਲਾਨਾ ਜੋੜ ਮੇਲਾ ਅੱਜ ਤੇ ਭਲਕੇ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਦੁਰਗਾਪੁਰ ਕੁਲਾਮ ਵਿਖੇ ਪੀਰ ਦਰਬਾਰ ਮੀਆਂ ਪੱਤਣ ਸ਼ਾਹ ਜੀ ਫਲਾਹੀ ਵਾਲੇ 'ਤੇ 36ਵਾਂ ਸਾਲਾਨਾ ਜੋੜ ਮੇਲਾ 23 ਤੇ 24 ਮਈ ਨੂੰ ਮਨਾਇਆ ਜਾ ਰਿਹਾ ਹੈ। ਮੇਲੇ ਦੀ ਸ਼ੁਰੂਆਤ ਦਰਬਾਰ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕਰ ਕੇ ਕੀਤੀ ਜਾਵੇਗੀ। ਮਨੀ, ਲਵਪ੍ਰੀਤ, ਸੁਖਜੀਤ ਸੁੱਖਾ, ਹਰਸਦੀਪ, ਜਸਤੇਜ, ਓਮ ਪ੍ਰਕਾਸ਼ ਸਲਹਣ , ਬਾਬਾ ਸੋਢੀ ਸਿੰਘ, ਗੁਰਚਰਨ ਸਿੰਘ, ਮਨਪ੍ਰੀਤ ਸਲਹਣ, ਗਗਨ, ਸਾਗਰ ਦੁੱਗਲ ਨੇ ਕਿਹਾ ਕਿ ਵੀਰਵਾਰ ਨੂੰ ਛਿੰਜ ਮੇਲਾ, ਸ਼ੁੱਕਰਵਾਰ ਨੂੰ ਘੋੜੇ ਅਤੇ ਘੋੜੀਆਂ ਦੀਆਂ ਰੇਵੀਆ ਚਾਲਾਂ ਕਰਵਾਈਆਂ ਜਾ ਰਹੀਆਂ ਹਨ। ਗਾਇਕ ਅਤੇ ਕੱਵਾਲ ਸੂਫੀ ਵਿਸ਼ਾਲ ,ਇਸ਼ੂ ਨਕਾਲ ਪਾਰਟੀ ਵੱਲੋਂ ਕੱਵਾਲੀਆਂ ਪੇਸ਼ ਕੀਤੀਆਂ ਜਾਣਗੀਆਂ।

# ਸਿਹਤ ਵਿਭਾਗ ਦੇ ਡਾਇਰੈਕਟਰ ਵੱਲੋਂ ਹਸਪਤਾਲ ਦਾ ਦੌਰਾ



**ਡੇਰਾਬੱਸੀ ,(ਕ੍ਰਿਸ਼ਨ ਗਰਗ)** ਸਿਹਤ ਅਤੇ ਪਰਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਹਿਤਿੰਦਰ ਕੌਰ ਨੇ ਡੇਰਾਬੱਸੀ ਦੇ ਸਬ-ਡਵੀਜ਼ਨਲ ਹਸਪਤਾਲ ਦਾ ਅਚਨਚੇਤ ਦੌਰਾ ਕੀਤਾ ਅਤੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਲੂ ਨਾਲ ਸਬੰਧਤ ਬੀਮਾਰੀਆਂ ਨਾਲ ਸਿੱਝਣ ਲਈ ਹਸਪਤਾਲ ਵਿਚ ਕੀਤੇ ਗਏ ਪ੍ਰਬੰਧਾਂ ਅਤੇ ਤਿਆਰੀਆਂ ਦਾ ਵਿਸ਼ੇਸ਼ ਨਿਰੀਖਣ ਕੀਤਾ ਅਤੇ ਜ਼ਰੂਰੀ ਹਦਾਇਤਾਂ ਵੀ ਦਿੱਤੀਆਂ। ਉਨ੍ਹਾਂ ਹਸਪਤਾਲ ਵਿਚ ਬੈੱਡਾਂ, ਦਵਾਈਆਂ, ਪਾਣੀ, ਪੱਖਿਆਂ, ਕੂਲਰਾਂ ਆਦਿ ਦੀ ਉਪਲਭਧਤਾ ਬਾਰੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਲਈ। ਡਾਇਰੈਕਟਰ ਨੇ ਲੋਕ ਸਭਾ ਚੋਣਾਂ ਦੇ ਸਨਮੁੱਖ ਮੈਡੀਕਲ ਪ੍ਰਬੰਧਾਂ ਅਤੇ ਸਟਾਫ਼ ਦੀ ਡਿਊਟੀ ਆਦਿ ਬਾਰੇ ਵੀ ਜਾਣਕਾਰੀ ਲਈ।ਉਨ੍ਹਾਂ ਮਰੀਜ਼ਾਂ ਨੂੰ ਮੁਫ਼ਤ ਦਿਤੀਆਂ ਜਾਣ ਵਾਲੀਆਂ ਦਵਾਈਆਂ ਦੀ ਉਪਲਭਧਤਾ ਅਤੇ ਮੈਡੀਕਲ ਸਾਜ਼ੋ-ਸਮਾਨ ਬਾਰੇ ਵਿਸਥਾਰ 'ਚ ਜਾਣਿਆ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਡਾਕਟਰ ਦੁਆਰਾ ਮਰੀਜ਼ ਦੀ ਪਰਚੀ ਉਤੇ ਲਿਖੀ ਗਈ ਹਰ ਦਵਾਈ ਹਸਪਤਾਲ ਵਿਚੋਂ ਹੀ ਮਿਲਣੀ ਚਾਹੀਦੀ ਹੈ। ਉਨ੍ਹਾਂ ਨੇ ਓ.ਪੀ.ਡੀ., ਐਮਰਜੈਂਸੀ ਵਾਰਡ, ਲੇਬਰ ਵਾਰਡ ਵਿਚ ਫੇਰੀ ਪਾਈ ਅਤੇ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ।ਉਨ੍ਹਾਂ ਸਮੁੱਚੇ ਸਟਾਫ਼ ਦੀ ਹਾਜ਼ਰੀ ਵੀ ਚੈੱਕ ਕੀਤੀ ਅਤੇ ਮੁਲਾਜ਼ਮਾਂ ਨੂੰ ਆਪੋ-ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਸਮਰਪਿਤ ਭਾਵਨਾ ਨਾਲ ਕਰਨ ਲਈ ਆਖਿਆ। ਉਨ੍ਹਾਂ ਹਸਪਤਾਲ ਵਿਚ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਅਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ ਅਤੇ ਸਮੁੱਚੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਕਰਨ ਲਈ ਆਖਿਆ। ਉਨ੍ਹਾਂ ਨਾਲ ਸਿਵਲ ਸਰਜਨ ਡਾ. ਦਵਿੰਦਰ ਕੁਮਾਰ, ਸਹਾਇਕ ਡਾਇਰੈਕਟਰ ਡਾ. ਭਾਸਕਰ, ਐਸ.ਐਮ.ਓ. ਡਾ. ਧਰਮਿੰਦਰ ਸਿੰਘ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਨਜਾਇਜ਼ ਸ਼ਰਾਬ ਦੀਆਂ 120 ਬੋਤਲਾਂ ਸਮੇਤ 2 ਵਿਅਕਤੀ ਕਾਬੂ

**ਨਵਾਂਸ਼ਹਿਰ, (ਮਨੋਜ ਲਾਡੀ)** - ਮੰਗਲਵਾਰ ਨਵਾਂਸ਼ਹਿਰ ਥਾਣਾ ਸਿਟੀ ਦੀ ਪੁਲਸ ਨੇ ਘਰ ਵਿਚ ਰੱਖੀ ਵੱਖ-ਵੱਖ ਮਾਰਕਾ ਦੀਆਂ ਨਜਾਇਜ਼ ਸ਼ਰਾਬ ਦੀਆਂ 120 ਬੋਤਲਾਂ ਸਮੇਤ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਏ.ਐਸ.ਆਈ. ਸਤਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਨਵਾਂਸ਼ਹਿਰ ਦੇ ਅੰਬੇਡਕਰ ਚੌਕ ਵਿਚ ਮੌਜੂਦ ਸੀ ਤਾਂ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਚੈਕਿੰਗ ਦੌਰਾਨ ਥਾਣਾ ਮਾਹਿਲ ਖੁਰਦ ਵਾਸੀ ਅਮਨਦੀਪ ਸਿੰਘ ਥਾਣਾ ਸਦਰ ਬੰਗਾ ਅਤੇ ਬਲਵੀਰ ਰਾਮ ਵਾਸੀ ਗੜ੍ਹਸ਼ੰਕਰ ਰੋਡ ਨਵਾਂਸ਼ਹਿਰ, ਜੋ ਕਿ ਨਾਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦੇ ਹਨ ਅਤੇ ਉਕਤ ਬਲਵੀਰ ਰਾਮ ਦੇ ਘਰ ਵੱਖ-ਵੱਖ ਮਾਰਕਾ ਦੀ ਵੱਡੀ ਮਾਤਰਾ 'ਚ ਨਾਜਾਇਜ਼ ਸ਼ਰਾਬ ਰੱਖੀ ਹੋਈ ਹੈ।ਅੱਜ ਦੋਵੇਂ ਵਿਅਕਤੀ ਗੜ੍ਹਸ਼ੰਕਰ ਰੋਡ ਨਵਾਂਸ਼ਹਿਰ ਤੋਂ ਅੰਬੇਡਕਰ ਚੌਕ ਵੱਲ ਸਕੂਟਰ 'ਤੇ ਨਾਜਾਇਜ਼ ਸ਼ਰਾਬ ਵੇਚਣ ਦੀ ਨੀਅਤ ਨਾਲ ਆ ਰਹੇ ਹਨ। ਜਾਂਚ ਅਧਿਕਾਰੀ ਏ.ਐਸ.ਆਈ. ਸਤਨਾਮ ਸਿੰਘ ਨੇ ਦੱਸਿਆ ਕਿ ਉਕਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਮੁਲਜ਼ਮਾਂ ਦੇ ਸਕੂਟਰ ਅਤੇ ਘਰ ਵਿੱਚੋਂ ਵੱਖ-ਵੱਖ ਮਾਰਕਾ ਦੀਆਂ 120 ਬੋਤਲਾਂ ਸ਼ਰਾਬ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ । ਏ.ਐਸ.ਆਈ. ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਖਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਵੋਟ ਪਾਉਣ ਦੇ ਹੱਕ ਦਾ ਇਸਤੇਮਾਲ ਜ਼ਰੂਰ ਕਰਨਾ ਚਾਹੀਦੈ-ਮਾਰਸ਼ਲ




**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਸਰ ਮਾਰਸ਼ਲ ਸਕੂਲ ਐਜੂਕੇਸ਼ਨ ਸੋਸਾਇਟੀ ਵੱਲੋਂ ਚਲਾਏ ਜਾ ਰਹੇ ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਸਕੂਲ ਦੇ ਵਿਦਿਆਰਥੀਆਂ ਨੂੰ ਭਾਰਤੀ ਲੋਕਤੰਤਰ ਤੇ ਵੋਟਿੰਗ ਸਿਸਟਮ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਸਰ ਮਾਰਸ਼ਲ ਸਕੂਲ ਐਜੂਕੇਸ਼ਨ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਤੇ ਪ੍ਰਿੰਸੀਪਲ ਕਮਲਪ੍ਰੀਤ ਸਿੰਘ ਦੀ ਅਗਵਾਈ ਵਿੱਚ ਸਕੂਲ ਦੇ ਅਧਿਆਪਕਾਂ ਨੇ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੂੰ ਦੱਸਿਆ ਕਿ ਭਾਰਤੀ ਸੰਵਿਧਾਨ ਤੇ ਨਿਰਮਾਤਾ ਬਾਬਾ ਸਾਹਿਬ ਡਾ. ਬੀ.ਆਰ ਅੰਬੇਡਕਰ ਨੇ ਸਾਨੂੰ ਵੋਟ ਪਾਉਣ ਦੇ ਹੱਕ ਦਾ ਇਸਤੇਮਾਲ ਕਰਨ ਦਾ ਅਧਿਕਾਰ ਦਿੱਤਾ ਹੈ ਅਤੇ ਭਾਰਤ ਵਿੱਚ ਵੋਟਿੰਗ ਪ੍ਰਣਾਲੀ ਰਾਹੀਂ ਅਸੀਂ ਸਾਰੇ ਲੋਕ ਤਾਂਤਰਿਕ ਤਰੀਕੇ ਨਾਲ ਸਰਕਾਰ ਦਾ ਗਠਨ ਕਰਦੇ ਹਾਂ।ਸੰਸਥਾ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਸਾਨੂੰ ਆਪਣੇ ਸੰਵਿਧਾਨਿਕ ਹੱਕ ਦੀ ਵਰਤੋਂ ਕਰਦੇ ਹੋਏ ਆਪਣੀ ਵੋਟ ਪਾਉਣ ਦਾ ਇਸਤੇਮਾਲ ਹਰ ਹਾਲਤ ਵਿੱਚ ਕਰਨਾ ਚਾਹੀਦਾ ਹੈ ।ਸਾਨੂੰ ਆਪਣੇ ਦਿਲ ਦੀ ਆਵਾਜ਼ ਦੇ ਅਨੁਸਾਰ ਆਪਣੇ ਲੋਕਤੰਤਰਿਕ ਹੱਕ ਦਾ ਇਸਤੇਮਾਲ ਕਰਨਾ ਚਾਹੀਦਾ ਹੈ । ਵਾਈਸ ਪ੍ਰਿੰਸੀਪਲ ਮੈਡਮ ਕੁਨਿਕਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਆਪਣੇ ਵੋਟ ਪਾਉਣ ਦੇ ਹੱਕ ਦਾ ਇਸਤੇਮਾਲ ਜ਼ਰੂਰ ਕਰਨਾ ਚਾਹੀਦਾ ਹੈ । ਇਸ ਮੌਕੇ ਮੈਡਮ ਗਗਨਪ੍ਰੀਤ ਕੌਰ, ਸੰਦੀਪ ਕੌਰ, ਸੁਖਲਿੰਦਰਪਾਲ ਸਿੰਘ, ਭਾਵਨਾ, ਬਲਦੇਵ ਸਿੰਘ, ਅਮਨਪ੍ਰੀਤ ਕੌਰ ਆਦਿ ਤੋਂ ਇਲਾਵਾ ਸਕੂਲ ਦਾ ਹੋਰ ਸਟਾਫ ਵੀ ਮੌਜੂਦ ਸੀ।

## ਪੀ ਸੀ ਐਮ ਐਸ ਡੀ ਕਾਲਜ 'ਚ ਸਨਮਾਨ ਸਮਾਰੋਹ ਕਰਵਾਇਆ




**ਜਲੰਧਰ ( ਇਕਬਾਲ ਸਿੰਘ ਉੱਭੀ)**-ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਵਿਖੇ ਪੀਜੀ ਡਿਪਾਰਟਮੈਂਟ ਆਫ ਕਮਰਸਨ ਮੈਨੇਜਮੈਂਟ ਨੇ ਕਾਮਰਸ ਕਲੱਬ ਲਈ ਸਨਮਾਨ ਸਮਾਰੋਹ ਕਰਵਾਇਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ ਅਤੇ ਕਾਮਰਸ ਵਿਭਾਗ ਲਈ ਸਾਲ ਭਰ ਦੀ ਲਗਨ ਲਈ ਟਰਾਫੀਆਂ ਅਤੇ ਸਰਟੀਫਿਕੇਟ ਦਿੱਤੇ। 57 ਵਿਦਿਆਰਥੀਆਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਮਾਨਤਾ ਦਿੱਤੀ ਗਈ ਅਤੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਵੱਖ-ਵੱਖ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਅਤੇ ਵਿਭਾਗ ਦਾ ਨਾਂਅ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਵੀ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਨੇ ਆਪਣੇ ਸੰਬੋਧਨ ਵਿਚ ਕਾਲਜ ਦੁਆਰਾ ਪੈਦਾ ਕੀਤੀਆਂ ਕਦਰਾਂ ਕੀਮਤਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਇਨ੍ਹਾਂ ਕਦਰਾਂ-ਕੀਮਤਾਂ ਨੂੰ ਯਾਦ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕੀ ਕਮੇਟੀ ਦੇ ਮੈਂਬਰਾਂ, ਪ੍ਰਿੰਸੀਪਲ ਅਤੇ ਵਿਭਾਗ ਦੀ ਮੁਖੀ ਸ੍ਰੀਮਤੀ ਅਲਕਾ ਸਰਮਾ ਨੇ ਕਾਮਰਸ ਕਲੱਬ ਦੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਉਪਰਾਲੇ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਲਈ ਉਨ੍ਹਾਂ ਦੀ ਤਾਰੀਫ ਕੀਤੀ।

# ਲੋਕ ਸਭਾ ਹਲਕੇ 'ਚ ਨੈਸ਼ਨਲ ਪੱਧਰ ਦਾ ਖੇਡ ਕੰਪਲੈਕਸ ਬਣਾਇਆ ਜਾਵੇਗਾ : ਚੰਦੂਮਾਜਰਾ



**ਸ੍ਰੀ ਚਮਕੌਰ ਸਾਹਿਬ,( ਗੁਰਵਿੰਦਰਪਾਲ ਸਿੰਘ ਬੌਬੀ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਹਲਕਾ ਆਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਹਲਕਾ ਨਜ਼ਦੀਕੀ ਪਿੰਡ ਕਮਾਲਪੁਰ, ਸਾਤਪੁਰ ਅਤੇ ਚਮਕੌਰ ਸਾਹਿਬ ਵਿਖੇ ਕਮਲ ਪੈਲੇਸ ਵਿਚ ਭਰਵੀਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਲਕੇ ਅੰਦਰ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਕੰਪਲੈਕਸ ਬਣਾਇਆ ਜਾਵੇਗਾ ਤਾਂ ਜੋ ਕਿ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਧਿਆਨ ਦੇਣ ।ਇਸ ਤੋਂ ਪਹਿਲਾਂ ਚਮਕੌਰ ਸਾਹਿਬ ਵਿਖੇ ਯੁਵਾ ਮੋਰਚਾ ਕਾਂਗਰਸ ਦੇ ਆਗੂ ਸੋਨੂੰ ਖਾਨ ਅਤੇ ਆਮ ਆਦਮੀ ਪਾਰਟੀ ਤੋਂ ਲਖਵਿੰਦਰ ਸਿੰਘ ਚੂਹੜ ਮਾਜਰਾ ਆਪਣੇ ਸਾਥੀਆਂ ਸਮੇਤ ਅਤੇ ਹਲਕੇ ਦੇ ਦਰਜਨਾਂ ਪਰਵਾਰਾਂ ਅਤੇ ਨੌਜਵਾਨ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜਿਆ। ਪ੍ਰੋ. ਚੰਦੂਮਾਜਰਾ ਨੇ ਆਖਿਆ ਕਿ ਕਾਂਗਰਸ ਅਤੇ ਆਪ ਪਾਰਟੀ ਦੀਆਂ ਵਧੀਕੀਆਂ ਤੋਂ ਤੰਗ ਆਏ ਚਮਕੌਰ ਸਾਹਿਬ ਹਲਕੇ ਦੇ ਦਰਜਨਾਂ ਪਰਵਾਰਾਂ ਅਤੇ ਨੌਜਵਾਨਾਂ ਨੇ ਹਮੇਸ਼ਾ ਲਈ ਇਨ੍ਹਾਂ ਪਾਰਟੀਆਂ ਨੂੰ ਅਲਵਿਦਾ ਆਖ ਦਿੱਤਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਹਲਕੇ 'ਚ ਖੇਡ ਸਟੇਡੀਅਮ ਅਤੇ ਸਪੋਰਟਸ ਕੰਪਲੈਕਸਾਂ ਦਾ ਹੋਣ ਬਹੁਤ ਜ਼ਰੂਰੀ ਹੈ। ਪ੍ਰੋ. ਚੰਦੂਮਾਜਰਾ ਨੇ ਦੱਸਿਆ ਕਿ ਉਹ ਚੋਣ ਜਿੱਤਣ 'ਤੇ ਹਲਕੇ ਵਿੱਚ ਖੇਡਾਂ ਦਾ ਮਿਆਰ ਉੱਚ ਚੁੱਕਣ ਲਈ ਸਪੋਰਟਸ ਕੰਪਲੈਕਸ ਬਣਾਉਣ ਨੂੰ ਪਹਿਲੀ ਤਰਜੀਹ ਦੇਣਗੇ । ਉਨ੍ਹਾਂ ਕਿਹਾ ਕਿ ਇੱਥੋਂ ਚੋਣ ਜਿੱਤ ਕੇ ਵੀ ਉਮੀਦਵਾਰਾਂ ਨੇ ਹਲਕੇ ਦਾ ਕੁਝ ਵੀ ਸਵਾਰਿਆ । ਇਸ ਮੌਕੇ ਹਲਕਾ ਇੰਚਾਰਜ ਕਰਨ ਸਿੰਘ ਡੀ ਟੀ ਓ, ਸੀਨੀਅਰ ਆਗੂ ਅਮਨਦੀਪ ਸਿੰਘ ਮਾਂਗਟ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਬਾਈ ਪਰਮਿੰਦਰ ਸਿੰਘ ਸੇਖੋਂ, ਮੋਹਨਜੀਤ ਸਿੰਘ, ਸੂਬਾ ਆਗੂ ਬਲਦੇਵ ਸਿੰਘ ਹਾਫਿਜ਼ਾਬਾਦ , ਲਖਵੀਰ ਸਿੰਘ ਲੱਖੀ, ਗੁਰਦੀਪ ਸਿੰਘ ਭਲਵਾਨ, ਪ੍ਰਗਟ ਸਿੰਘ ਅਤੇ ਗੁਰਮੀਤ ਸਿੰਘ ਆਦਿ ਹਾਜ਼ਰ ਸਨ ।

# ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਬੰਗਾ ਵਿਖੇ ਚੋਣ ਦਫਤਰ ਖੋਲ੍ਹਿਆ



**ਬੰਗਾ (ਅਵਤਾਰ ਕਲੇਰ)** ਸ੍ਰੀ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਪਣੀਆਂ ਚੋਣ ਸਰਗਰਮੀਆਂ ਨੂੰ ਤੇਜ ਕਰਨ ਲਈ ਬੰਗਾ ਵਿਖੇ ਚੋਣ ਦਫਤਰ ਖੋਲਿਆ ਗਿਆ। ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਹੀ ਜਿੱਤਣਗੇ। ਪੰਜਾਬ ਵਾਸੀਆਂ ਨੇ ਵਿਧਾਨ ਸਭਾ ਚੋਣਾਂ ਵਿੱਚ ਬਦਲਾਅ ਲਈ ਵੱਡੀ ਗਿਣਤੀ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਇਆ। ਪਰ ਹੁਣ ਆਪ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਕਿਉਂਕਿ ਇਹ ਸਰਕਾਰ ਨੇ ਲੋਕਾਂ ਨੂੰ ਸਿਰਫ ਲਾਰੇ ਹੀ ਲਾਏ ਹਨ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਸਾਰੇ ਦੇਸ਼ ਅੰਦਰ ਹੌਲੀ ਹੌਲੀ ਖਤਮ ਹੋ ਰਹੀ ਹੈ। ਲੋਕ ਇਹਨਾਂ ਦੀਆਂ ਚਾਲਾਂ ਨੂੰ ਸਮਝ ਚੁੱਕੇ ਹਨ। ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨੇ ਸਾਰੇ ਪਾਰਟੀ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਖਦੀਪ ਸਿੰਘ ਸ਼ੁਕਾਰ, ਜਥੇਦਾਰ ਸੰਤੋਖ ਸਿੰਘ ਮੱਲ੍ਹਾ,ਕੁਲਵਿੰਦਰ ਸਿੰਘ ਢਾਹਾਂ, ਸੋਹਣ ਲਾਲ ਢੰਡਾ, ਧਰਮਿੰਦਰ ਸਿੰਘ ਨੰਬਰਦਾਰ ਮੰਢਾਲੀ, ਰਵਿੰਦਰ ਸਿੰਘ ਨੰਬਰਦਾਰ ਮੇਹਲੀ , ਕਮਲਜੀਤ ਸਿੰਘ ਮੇਹਲੀ ਆਦਿ ਹਾਜ਼ਰ ਸਨ।

## ਸੰਤ ਬਾਬਾ ਅਮਰਦਾਸ ਢੱਕੀ ਵਾਲਿਆਂ ਦੀ ਸਾਲਾਨਾ ਬਰਸੀ 28 ਨੂੰ



ਬੰਗਾ (ਅਵਤਾਰ ਕਲੇਰ) ਸੰਤ ਬਾਬਾ ਅਮਰਦਾਸ ਢੱਕੀ ਵਾਲਿਆਂ ਦਾ ਸਾਲਾਨਾ 67ਵਾਂ ਬਰਸੀ ਸਮਾਗਮ 28 ਮਈ ਨੂੰ ਤਪ ਅਸਥਾਨ ਅਮਰਪੁਰੀ ਪਿੰਡ ਚੱਕ ਕਲਾਲ ਵਿਖੇ ਡੇਰੇ ਦੇ ਗੱਦੀਨਸ਼ੀਨ ਸੰਤ ਸੁਖਦੇਵ ਸਿੰਘ ਦੀ ਰਹਿਨੁਮਾਈ, ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸੰਤ ਸੁਖਦੇਵ ਸਿੰਘ ਨੇ ਦੱਸਿਆ ਕਿ 26 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭ ਹੋਣਗੇ ਅਤੇ 28 ਮਈ ਨੂੰ ਭੋਗ ਪਾਏ ਜਾਣਗੇ।

ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ ਅਤੇ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕਰਨਗੇ।

## ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੁਲਸ ਪ੍ਰਸ਼ਾਸਨ ਨੇ ਫਲੈਗ ਮਾਰਚ ਕੱਢਿਆ



**ਭੁਲੱਥ, (ਮਨਪ੍ਰੀਤ ਸਿੰਘ)**-ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹਲਕੇ ਅੰਦਰ ਅਮਨ ਸ਼ਾਂਤੀ ਬਣਾਈ ਰੱਖਣ ਲਈ ਸਬ ਡਵੀਜ਼ਨ ਭੁਲੱਥ ਪੁਲਸ ਪ੍ਰਸ਼ਾਸਨ ਵਲੋਂ ਡੀ.ਐਸ.ਪੀ. ਸੁਰਿੰਦਰ ਪਾਲ ਧੋਗੜੀ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ। ਜਿਸ ਵਿਚ ਪੰਜਾਬ ਪੁਲਸ ਅਤੇ ਐਸ.ਏ.ਐਫ ਦੇ ਜਵਾਨਾਂ ਨੇ ਭਾਗ ਲਿਆ। ਇਹ ਫਲੈਗ ਮਾਰਚ ਡੀ.ਐਸ.ਪੀ ਦਫਤਰ ਭੁਲੱਥ ਤੋਂ ਸ਼ੁਰੂ ਹੋ ਕੇ ਵੱਖ-ਵੱਖ ਸੜਕਾਂ ਤੇ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਸਮਾਪਤ ਹੋਇਆ । ਇਸ ਮੌਕੇ ਡੀ.ਐਸ.ਪੀ. ਭੁਲੱਥ ਨੇ ਦੱਸਿਆ ਕਿ ਇਹ ਫਲੈਗ ਮਾਰਚ ਆਉਣ ਵਾਲੀਆਂ ਚੋਣਾਂ ਦੇ ਮੁੱਦੇ ਨਜ਼ਰ ਕੱਢਿਆ ਜਾ ਰਿਹਾ ਹੈ ਤੇ ਸੁਰੱਖਿਆ ਦੇ ਮੱਦੇਨਜ਼ਰ ਸਬ ਡਵੀਜਨ ਅੰਦਰ ਐਸ.ਏ.ਐਫ. ਦੇ 90 ਜਵਾਨ ਤਾਇਨਾਤ ਕੀਤੇ ਗਏ ਹਨ, ਜੋ ਕਿ ਚਾਰੇ ਪਾਸੇ ਲਗਾਏ ਗਏ ਨਾਕਿਆਂ ਤੇ ਵਾਹਨਾਂ ਦੀ ਜਾਂਚ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਫਲੈਗ ਮਾਰਚ ਦਾ ਮਕਸਦ ਪਬਲਿਕ ਤੱਕ ਸੁਨੇਹਾ ਪਹੁੰਚਾਉਣਾ ਹੈ ਕਿ ਪੁਲਸ ਲੋਕਾਂ ਦੀ ਸੁਰੱਖਿਆ ਲਈ ਵਚਨਬੱਧ ਹੈ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਨੂੰ ਅਫਵਾਹਾਂ ਤੋਂ ਯਕੀਨ ਨਹੀਂ ਕਰਨਾ ਚਾਹੀਦਾ । ਅਗਰ ਉਨ੍ਹਾਂ ਨੂੰ ਕੋਈ ਵੀ ਸ਼ੱਕੀ ਜਾਂ ਲਾਵਾਰਸ ਵਸਤੂ ਦਿਖਾਈ ਦਿੰਦੀ ਹੈ ਤਾਂ ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ। ਇਸ ਮੌਕੇ ਸਬ ਇੰਸਪੈਕਟਰ ਬਲਜਿੰਦਰ ਸਿੰਘ ਐਸ.ਐਚ.ਓ. ਭੁਲੱਥ, ਦਵਿੰਦਰਬੀਰ ਸਿੰਘ ਚੌਕੀ ਇੰਚਾਰਜ ਨਡਾਲਾ, ਹਰਦੀਪ ਸਿੰਘ ਥਾਣਾ ਮੁਖੀ ਸੁਭਾਨਪੁਰ, ਬਲਦੇਵ ਸਿੰਘ ਗੀਡਰ ਤੇ ਥਾਣਿਆਂ ਦੇ ਪੁਲਸ ਮੁਲਾਜ਼ਮ ਹਾਜ਼ਰ ਸਨ।

# ਮੁੱਖ ਮੰਤਰੀ ਵੱਲੋਂ ਕਾਕਾ ਬਰਾੜ ਦੇ ਹੱਕ 'ਚ ਰੋਡ ਸ਼ੋਅ



**ਮਲੋਟ, (ਗੁਰਮੀਤ ਸਿੰਘ ਮੱਕੜ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਲੋਟ ਦੇ ਰੇਲਵੇ ਪੁਲ਼ ਵਿਖੇ ਜਗਦੀਪ ਸਿੰਘ ਕਾਕਾ ਬਰਾੜ ਦੇ ਨਾਲ ਇਕ ਵੱਡਾ ਰੋਡ ਸ਼ੋਅ ਕਰਕੇ ਲੋਕ ਸਭਾ ਹਲਕਾ ਫਿਰੋਜ਼ਪੁਰ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਵੋਟ ਪਾ ਕੇ ਕਾਕਾ ਬਰਾੜ ਨੂੰ ਵੱਡੀ ਲੀਡ ਨਾਲ ਜਿਤਾਉਣ ਦੀ ਅਪੀਲ ਕੀਤੀ ਗਈ। ਇਸ ਰੋਡ ਸ਼ੋਅ ਵਿੱਚ ਉਨ੍ਹਾਂ ਨਾਲ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ 'ਆਪ' ਆਗੂਆਂ ਅਤੇ ਵਰਕਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ।

ਰੋਡ ਸ਼ੋਅ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋਕਾਂ ਦੇ ਇਕੱਠ ਨੂੰ ਦੇਖਦਿਆਂ ਕਿਹਾ ਕਿ ਉਨ੍ਹਾਂ ਯਕੀਨ ਹੋ ਗਿਆ ਹੈ ਕਿ ਫ਼ੈਸਲਾ ਕਿਸ ਦੇ ਹੱਕ ਵਿਚ ਹੋਣਾ ਇਕ ਜੂਨ ਨੂੰ ਸਿਰਫ਼ ਬਟਨ ਹੀ ਦੱਬਣਾ ਹੈ। ਉਨ੍ਹਾਂ ਆਪਣੇ ਵਿਰੋਧੀ 'ਤੇ ਤੰਜ ਕੱਸਦੇ ਹੋਏ 'ਕਿੱਕਲੀ ਕਲੀਰ ਦੀ' ਸੁਣਾਈ। ਉਨ੍ਹਾਂ ਵੱਲੋਂ ਸਮੂਹ ਆਗੂਆਂ ਅਤੇ ਵਰਕਰਾਂ ਦਾ ਇਸ ਰੋਡ ਸ਼ੋਅ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ 'ਤੇ 'ਆਪ' ਦੇ ਉਮੀਦਵਾਰ ਜਗਦੀਪ ਸਿੰਘ ਕਾਕਾ ਬਰਾੜ ਨੇ ਵੀ ਇਕੱਠ ਨੂੰ ਸੰਬੋਧਨ ਕਰਦੇ ਵੱਧ ਤੋਂ ਵੱਧ ਵੋਟਾਂ ਉਨ੍ਹਾਂ ਦੇ ਹੱਕ ਵਿਚ ਭੁਗਤਣ ਦੀ ਅਪੀਲ ਕੀਤੀ।

## ਆਜ਼ਾਦ ਉਮੀਦਵਾਰ ਬਰਾੜ ਦੀ ਚੋਣ ਮੁਹਿੰਮ ਹੋਈ ਤੇਜ਼

**ਜਗਰਾਉਂ, (ਅਮਿਤ ਖੰਨਾ)** ਪੰਥਕ ਜਥੇਬੰਦੀਆਂ ਦੇ ਸਾਂਝੇ ਆਜ਼ਾਦ ਉਮੀਦਵਾਰ ਕਮਲਜੀਤ ਸਿੰਘ ਬਰਾੜ ਦੀ ਚੋਣ ਮੁਹਿੰਮ ਦਿਨ ਬ ਦਿਨ ਤੇਜ਼ ਹੋ ਰਹੀ ਹੈ ਤੇ ਉਨ੍ਹਾਂ ਨੂੰ ਹਰ ਵਰਗ ਵੱਲੋਂ ਤਕੜਾ ਹੁੰਗਾਰਾ ਮਿਲ ਰਿਹਾ ਹੈ।ਉਨ੍ਹਾਂ ਆਪਣੇ ਚੋਣ ਪ੍ਰਚਾਰ ਦੌਰਾਨ ਪਿੰਡ ਝਾਂਡੇ, ਥਰੀਕੇ, ਦਾਦ, ਠੱਕਰਵਾਲ, ਦੋਲੋਂ ਖੁਰਦ, ਖੇੜੀ, ਲਲਤੋਂ ਖੁਰਦ, ਲਲਤੋਂ, ਬੀਹਲਾ, ਜੱਸੋਵਾਲ ਅਤੇ ਦੋਲੋਂ ਕਲਾਂ ਦਾ ਦੌਰਾ ਕਰਕੇ ਵੋਟਰਾਂ ਨਾਲ ਸੰਪਰਕ ਕੀਤਾ।ਇਸ ਮੌਕੇ ਪਿੰਡ ਵਾਸੀਆਂ ਖਾਸ ਕਰਕੇ ਨੌਜਵਾਨਾਂ ਵੱਲੋਂ ਕਮਲਜੀਤ ਸਿੰਘ ਬਰਾੜ ਦਾ ਭਰਵਾਂ ਸਵਾਗਤ ਕਰਦਿਆਂ ਭਰਪੂਰ ਸਮਰਥਨ ਦੇ ਕੇ ਜਿਤਾਉਣ ਦਾ ਭਰੋਸਾ ਵੀ ਦਿੱਤਾ ਗਿਆ।ਕਮਲਜੀਤ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਰਵਾਇਤੀ ਪਾਰਟੀਆਂ ਆਪਸੀ ਗੰਢ ਤੁੱਪ ਕਰਕੇ ਪੰਜਾਬ ਦੇ ਲੋਕਾਂ ਨੂੰ ਦਰਪੇਸ਼ ਮਸਲਿਆਂ ਨੂੰ ਭੁੱਲ ਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਰਾਜਨੀਤਕ ਖੇਡ ਖੇਡਦਿਆਂ ਨਿੱਜੀ ਹਿੱਤਾਂ ਦੀ ਪੂਰਤੀ ਲਈ ਘਟੀਆ ਸਾਜ਼ਿਸ਼ਾਂ ਰਚ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਦਲਬਦਲੂ ਉਮੀਦਵਾਰ ਰਵਨੀਤ ਸਿੰਘ ਬਿੱਟੂ ਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਰਾਜਾ ਵੜਿੰਗ ਨੂੰ ਲੋਕਾਂ ਤੋਂ ਵੋਟਾਂ ਮੰਗਣ ਦਾ ਕੋਈ ਹੱਕ ਨਹੀਂ, ਕਿਉਂਕਿ ਉਹ ਸਮਾਜਿਕ ਏਕਤਾ ਤੇ ਆਪਸੀ ਭਾਈਚਾਰਕ ਸਾਂਝ ਨੂੰ ਖ਼ਤਮ ਕਰਨ ਵਾਲੀਆਂ ਗੱਲਾਂ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਬਿੱਟੂ ਨੇ ਦਸ ਸਾਲਾਂ ਦੌਰਾਨ ਲੁਧਿਆਣਾ ਦਾ ਕੁੱਝ ਨਹੀਂ ਸੰਵਾਰਿਆ ਤੇ ਹੁਣ ਉਹ ਵੱਡੇ-ਵੱਡੇ ਪ੍ਰੋਜੈਕਟ ਲਿਆਉਣ ਦਾ ਝੂਠਾ ਵਾਅਦਾ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਕਾਂਗਰਸ, ਭਾਜਪਾ ਤੇ ਆਪ ਪਾਰਟੀਆਂ ਨੂੰ ਪੰਜਾਬ, ਪੰਜਾਬੀਆਂ ਤੇ ਪੰਜਾਬੀਅਤ ਦਾ ਕੋਈ ਫ਼ਿਕਰ ਨਹੀਂ ਤੇ ਇਨ੍ਹਾਂ ਵੱਲੋਂ ਹਮੇਸ਼ਾ ਹੀ ਪੰਜਾਬ ਵਿਰੋਧੀ ਨੀਤੀਆਂ ਤੇ ਚੱਲਦਿਆਂ ਪੰਜਾਬ ਦਾ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਨੈਤਿਕ ਨੁਕਸਾਨ ਕੀਤਾ ਗਿਆ ਹੈ।

# ਭੂਮੀ, ਪਾਣੀ, ਹਵਾ ਤੇ ਜੀਵ-ਜੰਤੂਆਂ ਦੀ ਸੰਭਾਲ ਜ਼ਰੂਰੀ : ਸੁਖਦਰਸ਼ਨ ਢਿੱਲੋਂ




**ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ)** ਸੰਤ ਲੌਂਗੋਵਾਲ ਸੋਸ਼ਲ ਵੈਲਫੇਅਰ ਸੁਸਾਇਟੀ ਸੰਗਰੂਰ ਵੱਲੋਂ ਪ੍ਰੇਮ ਸਭਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਨੈਸ਼ਨਲ ਬਾਇਓਡਾਇਵਰਸਟੀ ਅਥਾਰਟੀ ਆਫ ਇੰਡੀਆ ਅਤੇ ਪੰਜਾਬ ਬਾਇਓ ਡਾਈਵਰਸਟੀ ਬੋਰਡ, ਚੰਡੀਗੜ੍ਹ ਦੇ ਸਹਿਯੋਗ ਨਾਲ ਪ੍ਰਿੰਸੀਪਲ ਗੀਤਾ ਰਾਣੀ ਦੀ ਅਗਵਾਈ ਵਿਚ ਜੈਵਿਕ ਵਿਭਿੰਨਤਾ ਸੰਭਾਲ ਦਿਵਸ ਤੇ ਵਾਤਾਵਰਣ ਦਿਵਸ ਨੂੰ ਸਮਰਪਤ ਜਾਗਰੂਕਤਾ ਸਮਾਗਮ ਕਰਾਇਆ ਗਿਆ।ਸਮਾਗਮ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਆਪਣੇ ਆਲੇ ਦੁਆਲੇ ਮੌਜੂਦ ਜੀਵਾਂ ਪ੍ਰਤੀ ਪਿਆਰ ਤੇ ਸੇਵਾ ਦੀ ਭਾਵਨਾ ਪੈਦਾ ਕਰਦੇ ਹੋਏ ਜੈਵਿਕ ਅਨੇਕਤਾ ਨੂੰ ਬਚਾਉਣ, ਸੰਭਾਲਣ ਲਈ ਯਤਨਸ਼ੀਲ ਬਣਾਉਣਾ ਸੀ।ਇਸ ਵਰ੍ਹੇ ਦੇ ਮੁੱਖ ਵਿਸ਼ੇ ਆਓ ਯੋਜਨਾ ਦਾ ਹਿੱਸਾ ਬਣੀਏ ਦੇ ਬੈਨਰ ਹੇਠ ਕਰਾਏ ਵਿਸ਼ਵ ਦੇ ਕੁੱਲ ਜੀਵ ਜੰਤੂਆਂ ਦੀ ਸੁਰੱਖਿਆ ਨੂੰ ਸਮਰਪਤ ਸਮਾਗਮ ਦੌਰਾਨ ਵਿਦਿਆਰਥੀਆਂ ਅਤੇ ਵਲੰਟੀਅਰਾਂ ਨੇ ਜੰਗਲਾਂ, ਧਰਤੀ, ਵਾਤਾਵਰਨ ਤੇ ਵਧ ਰਹੇ ਪ੍ਰਦੂਸ਼ਣ, ਗਲੋਬਲ ਵਾਰਮਿੰਗ, ਰੁੱਖਾਂ ਦੀ ਕਟਾਈ, ਖੇਤੀ ਦੀ ਰਹਿੰਦ-ਖੂੰਹਦ ਨੂੰ ਅੱਗਾਂ ਵਰਗੇ ਮਹੱਤਵਪੂਰਨ ਵਿਸ਼ਿਆਂ ਤੇ ਆਪਣੇ ਵਿਚਾਰ, ਗੀਤ, ਕਵਿਤਾਵਾਂ ਪੇਸ਼ ਕਰਕੇ ਸੰਸਾਰ ਵਿੱਚ ਹਰ ਇੱਕ ਜੀਵ, ਜੰਤੂ, ਪੌਦਿਆਂ ਦੀ ਸੰਭਾਲ ਬਾਰੇ ਚਾਨਣਾ ਪਾਇਆ। ਇਸ ਮੌਕੇ ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ ਨੇ ਜੈਵਿਕ ਵਿਭਿੰਨਤਾ ਦੀ ਗੱਲ ਕਰਦਿਆਂ ਹਵਾ, ਪਾਣੀ ਤੇ ਭੂਮੀ ਨੂੰ ਸੰਭਾਲਣ ਦੀ ਲੋੜ 'ਤੇ ਜ਼ੋਰ ਦਿੱਤਾ।ਵਿਗਿਆਨਕ ਚੇਤਨਾ ਲਹਿਰ ਨਾਲ ਜੁੜੇ ਵਾਤਾਵਰਨ ਪ੍ਰੇਮੀ ਕੁਲਵੰਤ ਸਿੰਘ ਕਸਕ ਨੇ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਰਹਿੰਦੇ ਜੀਵ ਜੰਤੂਆਂ ਬੂਟਿਆਂ ਨੂੰ ਨੇੜਿਓਂ ਦੇਖਣ ਲਈ ਪ੍ਰੇਰਿਤ ਕੀਤਾ।ਸੁਸਾਇਟੀ ਦੇ ਪ੍ਰਧਾਨ ਪਰਮਿੰਦਰ ਕੁਮਾਰ ਲੌਂਗੋਵਾਲ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਜੈਵਿਕ ਵਿਭਿੰਨਤਾ ਦੀ ਸੰਭਾਲ ਸਮੇਂ ਦੀ ਮੁੱਖ ਲੋੜ ਹੈ। ਵਿਦਿਆਰਥੀਆਂ ਦੇ ਰੁਬਰੂ ਹੁੰਦਿਆਂ ਸਰਬਜੀਤ ਸਿੰਘ ਲੱਡੀ ਨੇ ਵਿਦਿਆਰਥੀਆਂ ਨੂੰ ਪੰਛੀਆਂ, ਮਿੱਤਰ ਕੀਟਾ, ਪੌਦਿਆਂ ਵੱਲੋਂ ਮਨੁੱਖੀ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਨ ਬਾਰੇ ਦੱਸਦਿਆਂ ਇਹਨਾਂ ਦੇ ਨੇੜੇ ਹੋ ਕੇ ਸੇਵਾ ਕਰਨ ਲਈ ਪ੍ਰੇਰਤ ਕੀਤਾ।ਸਮੂਹ ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਗਰਮੀ ਦੇ ਮੌਸਮ ਵਿੱਚ ਪੰਛੀਆਂ ਲਈ ਪਾਣੀ ਦਾ ਪ੍ਰਬੰਧ ਕਰਨ ਲਈ ਪ੍ਰੇਰਿਤ ਕੀਤਾ।

ਸਮਾਗਮ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਸਲੋਗਨਾਂ ਨਾਲ ਜੈਵਿਕ ਵਿਭਿੰਨਤਾ ਬਾਰੇ ਜਾਗਰੂਕ ਕਰਨ ਦਾ ਯਤਨ ਕੀਤਾ।ਸਮਾਗਮ ਦੌਰਾਨ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਮਿੱਟੀ ਦੇ ਭਾਂਡੇ ਤੇ ਆਲਣਿਆਂ ਦੀ ਵੰਡ ਕਰਦਿਆਂ ਪ੍ਰਿੰਸੀਪਲ ਗੀਤਾ ਰਾਣੀ ਨੇ ਕਿਹਾ ਕਿ ਸਾਨੂੰ ਆਪਣੇ ਮਨ ਅੰਦਰ ਜੀਵ ਜੰਤੂਆਂ ਪ੍ਰਤੀ ਹਮਦਰਦੀ ਰੱਖਣੀ ਚਾਹੀਦੀ ਹੈ ਤੇ ਵਾਤਾਵਰਣ, ਜੈਵਿਕ ਵਿਭਿੰਨਤਾ ਦੀ ਸੰਭਾਲ ਲਈ ਹਰ ਵੇਲੇ ਯਤਨਸ਼ੀਲ ਰਹਿਣਾ ਚਾਹੀਦਾ ਹੈ।

## ਕਾਤਰਾਂ

### ਹਲਕਾ ਸ਼ੁਤਰਾਣਾ ਦੇ ਅਕਾਲੀ ਵਰਕਰਾਂ ਵੱਲੋਂ ਇਕਜੁਟਤਾ ਦਾ ਪ੍ਰਗਟਾਵਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਲੋਕ ਸਭਾ ਹਲਕਾ ਪਟਿਆਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਦੀ ਚੋਣ ਮੁਹਿੰਮ ਨੂੰ ਤੇਜ਼ ਕਰਨ ਦੇ ਮਕਸਦ ਨਾਲ ਦਲ ਦੇ ਵਰਕਰਾਂ ਦੀ ਮੀਟਿੰਗ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਹੋਈ।ਮੀਟਿੰਗ ਦੌਰਾਨ ਚੋਣ ਮੁਹਿੰਮ ਨੂੰ ਤੇਜ਼ ਕਰਨ ਸੰਬੰਧੀ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਦੌਰਾਨ ਹਲਕਾ ਇੰਚਾਰਜ ਬਾਬੂ ਕਬੀਰ ਦਾਸ ਨੇ ਪਿੰਡ ਸ਼ੁਤਰਾਣਾ ਦੇ ਕੁੱਝ ਨਰਾਜ਼ ਅਕਾਲੀ ਆਗੂਆਂ ਨੂੰ ਆਪਣੇ ਨਾਲ ਤੋਰਨ ਵਿੱਚ ਸਫ਼ਲਤਾ ਹਾਸਲ ਕੀਤੀ।ਉਪਰੰਤ ਬਾਬੂ ਕਬੀਰ ਦਾਸ ਦੀ ਅਗਵਾਈ ਵਿੱਚ ਮੀਟਿੰਗ 'ਚ ਹਾਜ਼ਰ ਅਕਾਲੀ ਵਰਕਰਾਂ ਵੱਲੋਂ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਚੋਣ ਮੁਹਿੰਮ ਨੂੰ ਤੇਜ਼ ਕਰਨ ਦਾ ਫ਼ੈਸਲਾ ਲਿਆ ਗਿਆ।

### ਕਾਂਗਰਸ ਦਾ ਉਮੀਦਵਾਰ ਬਠਿੰਡਾ ਦੇ ਲੋਕਾਂ ਦਾ ਨਕਾਰਿਆ : ਰਵਨੀਤ ਬਿੱਟੂ



**ਜਗਰਾਉਂ, (ਅਮਿਤ ਖੰਨਾ)** ਲੁਧਿਆਣਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਵੱਲੋਂ ਸ਼ਹਿਰ 'ਚ ਵੱਖ-ਵੱਖ ਚੋਣ ਜਲਸਿਆਂ ਤੇ ਮੀਟਿੰਗਾਂ ਨੂੰ ਸੰਬੋਧਨ ਕੀਤਾ ਗਿਆ, ਜਿਸ ਤਹਿਤ ਉਹ ਹਲਕਾ ਕੇਂਦਰੀ ਦੀ ਅਗਰਵਾਲ ਧਰਮਸ਼ਾਲਾ ਤੇ ਹਲਕਾ ਦੱਖਣੀ ਦੇ ਢੰਡਾਰੀ ਕਲਾਂ ਵਿਖੇ ਆਯੋਜਤ ਮੀਟਿੰਗਾਂ ਨੂੰ ਸੰਬੋਧਨ ਕੀਤਾ, ਜਿੱਥੇ ਵੱਖ-ਵੱਖ ਪਾਰਟੀਆਂ ਦੇ ਆਗੂ ਭਾਜਪਾ 'ਚ ਸ਼ਾਮਲ ਹੋਏ। ਇਸ ਮੌਕੇ ਰਵਨੀਤ ਬਿੱਟੂ ਤੋਂ ਇਲਾਵਾ ਨਾਲ ਨੀਰਜ ਵਰਮਾ, ਰਾਕੇਸ਼ ਵਰਮਾ, ਲਵਲੀ ਥਾਪਰ, ਨਰੇਸ਼ ਮੱਟਾ, ਅਜੇ ਗੁਪਤਾ, ਪ੍ਰਵੇਸ਼ ਵਰਮਾ, ਪ੍ਰਵੀਨ ਮਲਹੋਤਰਾ, ਸੁਰੇਸ਼ ਅਗਰਵਾਲ, ਸਰਬਜੀਤ ਸਿੰਘ ਗਰਚਾ, ਸਤਿੰਦਰਪਾਲ ਸਿੰਘ ਸੱਠਾ, ਨਿਰਮਲ ਸਿੰਘ ਐੱਸਐੱਸ, ਗੁਰਦੀਪ ਸਿੰਘ ਗੋਸਾ, ਹਰਜਿੰਦਰ ਸਿੰਘ, ਮਾਸਟਰ ਹਰਜਿੰਦਰ ਸਿੰਘ, ਸੁਰਿੰਦਰ ਪ੍ਰਤਾਪ ਸਿੰਘ, ਸਤਿੰਦਰਪਾਲ ਸਿੰਘ ਥਾਪਰ, ਸੰਦੀਪ ਮਿੱਤਲ ਆਦਿ ਹਾਜ਼ਰ ਸਨ। ਰਵਨੀਤ ਬਿੱਟੂ ਨੇ ਬੋਲਦਿਆਂ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਦੀ ਸੋਚ ਸਮਾਜ 'ਚ ਵੰਡੀਆਂ ਪਾਉਣ ਵਾਲੀ ਰਹੀ ਹੈ। ਉਨ੍ਹਾਂ ਸੁਖਪਾਲ ਖਹਿਰਾ ਦੇ ਪੂਰਵਾਂਚਲੀਆਂ ਸਬੰਧੀ ਦਿੱਤੇ ਬਿਆਨ 'ਤੇ ਕਿਹਾ ਕਿ ਇਹ ਸੋਚ ਇਕ ਵਿਅਕਤੀ ਦੀ ਨਹੀਂ ਪੂਰੀ ਪਾਰਟੀ ਦੀ ਹੈ ਤੇ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ।

### ਵਰਕਸ਼ਾਪ ਦੇ ਬਾਹਰੋਂ ਘੋੜਾ ਟਰਾਲੀ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਜ਼ੀਰਾ ਬਾਡੀ ਮੇਕਰ ਵਰਕਸ਼ਾਪ ਨੇੜੇ ਪਿੰਡ ਖਿਲਚੀਆਂ ਕਦੀਮ ਦੇ ਬਾਹਰ ਖੜਾ ਘੋੜਾ ਟਰਾਲਾ ਨੂੰ ਅਣਪਛਾਤਾ ਵਿਅਕਤੀ ਚੋਰੀ ਕਰਕੇ ਲਿਜਾਣ ਦੇ ਦੋਸ਼ ਵਿੱਚ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕੁਲਦੀਪ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਮਹਿਮਾ ਨੇ ਦੱਸਿਆ ਕਿ ਉਸ ਦੇ ਭਰਾ ਹਰਸੁਮੀਤ ਸਿੰਘ ਨੇ ਘੋੜਾ ਟਰਾਲਾ ਨੰਬਰ ਪੀਬੀ 05 ਏਆਰ 2354 22 ਟਾਇਰਾਂ ਦੀ ਟਰਾਲੀ ਠੀਕ ਕਰਾਉਣ ਲਈ ਮਿਤੀ 19 ਮਈ 2024 ਨੂੰ ਸ਼ਾਮ ਕਰੀਬ 6 ਵਜੇ ਉਕਤ ਘੋੜਾ ਟਰਾਲਾ ਜ਼ੀਰਾ ਬਾਡੀ ਮੇਕਰ ਵਰਕਸ਼ਾਪ ਨੇੜੇ ਪਿੰਡ ਖਲਚੀਆਂ ਕਦੀਮ ਦੇ ਬਾਹਰ ਖੜਾ ਕੀਤਾ ਸੀ ਤੇ ਫਿਰੋਜ਼ਪੁਰ ਸ਼ਹਿਰ ਵਿਖੇ ਫੰਕਸ਼ਨ 'ਤੇ ਚਲੇ ਗਏ ਤੇ ਵਾਪਸੀ 'ਤੇ ਕਰੀਬ 11 ਵਜੇ ਰਾਤ ਵਜੇ ਰਾਤ ਉਨ੍ਹਾਂ ਨੇ ਵੇਖਿਆ ਕਿ ਘੋੜਾ ਟਰਾਲਾ ਆਪਣੀ ਜਗ੍ਹਾ 'ਤੇ ਨਹੀਂ ਸੀ, ਜਿਸ ਨੂੰ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ, ਜਿਸ ਦੀ ਭਾਲ ਕਰਨ 'ਤੇ ਕੋਈ ਸੁਰਾਗ ਨਹੀਂ ਲੱਗਾ।

## ਚੰਗੀ ਕਾਰਗੁਜ਼ਾਰੀ ਲਈ 108 ਐਂਬੂਲੈਂਸਾਂ ਦੇ ਮੁਲਾਜ਼ਮ ਕੀਤੇ ਸਨਮਾਨਤ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪੇਂਡੂ ਤੇ ਸ਼ਹਿਰੀ ਏਰੀਏ ਵਿੱਚ ਐਮਰਜੈਂਸੀ ਸੇਵਾ ਪ੍ਰਦਾਨ ਕਰਨ ਵਾਲੀਆਂ 108 ਐਂਬੂਲੈਂਸਾਂ ਵਿੱਚ ਕੰਮ ਕਰਦੇ ਸਮੂਹ ਮੁਲਾਜ਼ਮਾਂ ਨੂੰ ਇਸ ਖੇਤਰ ਵਿੱਚ ਵਧੀਆ ਸੇਵਾਵਾਂ ਪ੍ਰਦਾਨ ਕਰਨ ਬਦਲੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਇਨ੍ਹਾਂ ਸਮੂਹ ਮੁਲਾਜ਼ਮਾਂ ਨੂੰ ਸਨਮਾਨਤ ਕਰਦਿਆਂ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਜ਼ਿਕਿਟਜ਼ਾ ਹੈਲਥ ਕੇਅਰ ਕੰਪਨੀ ਵੱਲੋਂ ਜੋ 108 ਐਂਬੂਲੈਂਸ ਸੇਵਾਵਾਂ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ, ਉਹ ਬਹੁਤ ਸ਼ਲਾਘਾਯੋਗ ਹਨ। ਇਸ ਖੇਤਰ ਵਿੱਚ ਵਧੀਆ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਕੰਪਨੀ ਵੱਲੋਂ ਪ੍ਰੋਤਸਾਹਤ ਕਰਨ ਨਾਲ ਮੁਲਾਜ਼ਮਾਂ ਅੰਦਰ ਹੋਰ ਉਤਸ਼ਾਹ ਪੈਦਾ ਹੋਵੇਗਾ ਤੇ ਅੱਗੋਂ ਤੋਂ ਹੋਰ ਵਧੀਆ ਕੰਮ ਕਰਨ ਦੀ ਕੋਸ਼ਿਸ਼ ਕਰਨਗੇ।ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਰਿਤਾ ਨੇ ਕਿਹਾ ਕਿ ਐਂਬੂਲੈਂਸਾਂ ਵਿੱਚ ਤਾਇਨਾਤ ਇਹ ਕਰਮਚਾਰੀ ਲੋੜਵੰਦ ਵਿਅਕਤੀਆਂ ਨੂੰ ਸਮੇਂ ਸਿਰ ਮੈਡੀਕਲ ਸਹਾਇਤਾ ਦਿਵਾ ਕੇ ਉਨ੍ਹਾਂ ਦੀ ਜਾਨ ਬਚਾਉਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ ਅਤੇ ਸਮੇਂ ਸਿਰ ਮਰੀਜ਼ ਨੂੰ ਹਸਪਤਾਲ ਪਹੁੰਚਾਉਣ ਵਿੱਚ ਮਦਦ ਕਰਦੇ ਹਨ।ਉਨ੍ਹਾਂ ਕਿਹਾ ਕਿ 108 ਐਂਬੂਲੈਂਸ ਦੇ ਕਰਮਚਾਰੀਆਂ ਨੇ ਹੁਣ ਤੱਕ ਬਹੁਤ ਵੱਡੀ ਤਾਦਾਦ ਵਿੱਚ ਇਨਸਾਨੀ ਜ਼ਿੰਦਗੀ ਨੂੰ ਸਮੇਂ ਸਿਰ ਮੈਡੀਕਲ ਸਹਾਇਤਾ ਦਿਵਾ ਕੇ ਬਚਾਇਆ ਹੈ, ਇਸ ਲਈ ਕੰਪਨੀ ਵੱਲੋਂ ਇਨ੍ਹਾਂ ਦਾ ਸਨਮਾਨ ਕਰਨਾ ਵੀ ਇੱਕ ਸ਼ਲਾਘਾਯੋਗ ਕਦਮ ਹੈ।ਇਸ ਮੌਕੇ ਡਾ. ਦਵਿੰਦਰਜੀਤ ਕੌਰ, ਡਾ. ਸਰਿਤਾ, ਕੰਪਨੀ ਦੇ ਆਪ੍ਰੇਸ਼ਨ ਹੈੱਡ ਗੁਰਮਨਦੀਪ ਸਿੰਘ ਤੇ ਕਲਸਟਰ ਮੈਨੇਜਰ ਹਰਮਨ ਸਿੰਘ ਨੇ 108 ਐਂਬੂਲੈਂਸ ਸਟਾਫ਼ ਨੂੰ ਡਿਊਟੀ ਦੌਰਾਨ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਚਰਚਾ ਕੀਤੀ ਤੇ ਉਨ੍ਹਾਂ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਕੀਤਾ ਜਾਵੇਗਾ।

## ਕੋਟਾਂ ਕਾਲਜ 'ਚ ਵਿਦਿਆਰਥੀਆਂ ਨੂੰ ਓ ਆਰ ਐੱਸ ਦੇ ਪੈਕੇਟ ਵੰਡੇ



**ਦੋਰਾਹਾ ( ਹਰਮਿੰਦਰ ਸੇਠ)**- ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ ਵਿਖੇ ਵਧ ਰਹੇ ਤਾਪਮਾਨ ਅਤੇ ਕਹਿਰ ਦੀ ਗਰਮੀ ਨੂੰ ਮੱਦੇਨਜ਼ਰ ਰੱਖਦਿਆਂ ਸਰਕਾਰੀ ਸਿਹਤ ਵਿਭਾਗ ਵਲੋਂ ਗੁਰਦੁਆਰਾ ਮੰਜੀ ਸਾਹਿਬ ਕੋਟਾਂ ਦੀ ਡਿਸਪੈਂਸਰੀ ਰਾਹੀਂ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਓ. ਆਰ.ਐੱਸ. ਦੇ ਪੈਕੇਟ ਵੰਡੇ ਗਏ। ਡਾ. ਅੰਮ੍ਰਿਤ ਕੌਰ ਬਾਂਸਲ ( ਮੁਖੀ ਜੀਵ ਵਿਗਿਆਨ ਵਿਭਾਗ ) ਨੇ ਵਿਦਿਆਰਥੀਆਂ ਨੂੰ ਓ. ਆਰ. ਐੱਸ. ਦੇ ਫਾਇਦਿਆਂ ਅਤੇ ਕੜਕਦੀ ਗਰਮੀ ਦੌਰਾਨ ਸਰਕਾਰ ਵਲੋਂ ਦਿੱਤੀਆਂ ਹਦਾਇਤਾਂ ਦੀ ਜਾਣਕਾਰੀ ਦਿੱਤੀ। ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਗਰਮੀ ਤੋਂ ਬਚਣ ਲਈ ਨੁਕਤੇ ਦੱਸੇ। ਪ੍ਰਿੰਸੀਪਲ ਅਤੇ ਕਾਲਜ ਸਟਾਫ਼ ਨੇ ਡਾ. ਹਰਵਿੰਦਰ ਸਿੰਘ (ਸੀਨੀਅਰ ਮੈਡੀਕਲ ਅਫ਼ਸਰ) ਸੀ. ਐੱਚ. ਸੀ. ਪਾਇਲ ਅਤੇ ਮੈਡਮ ਪ੍ਰਭਜੋਤ ਕੌਰ ਦਾ ਸਮੇਂ- ਸਮੇਂ 'ਤੇ ਕੀਤੀ ਮਦਦ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. ਹਰਿੰਦਰ ਕੌਰ, ਡਾ. ਅੰਮ੍ਰਿਤ ਕੌਰ ਬਾਂਸਲ, ਲੈਕ. ਗੁਰਵਿੰਦਰ ਕੌਰ, ਲੈਕ. ਗੁਰਪ੍ਰੀਤ ਕੌਰ, ਲੈਕ.ਸੁਰਿੰਦਰ ਕੌਰ, ਲੈਕ. ਕਰਮਪ੍ਰੀਤ ਕੌਰ, ਪ੍ਰੋ. ਪਵਨਜੀਤ ਕੌਰ, ਡਾ. ਸੀਮਾ ਅਤੇ ਬਲਜਿੰਦਰ ਸਿੰਘ ਮੌਜੂਦ ਸਨ।

## ਨਗਰ ਕੌਂਸਲ ਤੇ ਤਹਿਸੀਲ ਕੰਪਲੈਕਸ 'ਚ ਪਾਣੀ ਦੀ ਸੇਵਾ ਸ਼ੁਰੂ



**ਬੁਢਲਾਡਾ (ਅਸ਼ੋਕ ਲਾਕੜਾ)** ਨਗਰ ਕੌਂਸਲ ਤੇ ਤਹਿਸੀਲ ਕੰਪਲੈਕਸ ਵਿੱਚ ਰੋਜ਼ਾਨਾ ਸੈਂਕੜੇ ਲੋਕ ਰਜਿਸਟਰੀਆਂ ਤੇ ਹੋਰ ਕੰਮਾਂ ਲਈ ਆਉਂਦੇ ਹਨ, ਪਰ ਅੱਤ ਦੀ ਗ਼ਰਮੀ ਵਿੱਚ ਲੋਕ ਪੀਣ ਵਾਲੀ ਠੰਡੇ ਪਾਣੀ ਵਲੋਂ ਬਹੁਤ ਔਖ ਸਨ।ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਲੋਕਾਂ ਦੀ ਮੁਸ਼ਕਲ ਨੂੰ ਦੇਖਦੇ ਹੋਏ ਅੱਜ ਠੰਡੇ ਪਾਣੀ ਦਾ ਪਿਆਓ ਸ਼ੁਰੂ ਕੀਤਾ ਗਿਆ।ਤਹਿਸੀਲਦਾਰ ਤੇ ਨਗਰ ਕੌਂਸਲ ਪ੍ਰਧਾਨ ਸੁਖਪਾਲ ਸਿੰਘ ਵੱਲੋਂ ਲੋੜਵੰਦਾਂ ਨੂੰ ਪਾਣੀ ਪਿਆ ਕੇ ਇਸ ਮਹਾਨ ਕਾਰਜ ਦੀ ਸ਼ੁਰੂਆਤ ਕੀਤੀ ਗਈ।ਪ੍ਰਧਾਨ ਸੁਖਪਾਲ ਸਿੰਘ ਵੱਲੋਂ ਇਸ ਵਿਸ਼ੇਸ਼ ਕਾਰਜ ਲਈ 5100 ਰੁਪਏ ਦਾ ਯੋਗਦਾਨ ਪਾਇਆ ਗਿਆ ਤੇ ਪਟਵਾਰੀ ਭੋਲਾ ਸਿੰਘ ਦਾਤੇਵਾਸ ਵੱਲੋਂ 15 ਦਿਨਾਂ ਦੀ ਪਾਣੀ ਦੀ ਸੇਵਾ ਦੇਣ ਦਾ ਐਲਾਨ ਕੀਤਾ ਗਿਆ।ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਤੇ ਕੁਲਦੀਪ ਸਿੰਘ ਅਨੇਜਾ ਨੇ ਦੱਸਿਆ ਕਿ ਸੰਸਥਾ ਦਾ ਮੁਲਾਜ਼ਮ ਰੋਜ਼ਾਨਾ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਪਾਣੀ ਪਿਆਉਣ ਤੇ ਗਿਲਾਸ ਧੋਣ ਦੀ ਡਿਊਟੀ ਦੇਵੇਗਾ।ਸੰਸਥਾ ਮੈਂਬਰ ਵੀ ਨਿਗਰਾਨੀ ਕਰਦੇ ਰਹਿਣਗੇ।ਬੱਸ ਸਟੈਂਡ 'ਤੇ ਚਾਲੂ ਕੀਤਾ ਪਿਆਓ ਵੀ ਵਧੀਆ ਢੰਗ ਨਾਲ ਚੱਲ ਰਿਹਾ ਹੈ।ਰੋਜ਼ਾਨਾ ਲਗਭਗ 50 ਕੈਂਪਰ ਪਾਣੀ ਦੇ ਲੱਗ ਰਹੇ ਹਨ।ਛੇਤੀ ਹੀ ਸਰਕਾਰੀ ਹਸਪਤਾਲ ਵਿੱਚ ਮਰੀਜ਼ਾਂ ਦੀ ਸਹੂਲਤ ਲਈ ਵੀ ਪਾਣੀ ਦਾ ਪਿਆਓ ਸ਼ੁਰੂ ਕੀਤਾ ਜਾ ਰਿਹਾ ਹੈ।ਅਕਤੂਬਰ ਤੱਕ ਪਾਣੀ ਦੀ ਸੇਵਾ ਲਈ ਲਗਭਗ 5 ਲੱਖ ਰੁਪਏ ਦੇ ਖਰਚੇ ਦੀ ਸੰਭਾਵਨਾ ਹੈ।ਸੰਸਥਾ ਵੱਲੋਂ ਤਿੰਨ ਪਿਆਓ, ਦੋ ਚੱਲਦੇ ਫਿਰਦੇ ਰਿਕਸ਼ੇ, ਲਗਭਗ 12 ਟੈਂਕੀਆਂ ਵੱਖੋ-ਵੱਖ ਥਾਵਾਂ ਤੇ ਰੱਖ ਕੇ ਸੇਵਾ ਚਾਲੂ ਹੈ।ਦਾਨੀ ਸੱਜਣਾਂ ਨੂੰ ਸਹਿਯੋਗ ਲਈ ਬੇਨਤੀ ਹੈ ਤਾਂ ਜੁ ਸੰਸਥਾ ਹਰ ਸਾਲ ਇਹ ਮਹਾਨ ਸੇਵਾ ਚਾਲੂ ਰੱਖ ਸਕੇ।

## ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਮੁੱਖ ਮੰਤਰੀ ਨਾਲ ਮੀਟਿੰਗ ਵਾਲਾ ਪ੍ਰਸਤਾਵ ਠੁਕਰਾਇਆ

**ਮਾਨਸਾ (ਆਤਮਾ ਸਿੰਘ ਪਮਾਰ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਆਮਦ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਆਗੂਆਂ ਨਾਲ ਸੰਪਰਕ ਕਰਕੇ ਮੁੱਖ ਮੰਤਰੀ ਮਾਨ ਨਾਲ ਪੈਨਲ ਮੀਟਿੰਗ ਤੈਅ ਕਰਾਉਣ ਦਾ ਪ੍ਰਸਤਾਵ ਰੱਖਿਆ ਗਿਆ, ਜਿਸ ਨੂੰ ਆਗੂਆਂ ਨੇ ਪੂਰੀ ਤਰ੍ਹਾਂ ਠੁਕਰਾ ਦਿੱਤਾ।ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਦੇ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ ਸਟੇਟ ਕੋ ਕਨਵੀਨਰ ਕਰਮਜੀਤ ਸਿੰਘ ਤਾਮਕੋਟ ਤੇ ਗੁਰਪ੍ਰੀਤ ਸਿੰਘ ਦਲੇਲਵਾਲਾ ਨੇ ਕਿਹਾ ਕਿ ਚੋਣਾਂ ਮੌਕੇ ਹੋਣ ਵਾਲੀਆਂ ਅਜਿਹੀਆਂ ਮੀਟਿੰਗਾਂ ਸਿਰਫ਼ ਤੇ ਸਿਰਫ਼ ਸਿਆਸੀ ਅਤੇ ਗੋਂਗਲੂਆਂ ਤੋਂ ਮਿੱਟੀ ਲਾਹਣ ਤੋਂ ਵੱਧ ਕੁੱਝ ਵੀ ਨਹੀਂ ਹੁੰਦੀਆਂ।ਉਨ੍ਹਾਂ ਕਿਹਾ ਕਿ ਅੱਜ ਤੱਕ ਅਨੇਕਾਂ ਰੈਲੀਆਂ, ਮੁਜ਼ਾਹਰੇ, ਮੁਲਾਜ਼ਮਾਂ ਨੇ ਸਰਕਾਰ ਨਾਲ ਮੀਟਿੰਗ ਕਰਨ ਲਈ ਕੀਤੇ, ਪਰ ਮੁੱਖ ਮੰਤਰੀ ਨੇ ਕਦੇ ਵੀ ਸਮਾਂ ਨਹੀਂ ਦਿੱਤਾ।

ਹੁਣ ਚੋਣਾਂ ਦੌਰਾਨ ਮਿਲਣ ਵਾਲੀਆਂ ਅਜਿਹੀਆਂ ਮੀਟਿੰਗਾਂ ਤੋਂ ਉਨ੍ਹਾਂ ਨੂੰ ਕੋਈ ਉਮੀਦ ਨਹੀਂ। ਆਗੂਆਂ ਨੇ ਕਿਹਾ ਕਿ ਜੇਕਰ ਮੁੱਖ ਮੰਤਰੀ ਸੱਚਮੁੱਚ ਹੀ ਮੁਲਾਜ਼ਮ ਮੁੱਦਿਆਂ 'ਤੇ ਗੰਭੀਰ ਹਨ ਤਾਂ ਚੋਣ ਜ਼ਾਬਤੇ ਤੋਂ ਤੁਰੰਤ ਬਾਅਦ ਮੁਲਾਜ਼ਮ ਮੰਗਾਂ ਦਾ ਨਿਪਟਾਰਾ ਕਰਨ ਅਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਵਰਗੇ ਅਹਿਮ ਮੁੱਦੇ ਨੂੰ ਹੱਲ ਕਰਨ ਲਈ ਸਮਾ ਸੀਮਾਂ ਤੈਅ ਕਰਕੇ ਜਨਤਕ ਵੀ ਕਰਨ।ਆਗੂਆਂ ਨੇ ਕਿਹਾ ਕਿ ਮੌਜੂਦਾ ਮੀਟਿੰਗਾਂ ਸਿਰਫ਼ ਆਗੂਆਂ ਦਾ ਮੂੰਹ ਬੰਦ ਕਰਨ ਲਈ ਹਨ, ਨਾ ਕਿ ਮੁੱਦੇ ਹੱਲ ਕਰਨ ਲਈ।ਆਗੂਆਂ ਨੇ ਮੰਗ ਕੀਤੀ ਕਿ ਚੋਣ ਜ਼ਾਬਤਾ ਖ਼ਤਮ ਹੁੰਦਿਆਂ ਹੀ ਮੁੱਖ ਮੰਤਰੀ ਮੁਲਾਜ਼ਮਾਂ ਨਾਲ ਖੁਦ ਮੀਟਿੰਗ ਕਰਨ ਤੇ ਮੁਲਾਜ਼ਮ ਮਸਲੇ ਹੱਲ ਕਰਨ।ਮੁਲਾਜ਼ਮਾਂ ਦੇ ਖਾਲੀ ਹੱਥ ਰਿਟਾਇਰ ਹੋਣ ਪ੍ਰਤੀ ਸਰਕਾਰ ਆਪਣੀ ਗੰਭੀਰਤਾ ਨਹੀਂ ਦਿਖਾਈ।

## ਅਬੈਕਸ ਮੁਕਾਬਲਿਆਂ 'ਚ ਹਿੱਸਾ ਲੈਣ ਵਾਲੇ ਵਿਦਿਆਰਥੀ ਸਨਮਾਨਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਵਿੱਦਿਆ ਮੰਦਰ ਰਾਮਪੁਰਾ ਫੂਲ ਨੇ ਨੈਸ਼ਨਲ ਤੇ ਇੰਟਰਨੈਸ਼ਨਲ ਅਬੈਕਸ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਕੂਲ ਦੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਅਤੇ ਉਨ੍ਹਾਂ ਨੂੰ ਸਨਮਾਨਤ ਕਰਨ ਦੇ ਲਈ ਸਮਾਗਮ ਆਯੋਜਤ ਕੀਤਾ।ਸਕੂਲ ਪ੍ਰਿੰਸੀਪਲ ਆਰ ਪੀ ਰਾਜਪੂਤ ਦੀ ਅਗੁਵਾਈ ਵਿੱਚ ਕਰਾਏ ਗਏ ਇਸ ਸਮਾਗਮ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਮੈਨੇਜਰ ਦਵਿੰਦਰ ਸਿੰਗਲਾ ਵਿਸੇਸ ਰੂਪ ਵਿੱਚ ਹਾਜ਼ਰ ਹੋਏ । ਸ਼ਾਰਪ ਬ੍ਰੇਨਸ ਏਜੂਕੇਸ਼ਨ ਦੇ ਡਾਇਰੈਕਟਰ ਰੰਜੀਵ ਗੋਇਲ ਨੇ ਵਿਦਿਆਰਥੀਆਂ ਨੂੰ ਅਬੈਕਸ ਸਿੱਖਿਆ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਬੱਚੇ ਜਿਸ ਸਪੀਡ 'ਤੇ ਕੈਲਕੂਲੇਸ਼ਨ ਕਰਨਾ ਸਿੱਖ ਜਾਂਦੇ ਹਨ, ਉਹ ਇੱਕ ਸਧਾਰਨ ਵਿਅਕਤੀ ਅਤੇ ਵਿਦਿਆਰਥੀ ਦੇ ਲਈ ਅਸਭੰਵ ਹੈ।ਇਸ ਨਾਲ ਵਿਦਿਆਰਥੀਆਂ ਅੰਦਰ ਪਾਇਆ ਜਾਣ ਵਾਲਾ ਮੈਥ ਫੋਬੀਆ ਵੀ ਦੂਰ ਹੁੰਦਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਨੈਸ਼ਨਲ ਅਬੈਕਸ ਮੁਕਾਬਲੇ ਵਿੱਚ ਭਾਰਤ ਭਰ ਤੋਂ 16000 ਵਿਦਿਆਰਥੀ ਸ਼ਾਮਲ ਹੋਏ ਸੀ, ਜਦੋਂ ਕਿ ਇੰਟਰਨੈਸ਼ਨਲ ਅਬੈਕਸ ਮੁਕਾਬਲੇ ਵਿੱਚ 29 ਦੇਸ਼ਾਂ ਦੇ 23 ਹਜ਼ਾਰ ਵਿਦਿਆਰਥੀਆਂ ਨੇ ਭਾਗ ਲਿਆ ਸੀ।ਸਰਵਹਿੱਤਕਾਰੀ ਵਿੱਦਿਆ ਮੰਦਰ ਦੀ ਵਿਦਿਆਰਥਣ ਦੀਆ ਸਪੁੱਤਰੀ ਚੰਚਲ ਕੁਮਾਰ ਨੇ ਇਸ ਮੁਕਾਬਲੇ ਵਿੱਚ 100 ਫ਼ੀਸਦੀ ਨੰਬਰ ਹਾਸਲ ਕਰ ਵਿਸ਼ੇਸ਼ ਟਰਾਫੀ ਪ੍ਰਾਪਤ ਕੀਤੀ ਹੈ।ਦਿਵਾਂਸ ਗਰਗ ਸਪੁੱਤਰ ਵਿਨੋਦ ਕੁਮਾਰ ਤੇ ਪੁਲਕਿਤ ਗੋਇਲ ਸਪੁੱਤਰ ਰੋਹਿਤ ਗੋਇਲ ਨੇ ਵੀ ਮੈਡਲ ਪ੍ਰਾਪਤ ਕੀਤੇ ਹਨ।ਪ੍ਰਿੰਸੀਪਲ ਆਰ ਪੀ ਰਾਜਪੂਤ ਨੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਬੈਕਸ ਸਿੱਖਿਆ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਵਿੱਚ ਇਕ ਅਹਿਮ ਯੋਗਦਾਨ ਦਿੰਦੀ ਹੈ।

ਪ੍ਰਬੰਧਕ ਕਮੇਟੀ ਦੇ ਮੈਨੇਜਰ ਦਵਿੰਦਰ ਸਿੰਗਲਾ ਨੇ ਕਿਹਾ ਕਿ ਵਿਦਿਆਰਥੀਆਂ ਨੇ ਜਿਸ ਸਪੀਡ ਨਾਲ ਵੱਡੇ-ਵੱਡੇ ਸਵਾਲ ਹੱਲ ਕਰਕੇ ਦਿਖਾਏ ਹਨ, ਉਹ ਕਾਬਲੇ ਤਾਰੀਫ਼ ਹੈ।

## 90 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 13 ਵਿਦਿਆਰਥੀ ਸਨਮਾਨਤ



**ਜਗਰਾਉਂ (ਅਮਿਤ ਖੰਨਾ)**-ਲੋਕ ਸੇਵਾ ਸੁਸਾਇਟੀ ਵੱਲੋਂ ਚੌਥਾ ਵਿਦਿਆਰਥੀ ਸਮਾਰੋਹ ਕਰਾਇਆ ਗਿਆ।ਮਹਾਂਪ੍ਰਗਿਆ ਸਕੂਲ ਜਗਰਾਉਂ ਵਿਖੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਕਰਾਏ ਚੌਥੇ ਵਿਦਿਆਰਥੀ ਸਮਾਰੋਹ ਵਿੱਚ ਮਹਾਂਪ੍ਰਗਿਆ ਸਕੂਲ ਦੇ 13 ਅਤੇ ਐੱਲ ਐੱਲ ਬੀ ਦੇ ਤੀਜੇ ਸਮੈਸਟਰ 'ਚੋਂ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਆਂਚਲ ਗਰਗ ਦਾ ਸਨਮਾਨ ਕੀਤਾ ਗਿਆ।ਇਸ ਸਮਾਰੋਹ ਦੇ ਮੁੱਖ ਮਹਿਮਾਨ ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ ਵਰਿੰਦਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨ ਅਤੇ ਗਿਆਨ ਨੂੰ ਗੰਭੀਰਤਾ ਨਾਲ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸਾਇੰਸ ਵਿਸ਼ੇ ਦੇ ਕਈ ਨੁਕਤਿਆਂ ਨਾਲ ਸਫਲਤਾ ਹਾਸਲ ਕਰਨ ਦੇ ਗੁਰ ਵੀ ਦਿੱਤੇ ਤਾਂ ਕਿ ਵਿਦਿਆਰਥੀ ਹੋਰ ਸਫਲਤਾ ਹਾਸਲ ਕਰ ਸਕਣ। ਇਸ ਸਮਾਗਮ ਵਿੱਚ ਚੇਅਰਮੈਨ ਗੁਲਸ਼ਨ ਅਰੋੜਾ ਅਤੇ ਪ੍ਰਧਾਨ ਮਨੋਹਰ ਸਿੰਘ ਟੱਕਰ ਨੇ ਦੱਸਿਆ ਕਿ ਮਹਾਂਪ੍ਰਗਿਆ ਸਕੂਲ ਦੇ ਦਸਵੀਂ ਅਤੇ ਬਾਰ੍ਹਵੀਂ ਕਲਾਸ ਵਿੱਚੋਂ 90 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 13 ਵਿਦਿਆਰਥੀਆਂ, ਐੱਲ ਐੱਲ ਬੀ ਦੇ ਤੀਸਰੇ ਸਮੈਸਟਰ ਚੋਂ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਆਂਚਲ ਗਰਗ ਅਤੇ ਸਕੂਲ ਦੇ ਨੌਂ ਅਧਿਆਪਕਾਂ ਦਾ ਸੁਸਾਇਟੀ ਵੱਲੋਂ ਸਨਮਾਨ ਕੀਤਾ ਗਿਆ।ਇਸ ਮੌਕੇ ਮਹਾਂਪ੍ਰਗਿਆ ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ ਨੇ ਸਨਮਾਨਤ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਹੋਰ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਦੀ ਅਪੀਲ ਕੀਤੀ।

# ਦੇਸ਼ ਭਗਤ 'ਵਰਸਿਟੀ ਦੀ ਟੀਮ ਵੱਲੋਂ ਪੀ ਜੀ ਆਈ ਦਾ ਦੌਰਾ




**ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਦੇ ਇੱਕ ਵਫ਼ਦ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਿਹਤ ਸੰਭਾਲ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਦੇ ਉਦੇਸ਼ ਨਾਲ ਮਹੱਤਵਪੂਰਨ ਚਰਚਾ ਅਤੇ ਰਣਨੀਤੀ ਵਿਕਾਸ ਲਈ ਪੀ.ਜੀ.ਆਈ ਦੇ ਆਈ ਸੀ ਐਮ ਆਰ ਸੈਂਟਰ ਆਫ਼ ਇਨੋਵੇਸ਼ਨ ਤੇ ਬਾਇਓ ਡਿਜ਼ਾਈਨ ਦਾ ਦੌਰਾ ਕੀਤਾ।ਇਹ ਦੌਰਾ ਅਸਰਦਾਰ ਸਕਰੀਨਿੰਗ ਰਣਨੀਤੀਆਂ ਵਿਕਸਿਤ ਕਰਨ ਤੇ ਡਾਕਟਰਾਂ, ਨਰਸਾਂ ਅਤੇ ਡਾਕਟਰੀ ਭਾਈਚਾਰੇ ਦੀ ਗੰਭੀਰ ਡਾਕਟਰੀ ਸਥਿਤੀਆਂ ਦਾ ਪਤਾ ਲਾਉਣ ਅਤੇ ਇਲਾਜ ਕਰਨ ਵਿੱਚ ਸਹਾਇਤਾ ਕਰਨ ਲਈ ਉਪਕਰਨਾਂ ਤੇ ਉਪਕਰਨਾਂ ਨੂੰ ਡਿਜ਼ਾਈਨ ਕਰਨ 'ਤੇ ਕੇਂਦਰਤ ਸੀ।

ਟੀਮ ਵਿਚ ਖੋਜ ਅਤੇ ਪ੍ਰੋਜੈਕਟ ਵਿਕਾਸ ਦੇ ਨਿਰਦੇਸ਼ਕ ਡਾ. ਅਮਿਤਾਭ ਵਾਹੀ ਦੀ ਅਗਵਾਈ ਵਾਲੇ ਡੀ.ਬੀ.ਯੂ ਵਫ਼ਦ ਵਿੱਚ ਸਹਾਇਕ ਸਿਹਤ ਵਿਗਿਆਨ ਵਿਭਾਗ ਦੀ ਸਹਾਇਕ ਪ੍ਰੋਫੈਸਰ ਸ੍ਰੀਮਤੀ ਜਸਪ੍ਰੀਤ ਕੌਰ, ਮਕੈਨੀਕਲ ਇੰਜੀਨੀਅਰਿੰਗ ਵਿੱਚ ਸਹਾਇਕ ਪ੍ਰੋਫੈਸਰ ਡਾ: ਅਰਸ਼ਦੀਪ ਸਿੰਘ ਅਤੇ ਇਲੈਕਟ੍ਰਾਨਿਕ ਇੰਜੀਨੀਅਰਿੰਗ ਵਿੱਚ ਸਹਾਇਕ ਪ੍ਰੋਫੈਸਰ ਡਾ: ਗੁਰਿੰਦਰ ਸੋਢੀ ਸ਼ਾਮਲ ਸਨ।ਮੀਟਿੰਗ ਦੀ ਪ੍ਰਧਾਨਗੀ ਪੀ ਜੀ ਆਈ ਐਮ ਈ ਆਰ ਵਿਖੇ ਆਈਸੀਐਮਆਰ ਸੈਂਟਰ ਆਫ਼ ਇਨੋਵੇਸ਼ਨ ਐਂਡ ਬਾਇਓ ਡਿਜ਼ਾਈਨ ਦੇ ਡਾਇਰੈਕਟਰ ਡਾ: ਵਰਿੰਦਰ ਗਰਗ ਨੇ ਕੀਤੀ।ਮੀਟਿੰਗ ਦੌਰਾਨ ਡੀਬੀਯੂ ਦੀ ਟੀਮ ਨੇ ਡਾ. ਗਰਗ ਨਾਲ ਜ਼ਰੂਰੀ ਨੁਕਤਿਆਂ ਬਾਰੇ ਚਰਚਾ ਕੀਤੀ ਅਤੇ ਮੁੱਖ ਮੁੱਦਿਆਂ ਅਤੇ ਸੰਭਾਵੀ ਸਹਿਯੋਗੀ ਯਤਨਾਂ ਦੀ ਪੜਚੋਲ ਕੀਤੀ।ਵਿਚਾਰ-ਵਟਾਂਦਰੇ ਦਾ ਉਦੇਸ਼ ਸਿਹਤ ਵਿਗਿਆਨ ਦੇ ਖੇਤਰ ਵਿੱਚ ਨਵੀਨਤਾ ਅਤੇ ਖੋਜ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨਾ ਸੀ, ਜਿਸ ਨਾਲ ਰਾਜ ਤੇ ਰਾਸ਼ਟਰ ਦੋਵਾਂ ਲਈ ਮਹੱਤਵਪੂਰਨ ਯੋਗਦਾਨ ਦਾ ਵਾਅਦਾ ਕੀਤਾ ਗਿਆ ਸੀ।

## ਢਿੱਲੋਂ ਦੇ ਪੈਦਲ ਮਾਰਚ 'ਚ ਵਰਕਰ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨਗੇ

**ਜਗਰਾਉਂ, (ਅਮਿਤ ਖੰਨਾ)** ਲੋਕ ਵਿਰੋਧੀ ਨੀਤੀਆਂ ਤੋਂ ਖ਼ਫ਼ਾ ਲੋਕ ਆਮ ਆਦਮੀ ਪਾਰਟੀ ਨੂੰ ਲਾਂਭੇ ਕਰਨ ਲਈ ਤਿਆਰ ਬਰ ਤਿਆਰ ਹਨ ਤੇ ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਸਾਰੀਆਂ ਸੀਟਾਂ 'ਤੇ ਜਿੱਤ ਦਰਜ ਕਰੇਗਾ।ਇਹ ਵਿਚਾਰ ਹਲਕਾ ਇੰਚਾਰਜ ਐਸ ਆਰ ਕਲੇਰ ਨੇ ਸਾਂਝੇ ਕੀਤੇ।ਕਲੇਰ ਨੇ ਆਖਿਆ ਕਿ ਲੋਕਾਂ ਵਿਚ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਪੂਰੀ ਖਿੱਚ ਹੈ।ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਉਮੀਦਵਾਰ ਰਣਜੀਤ ਸਿੰਘ ਢਿੱਲੋਂ ਰਹਿਨੁਮਾਈ ਹੇਠ ਇਹ ਪੈਦਲ ਮਾਰਚ 11.30 ਵਜੇ ਝਾਂਸੀ ਰਾਣੀ ਚੌਕ ਤੋਂ ਸ਼ੁਰੂ ਹੋ ਕੇ ਸ਼ਹਿਰ ਨਲਕਿਆਂ ਵਾਲੇ ਚੌਕ ਵਿੱਚ ਜਾਵੇਗਾ।

ਇਸ ਮਾਰਚ ਵਿੱਚ ਪਾਰਟੀ ਵਰਕਰ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨਗੇ।ਕੱਲ ਐੱਸ.ਆਰ ਕਲੇਰ ਸਾਬਕਾ ਵਿਧਾਇਕ ਜਗਰਾਉਂ ਦੀ ਅਗਵਾਈ ਹੇਠ ਲੋਕ ਸਭਾ ਲੁਧਿਆਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਣਜੀਤ ਸਿੰਘ ਢਿੱਲੋਂ ਵੱਲੋਂ ਕੋਠੇ ਸ਼ੇਰਜੰਗ, ਅਗਵਾੜ ਲੋਪੋ ਖੁਰਦ, ਅਗਵਾੜ ਖੁਆਜਾ ਬਾਜੂ, ਕੋਠੇ ਰਾਹਲਾ, ਅਗਵਾੜ ਲੁਧਾਈ, ਅਗਵਾੜ ਲੋਪੋ ਕਲਾ, ਕੋਠੇ ਫ਼ਤਿਹਦੀਨ ਤੇ ਜਗਰਾਉਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਚੋਣ ਜਲਸੇ ਕੀਤੇ ਜਾਣਗੇ।

## ਸੰਗਰੂਰ 'ਚ ਔਰਤਾਂ ਸੁਰੱਖਿਅਤ ਨਹੀਂ : ਵਿਰੀਤ ਖਹਿਰਾ



**ਸੰਗਰੂਰ (ਪ੍ਰਵੀਨ ਸਿੰਘ)**- ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੇ ਪਰਵਾਰਕ ਮੈਂਬਰ ਵੀ ਚੋਣ ਮੁਹਿੰਮ ਵਿੱਚ ਪੂਰੀ ਤਰ੍ਹਾਂ ਕੁੱਦ ਚੁੱਕੇ ਹਨ। ਖਹਿਰਾ ਦੀ ਨੂੰਹ ਵਿਰੀਤ ਖ਼ਹਿਰਾ ਦੀ ਬੇਬਾਕ ਬਿਆਨਬਾਜ਼ੀ ਕਾਰਨ ਉਹ ਚਰਚਾ ਵਿੱਚ ਬਣੇ ਹੋਏ ਹਨ। ਵਿਰੀਤ ਖਹਿਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ 'ਤੇ ਹਮਲਾ ਬੋਲਿਆ ਕਿ ਆਪ ਸਰਕਾਰ ਵਿੱਚ ਔਰਤਾਂ ਸੁਰੱਖਿਅਤ ਨਹੀਂ। ਉਨ੍ਹਾਂ ਦੱਸਿਆ ਕਿ ਅਸੀਂ ਪਿਛਲੇ ਕਈ ਦਿਨਾਂ ਤੋਂ ਦੇਖ ਰਹੇ ਹਾਂ, ਸੜਕਾਂ, ਗਲੀਆਂ ਵਿੱਚ ਔਰਤਾਂ ਤੋਂ ਚੋਰ ਲੁਟੇਰੇ ਵਾਲੀਆਂ ਖੋਹ ਕੇ ਭੱਜ ਰਹੇ ਹਨ, ਕਦੇ ਉਨ੍ਹਾਂ ਦਾ ਪਰਸ ਖੋਹ ਰਹੇ ਹਨ ਜਦੋਂ ਕਿ ਪੁਲਸ ਇਸ ਮਾਮਲੇ ਵਿੱਚ ਕੁਝ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਪੁਲਸ ਨੂੰ ਔਰਤਾਂ ਦੀ ਸੁਰੱਖਿਆ ਲਈ ਹੋਰ ਪੁਖ਼ਤਾ ਪ੍ਰਬੰਧ ਕਰਨੇ ਚਾਹੀਦੇ ਹਨ। ਉਨ੍ਹਾਂ ਇਹ ਵੀ ਕਿਹਾ ਆਪ ਨੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣਾ ਹਾਲੇ ਤੱਕ ਵੀ ਸ਼ੁਰੂ ਨਹੀਂ ਕੀਤਾ ਜਿਸ ਕਾਰਨ ਔਰਤਾਂ ਵਿੱਚ ਸਰਕਾਰ ਪ੍ਰਤੀ ਭਾਰੀ ਨਿਰਾਸ਼ਾ ਹੈ।ਉਨ੍ਹਾਂ ਕਿਹਾ ਕਿ ਸਾਨੂੰ ਏਨੇ ਵੱਡੇ ਬਿਆਨ ਨਹੀਂ ਦੇਣੇ ਚਾਹੀਦੇ ਜਿਹੜੇ ਪੂਰੇ ਵੀ ਨਾ ਹੋ ਸਕਦੇ ਹੋਣ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਮਿਲਦਾ ਸਸਤਾ ਰਾਸ਼ਨ ਵੀ ਲੋੜਵੰਦ ਲੋਕਾਂ ਤੱਕ ਪਹੁੰਚ ਨਹੀਂ ਰਿਹਾ। ਸੰਗਰੂਰ ਦੇ ਹਰੇਕ ਇਲਾਕੇ ਵਿੱਚ ਸੀਵਰੇਜ ਦੇ ਪਾਣੀ ਦੀ ਵੀ ਵੱਡੀ ਸਮੱਸਿਆ ਹੈ ਅਤੇ ਸੜਕਾਂ ਦਾ ਬੁਰਾ ਹਾਲ ਹੈ । ਆਪ ਵਿਧਾਇਕਾ ਬੀਬੀ ਨਰਿੰਦਰ ਕੌਰ ਭਰਾਜ ਨੂੰ ਲੋਕਾਂ ਦੀਆਂ ਇਨਾਂ ਸਮੱਸਿਆਵਾਂ ਦਾ ਕੋਈ ਵੀ ਗਿਆਨ ਨਹੀਂ। ਉਨ੍ਹਾਂ ਕਿਹਾ ਕਿ ਸੰਗਰੂਰ ਦੇ ਲੋਕ ਸਰਕਾਰ ਤੋਂ ਅੱਕ ਚੁੱਕੇ ਹਨ ਅਤੇ ਕਾਂਗਰਸ ਨੂੰ ਵੋਟਾਂ ਪਾਉਣ ਦਾ ਮਨ ਬਣਾ ਚੁੱਕੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਹੋਰ ਵੀ ਕਾਂਗਰਸੀ ਆਗੂ ਮੌਜੂਦ ਸਨ।

# ਸੂਬੇ 'ਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਸਿਆਸੀ ਪਾਰਟੀਆਂ ਲਈ ਚੋਣ ਮੁੱਦਾ ਕਿਉਂ ਨਹੀਂ?

## ਤਰਕਸ਼ੀਲ ਸੁਸਾਇਟੀ ਵੱਲੋਂ ਚਾਰ ਵਾਰ ਮੰਗ ਪੱਤਰ ਦੇਣ ਦੇ ਬਾਵਜੂਦ ਨਹੀਂ ਬਣਿਆ ਕਾਨੂੰਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪੰਜਾਬ ਸਰਕਾਰ, ਸਮੂਹ ਸਿਆਸੀ ਪਾਰਟੀਆਂ ਤੇ ਚੋਣ ਲੜ ਰਹੇ ਉਮੀਦਵਾਰਾਂ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਲੋਕਾਂ ਵਿੱਚ ਅੰਧ ਵਿਸ਼ਵਾਸ ਫੈਲਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਤੇ ਸਰੀਰਕ ਸ਼ੋਸ਼ਣ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ ਤੇ ਪੁੱਛਾਂ ਦੇਣ ਵਾਲੇ ਅਖੌਤੀ ਸਿਆਣਿਆਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਉਤੇ ਪਾਬੰਦੀ ਲਾਉਣ ਲਈ ਮਹਾਰਾਸ਼ਟਰ, ਛੱਤੀਸਗੜ੍ਹ ਤੇ ਕਰਨਾਟਕ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਅੰਧਵਿਸ਼ਵਾਸ ਰੋਕੂ ਕਾਨੂੰਨ ਲਾਗੂ ਕੀਤਾ ਜਾਵੇ।ਲੋਕ ਹਿੱਤਾਂ ਦੀ ਰਾਖੀ ਲਈ ਮੀਡੀਏ ਵਿੱਚ ਇਨ੍ਹਾਂ ਦੀ ਝੂਠੀ ਤੇ ਗ਼ੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਬੰਦ ਕਰਵਾਈ ਜਾਵੇ।ਇਸ ਸਬੰਧੀ ਤਰਕਸ਼ੀਲ ਸੁਸਾਇਟੀ ਦੇ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ, ਮੁਕਤਸਰ ਫਾਜ਼ਿਲਕਾ ਜ਼ੋਨ ਦੇ ਆਗੂ ਪਰਵੀਨ ਜੰਡਵਾਲਾ, ਕੁਲਜੀਤ ਡੰਗਰਖੇੜਾ, ਸੁਰਿੰਦਰ ਗੰਜੂਆਣਾ, ਕੇ. ਸੀ. ਰੁਪਾਣਾ, ਬੂਟਾ ਸਿੰਘ ਵਾਕਫ਼ ਤੇ ਬਲਦੇਵ ਲੱਧੂਵਾਲਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਜਗ੍ਹਾ ਜਗ੍ਹਾ ਦੁਕਾਨਾਂ ਖੋਲ੍ਹ ਕੇ ਬੈਠੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ, ਸਿਆਣਿਆਂ ਵੱਲੋਂ ਹਰ ਸਮੱਸਿਆ ਦਾ ਗਾਰੰਟੀ ਸ਼ੁਦਾ ਹੱਲ ਕਰਨ, ਕਥਿਤ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਔਰਤਾਂ ਨਾਲ ਬਲਾਤਕਾਰ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਤੇ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਛੇ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਪੰਜਾਬ ਵਿੱਚ ਵਾਪਰ ਚੁੱਕੀਆਂ ਹਨ, ਪਰ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਅਜਿਹੇ ਬਾਬਿਆਂ, ਤਾਂਤਰਿਕਾਂ, ਸਾਧਾਂ-ਸਿਆਣਿਆਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਉੱਤੇ ਪਾਬੰਦੀ ਲਾਉਣ ਅਤੇ ਕੋਈ ਠੋਸ ਅੰਧਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਰਾਜਸੀ ਇੱਛਾ ਸ਼ਕਤੀ ਜ਼ਾਹਰ ਨਹੀਂ ਕੀਤੀ ਤੇ ਨਾ ਹੀ ਅੰਧਵਿਸ਼ਵਾਸ ਰੋਕੂ ਕਾਨੂੰਨ ਸਿਆਸੀ ਪਾਰਟੀਆਂ ਲਈ ਚੋਣ ਮੁੱਦੇ ਵਜੋਂ ਉਭਾਰਿਆ ਗਿਆ ਹੈ।

ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲ ਫਰਵਰੀ ਮਹੀਨੇ ਤੇ ਮੌਜੂਦਾ ਬਜਟ ਸੈਸ਼ਨ ਤੋਂ ਪਹਿਲਾਂ ਵੀ ਤਰਕਸ਼ੀਲ ਸੁਸਾਇਟੀ ਵੱਲੋਂ ਪੰਜਾਬ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਪੰਜਾਬ ਕਾਲਾ ਜਾਦੂ ਮੰਤਰ ਤੇ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਦਾ ਖਰੜਾ ਅਤੇ ਮੰਗ ਪੱਤਰ ਦਿੱਤੇ ਗਏ ਸਨ।ਇਸ ਤੋਂ ਇਲਾਵਾ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੋੜੀ ਅਤੇ ਵਿਧਾਨ ਸਭਾ ਦੇ ਸਕੱਤਰ ਆਰ ਐਲ ਖਟਾਨਾ ਨੂੰ ਵੀ ਮੰਗ ਪੱਤਰ ਦਿੱਤੇ ਗਏ ਹਨ, ਪਰ ਮੌਜੂਦਾ ਪੰਜਾਬ ਸਰਕਾਰ ਵੱਲੋਂ ਵੀ ਪਹਿਲੀਆਂ ਸਰਕਾਰਾਂ ਵਾਂਗ ਇਸ ਅਹਿਮ ਲੋਕ ਮਸਲੇ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ।

ਤਰਕਸ਼ੀਲ ਆਗੂਆਂ ਨੇ ਕਿਹਾ ਕਿ ਸੁਸਾਇਟੀ ਵੱਲੋਂ ਪਿਛਲੀ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰ ਦੇ ਮੰਤਰੀਆਂ ਅਤੇ ਪੰਜਾਬ ਦੇ ਸਮੂਹ ਵਿਧਾਇਕਾਂ ਨੂੰ ਵੀ ਅੰਧਵਿਸ਼ਵਾਸ ਰੋਕੂ ਕਾਨੂੰਨ ਦਾ ਖਰੜਾ ਤੇ ਮੰਗ ਪੱਤਰ ਦਿੱਤੇ ਗਏ ਸਨ।ਇਸ ਸਬੰਧੀ ਵਿਧਾਇਕ ਸੋਮ ਪ੍ਰਕਾਸ਼ ਵੱਲੋਂ 22 ਮਾਰਚ 2018 ਨੂੰ ਬੈਲਟ ਨੰਬਰ 192 ਅਤੇ 14 ਫਰਵਰੀ 2019 ਨੂੰ ਬੈਲਟ ਨੰਬਰ 228 ਤਹਿਤ ਗ਼ੈਰ-ਸਰਕਾਰੀ ਮਤਿਆਂ ਹੇਠ ਪੰਜਾਬ ਵਿਧਾਨ ਸਭਾ ਵਿੱਚ ਇਸ ਕਾਨੂੰਨ ਨੂੰ ਲਾਗੂ ਕਰਨ ਸੰਬੰਧੀ ਸਿਫਾਰਸ਼ ਕੀਤੀ ਸੀ, ਪਰ ਅਫ਼ਸੋਸ ਹੈ ਕਿ ਤਤਕਾਲੀ ਸਰਕਾਰ ਵੱਲੋਂ ਇਸ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਪਾਖੰਡੀ ਤਾਂਤਰਿਕਾਂ ਤੇ ਬਾਬਿਆਂ ਦੀ ਝੂਠੀ ਤੇ ਗੈਰ-ਕਾਨੂੰਨੀ ਇਸ਼ਤਿਹਾਰਬਾਜ਼ੀ 'ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954' ਅਤੇ 'ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994' ਸਮੇਤ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਵੀ ਸਖਤ ਉਲੰਘਣਾ ਹੈ।ਇਸ ਦੇ ਬਾਵਜੂਦ ਪੁਲਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਇਨ੍ਹਾਂ ਪਾਖੰਡੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਤਰਕਸ਼ੀਲ ਸੁਸਾਇਟੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀਆਂ ਤੇ ਸਾਰੇ ਵਿਧਾਇਕਾਂ ਸਮੇਤ ਸਮੂਹ ਸਿਆਸੀ ਪਾਰਟੀਆਂ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਅੰਧਵਿਸ਼ਵਾਸ ਫੈਲਾਉਣ ਤੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਅਜਿਹੇ ਅਖੌਤੀ ਪਾਖੰਡੀਆਂ ਦੁਆਰਾ ਕਥਿਤ ਲੁੱਟ ਖਸੁੱਟ ਦੀਆਂ ਕਾਰਵਾਈਆਂ ਉੱਤੇ ਸਖਤ ਪਾਬੰਦੀ ਲਾਉਣ ਲਈ ਪੰਜਾਬ ਵਿੱਚ ਪੰਜਾਬ 'ਕਾਲਾ ਜਾਦੂ ਮੰਤਰ ਤੇ ਅੰਧਵਿਸ਼ਵਾਸ ਰੋਕੂ ਕਾਨੂੰਨ' ਲਾਗੂ ਕੀਤਾ ਜਾਵੇ।

## ਮੋਦੀ ਨੇ ਕੱਛ ਇਲਾਕੇ 'ਚੋਂ ਪੰਜਾਬੀਆਂ ਨੂੰ ਕੱਢ ਦਿੱਤਾ ਸੀ : ਖਹਿਰਾ

**ਸੰਗਰੂਰ (ਪ੍ਰਵੀਨ ਸਿੰਘ)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੇ ਗਏ ਬਿਆਨ ਕਿ ਕੁਝ ਕਾਂਗਰਸੀ ਆਗੂ ਬਿਹਾਰੀਆਂ ਨੂੰ ਪੰਜਾਬ ਵਿੱਚੋਂ ਕੱਢਣਾ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਬਾਈਕਾਟ ਦੀ ਗੱਲ ਕਰ ਰਹੇ ਹਨ 'ਤੇ ਸਖਤ ਪ੍ਰਤੀਕਿਰਿਆ ਦਿੰਦਿਆਂ ਲੋਕ ਸਭਾ ਹਲਕਾ ਸੰਗਰੂਰ ਦੇ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੈਂ ਬਿਹਾਰੀ ਜਾਂ ਯੂ ਪੀ ਵਾਲਿਆਂ ਦਾ ਕਦੇ ਨਾਂਅ ਨਹੀਂ ਲਿਆ ਬਲਕਿ ਇਹ ਕਿਹਾ ਹੈ ਕਿ ਗੈਰ ਪੰਜਾਬੀਆਂ ਨੂੰ ਪੰਜਾਬ 'ਚ ਸ਼ਰਤਾਂ ਤਹਿਤ ਹੀ ਵੋਟ ਪਾਉਣ ਜਾਂ ਮਕਾਨ ਖਰੀਦਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਖਹਿਰਾ ਨੇ ਕਿਹਾ ਕਿ ਮੈਂ ਇਹ ਕਦੇ ਨਹੀਂ ਕਿਹਾ ਕਿ ਬਿਹਾਰੀਆਂ ਦਾ ਬਾਈਕਾਟ ਕਰੋ। ਪ੍ਰਧਾਨ ਮੰਤਰੀ ਬਿਹਾਰੀ ਲੋਕਾਂ ਨੂੰ ਜਾਣਬੁੱਝ ਕੇ ਭੜਕਾ ਰਹੇ ਹਨ। ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਨਰਿੰਦਰ ਮੋਦੀ ਵੱਲੋਂ ਕੱਛ ਇਲਾਕੇ ਦੇ ਵੱਡੀ ਗਿਣਤੀ ਸਿੱਖਾਂ ਨੂੰ ਬਾਹਰ ਕੱਢ ਦਿੱਤਾ ਸੀ ਜਦੋਂ ਕਿ ਇਨ੍ਹਾਂ ਸਿੱਖਾਂ ਨੇ ਕੱਛ ਦੀ ਬੇਆਬਾਦ ਜ਼ਮੀਨ ਨੂੰ ਆਪਣੀ ਸਾਲਾਂਬੱਧੀ ਮਿਹਨਤ ਕਰਕੇ ਵਾਹੀਯੋਗ ਬਣਾਇਆ। ਹਾਈਕੋਰਟ ਵੱਲੋਂ ਕੱਛ ਦੇ ਸਿੱਖਾਂ ਦੇ ਹੱਕ ਵਿੱਚ ਫੈਸਲਾ ਕਰ ਕੇ ਉਨ੍ਹਾਂ ਨੂੰ ਉੱਥੇ ਰਹਿਣ ਦਾ ਹੁਕਮ ਸੁਣਾ ਦਿੱਤਾ ਪਰ ਭਾਜਪਾ ਦੀ ਸਰਕਾਰ ਨੇ ਇਸ ਫੈਸਲੇ ਨੂੰ ਵੀ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੋਈ ਹੈ। ਖਹਿਰਾ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੇ ਸੂਬੇ ਗੁਜਰਾਤ ਵਿੱਚ ਵੀ ਗੈਰ ਗੁਜਰਾਤੀਆਂ ਨੂੰ ਵੋਟ ਪਾਉਣ ਅਤੇ ਮਕਾਨ ਖਰੀਦਣ ਦਾ ਅਧਿਕਾਰ ਨਹੀਂ, ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਿੱਚ ਹੋ ਰਿਹਾ ਹੈ। ਇਸੇ ਆਧਾਰ 'ਤੇ ਅਸੀਂ ਇਹ ਗੱਲ ਕੀਤੀ ਸੀ ਕਿ ਗੈਰ ਪੰਜਾਬੀਆਂ ਨੂੰ ਵੋਟ ਪਾਉਣ ਅਤੇ ਪੱਕੇ ਤੌਰ 'ਤੇ ਰਹਿਣ ਲਈ ਸ਼ਰਤਾਂ ਨਿਰਧਾਰਤ ਕੀਤੀਆਂ ਜਾਣ।

## ਸ਼ਿਵਾਲਿਕ ਪਬਲਿਕ ਸਕੂਲ ਫਲੀਆਂਵਾਲਾ 'ਚ ਇਨਵੈਸਟੀਚਰ ਸੈਰੇਮਨੀ ਸਮਾਗਮ



**ਜਲਾਲਾਬਾਦ, (ਜੀਤ ਕੁਮਾਰ)**-ਅੱਜ ਸ਼ਿਵਾਲਿਕ ਪਬਲਿਕ ਸਕੂਲ ਫਲੀਆਂਵਾਲਾ ਵਿਖੇ ਇਨਵੈਸਟੀਚਰ ਸੈਰੇਮਨੀ ਸਮਾਗਮ ਕਰਵਾਇਆ ਗਿਆ। ਜਿਸ ਦਾ ਸੰਚਾਲਨ ਸਕੂਲ ਦੇ ਚੇਅਰਮੈਨ ਸੰਜੀਵ ਦਹੂਜਾ, ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਪ੍ਰਿੰਸੀਪਲ ਸ਼ਗੁਫਤਾ ਸ਼ਰਮਾ ਨੇ ਕੀਤਾ। ਇਸ ਸਮਾਗਮ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਰਮੋਲਾ ਦਹੂਜਾ ਨੇ ਵੀ ਸ਼ਿਰਕਤ ਕੀਤੀ। ਪ੍ਰਿੰਸੀਪਲ ਸ਼ਗੁਫ਼ਤਾ ਸ਼ਰਮਾ ਅਤੇ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨੇ ਨਵੇਂ ਚੁਣੇ ਗਏ ਬੱਚਿਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ 'ਤੇ ਚੱਲਣ ਲਈ ਪ੍ਰੇਰਿਤ ਵੀ ਕੀਤਾ। ਉਨ੍ਹਾਂ ਬੱਚਿਆਂ ਨੂੰ ਬੈਜ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਸਮਾਰੋਹ ਵਿੱਚ ਬੱਚਿਆਂ ਵਿੱਚ ਜ਼ਿੰਮੇਵਾਰੀ, ਅਨੁਸ਼ਾਸਨ ਅਤੇ ਸੇਵਾ ਦੀ ਭਾਵਨਾ ਪੈਦਾ ਕਰਨ ਲਈ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਨਵੈਸਟੀਚਰ ਸੈਰੇਮਨੀ ਦੇ ਇਸ ਅਹਿਮ ਮੌਕੇ 'ਤੇ ਸਕੂਲ ਦੇ ਸਮੂਹ ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਇਨਵੈਸਟੀਚਰ ਸੈਰੇਮਨੀ ਵਿੱਚ ਨਵੇਂ ਚੁਣੇ ਵਿਦਿਆਰਥੀ ਕੌਂਸਲ ਦੇ ਨੁਮਾਇੰਦਿਆਂ ਨੂੰ ਕੁਝ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਸੌਂਪੀਆਂ ਜਾਂਦੀਆਂ ਹਨ। ਨੌਜਵਾਨ ਆਗੂ ਨਾ ਸਿਰਫ਼ ਮਾਰਗਦਰਸ਼ਨ ਕਰਦੇ ਹਨ ਸਗੋਂ ਹੋਰ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕਰਦੇ ਹਨ ਕਿ ਕਿਵੇਂ ਆਪਣੀ ਰਣਨੀਤਕ ਯੋਜਨਾਬੰਦੀ, ਸਮੱਸਿਆਵਾਂ ਨੂੰ ਹੱਲ ਕਰਨ ਦੇ ਸੰਗਠਨਾਤਮਕ ਅਤੇ ਸੰਚਾਰ ਹੁਨਰ ਨਾਲ ਸਕੂਲੀ ਗੀਤ ਪੇਸ਼ ਕੀਤੇ ਗਏ। ਚੁਣੇ ਗਏ ਬੱਚਿਆਂ ਨੇ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਸਹੁੰ ਚੁੱਕੀ।

23-MAY-PAGE-11-Majha-24.qxd 5/22/2024 10:40 PM Page 1



# ਪਿੰਡਾਂ 'ਚੋਂ ਕਿਸਾਨਾਂ ਤੇ ਮਜ਼ਦੂਰਾਂ ਦਾ ਵੱਡਾ ਜਥਾ ਸ਼ੰਭੂ ਬਾਰਡਰ ਲਈ ਰਵੀਨਾ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸ਼ੰਭੂ ਬਾਰਡਰ 'ਤੇ ਚੱਲ ਰਹੇ ਮੋਰਚੇ ਦੇ ਅੱਜ ਸੌ ਦਿਨ ਪੂਰੇ ਹੋਣ 'ਤੇ ਮੋਰਚੇ ਦਾ ਸੌ ਦਿਨਾ ਮਨਾਉਣ ਲਈ ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਸਕੱਤਰ ਸਤਨਾਮ ਸਿੰਘ ਖਾਨਮਲੱਕ ਦੀ ਅਗਵਾਈ ਵਿੱਚ ਦੋ ਬੱਸਾਂ ਅਤੇ ਇਕ ਗੱਡੀ ਵਿੱਚ ਵੱਖ-ਵੱਖ ਪਿੰਡਾਂ ਵਿੱਚੋਂ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਅਤੇ ਬੀਬੀਆਂ ਦੀ ਸੰਗਤ ਦਾ ਵੱਡਾ ਜਥਾ ਸ਼ੰਭੂ ਬਾਰਡਰ ਲਈ ਰਵਾਨਾ ਹੋਇਆ।

ਜਥਾ ਰਵਾਨਾ ਹੋਣ ਸਮੇਂ ਮੋਰਚੇ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਅਤੇ ਪ੍ਰਣ ਲਿਆ ਕਿ ਜਦੋਂ ਤੱਕ ਸਰਕਾਰਾਂ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਮੁਲਾਜ਼ਮਾਂ ਦੇ ਮੰਗ ਮਸਲੇ ਹੱਲ ਨਹੀ ਕਰਦੀਆਂ ਤੱਦ ਤੱਕ ਮੋਰਚੇ ਇਸੇ ਤਰ੍ਹਾਂ ਚੱਲਦੇ ਰਹਿਣਗੇ ਤੇ ਸੰਗਤਾਂ ਹਾਜ਼ਰੀਆਂ ਭਰਦੀਆਂ ਰਹਿਣਗੀਆਂ। ਇਸ ਮੌਕੇ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਅਤੇ ਸਕੱਤਰ ਸਤਨਾਮ ਸਿੰਘ ਖਾਨਮਲੱਕ ਨੇ ਕਿਹਾ ਮੋਰਚੇ ਦਾ ਸੌ ਦਿਨਾ ਮਨਾਉਣ ਲਈ ਅੱਜ ਸ਼ੰਭੂ ਬਾਰਡਰ 'ਤੇ ਲੱਖਾਂ ਦਾ ਇਕੱਠ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਮਸਲੇ ਤੁਰੰਤ ਹੱਲ ਕੀਤੇ ਜਾਣ ਨਹੀਂ ਤਾਂ ਧਰਨੇ ਤੇ ਸੰਘਰਸ਼ ਹੋਰ ਤਿੱਖੇ ਕੀਤੇ ਜਾਣਗੇ।

ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਵੱਖ-ਵੱਖ ਪਿੰਡਾਂ ਦੀਆਂ ਇਕਾਈਆਂ ਦੇ ਆਗੂਆਂ ਪ੍ਰਧਾਨ ਅਜੀਤ ਸਿੰਘ ਗਿੱਲਮੰਜ, ਸਾਹਿਬ ਸਿੰਘ, ਮਨਦੀਪ ਕੌਰ ਧਾਰੀਵਾਲ ਕਲਾਂ, ਗੁਰਨਾਮ ਸਿੰਘ ਖਾਨਮਲੱਕ, ਸਰਬਜੀਤ ਕੌਰ ਜੱਫਰਵਾਲ, ਪਿੰਕੀ ਕਲਿਆਣਪੁਰ, ਦਿਲਬਾਗ਼ ਸਿੰਘ ਬੱਬਰੀ, ਪਰਮਜੀਤ ਕੌਰ ਤਿੱਬੜ ਅਮਰੀਕ ਸਿੰਘ ਲੋਦੀਪੁਰ, ਹੇਮ ਸਿੰਘ ਸਰਸਪੁਰ ਆਦਿ ਸਮੇਤ ਵੱਡੀ ਗਿਣਤੀ ਪਿੰਡਾਂ ਇਕਾਈਆਂ ਦੇ

# ਭਾਜਪਾ ਹਰਾਉ, ਦੇਸ਼ ਬਚਾਉ, ਸੰਵਿਧਾਨ ਬਚਾਉ: ਦੇਵੀ ਕੁਮਾਰੀ

## * ਰੋਜ਼ਗਾਰ ਦੀ ਗਰੰਟੀ ਦਾ ਕਾਨੂੰਨ ਬਣਵਾਉਣਾ ਸਾਡੀ ਜ਼ਿੰਮੇਵਾਰੀ : ਗੁਰਦਿਆਲ ਸਿੰਘ

**ਤਰਨ ਤਾਰਨ (ਪੱਤਰ ਪ੍ਰੇਰਕ)**-ਸੀਪੀਆਈ ਅਤੇ ਸੀਪੀਆਈਐੱਮ ਹਲਕਾ ਖਡੂਰ ਸਹਿਬ ਦੇ ਉਮੀਦਵਾਰ ਕਾਮਰੇਡ ਗੁਰਦਿਆਲ ਸਿੰਘ ਦੇ ਹੱਕ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਦੀ ਅਗਵਾਈ ਹੇਠ ਪਿੰਡ ਕੋਟ ਬੁੱਢਾ, ਸੀਤੋ, ਭੱਠਲ ਸਹਿਜਾ ਸਿੰਘ ਵਿਖੇ ਸਾਥੀ ਅਮਨਦੀਪ ਸਿੰਘ, ਪ੍ਰਤਾਪ ਸਿੰਘ ਅਤੇ ਹਰਦੀਪ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗਾਂ ਕੀਤੀਆਂ ਗਈਆਂ।

ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਸਖਤ ਨੁਕਤਾਚੀਨੀ ਕੀਤੀ ਅਤੇ ਕਿਹਾ ਕਿ ਮੋਦੀ ਸਰਕਾਰ ਦੇ ਦਸ ਸਾਲਾ ਕਾਰਜ ਕਾਲ ਦੌਰਾਨ ਲੋਕ ਤੰਗੀਆਂ ਤੁਰਸ਼ੀਆਂ ਦਾ ਸ਼ਿਕਾਰ ਹੋਏ ਹਨ ਕਿਉਂਕਿ ਮੋਦੀ ਸਰਕਾਰ ਨੇ ਲੋਕਾਂ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ, ਸੀਏਏ ਅਤੇ ਨਵੇਂ ਖੇਤੀ ਕਾਨੂੰਨਾਂ ਵਰਗੇ ਭਿਆਨਕ ਕਾਨੂੰਨ ਲਿਆ ਕੇ ਸਾਰੇ ਕਿਰਤੀ ਵਰਗ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਜ਼ਦੂਰਾਂ ਲਈ ਨਵੇਂ ਲੇਬਰ ਕੋਡ ਲਾਗੂ ਕਰਕੇ ਬੇਰੋਜ਼ਗਾਰੀ ਵੱਲ ਧੱਕਿਆ ਜਾ ਰਿਹਾ ਹੈ ਅਤੇ ਸਾਰੇ ਸਰਕਾਰੀ ਅਦਾਰੇ ਕਾਰਪੋਰੇਟ ਘਰਾਨਿਆਂ ਨੂੰ ਵੇਚੇ ਜਾ ਰਹੇ ਹਨ।



ਕਮਿਊਨਿਸਟਾਂ ਵੱਲੋਂ ਕੁਰਬਾਨੀਆਂ ਨਾਲ ਲਏ ਹੋਏ ਕਾਨੂੰਨ ਮਨਰੇਗਾ ਅਤੇ ਆਰਟੀਆਈ ਨੂੰ ਤੋੜਨ-ਮਰੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਸ ਲਈ ਦੇਸ਼ ਦੇ ਲੋਕਾਂ ਨਾਲ ਹੋ ਰਹੇ ਧੱਕੇ ਤੋਂ ਨਿਜਾਤ ਦਿਵਾਉਣ ਲਈ ਮੋਦੀ ਨੂੰ ਹਰਾਉਣਾ ਅਤੇ ਦੇਸ਼ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ।ਇਸ ਲਈ ਪਹਿਲੀ ਜੂਨ ਵਾਲੇ ਦਿਨ ਦਾਤਰੀ-ਸਿੱਟੇ ਦਾ ਬਟਨ ਦਬਾ ਕੇ ਕਾਮਰੇਡ ਗੁਰਦਿਆਲ ਸਿੰਘ ਨੂੰ ਕਾਮਯਾਬ ਕਰੋ ਤਾਂ ਕਿ ਉਹ ਪਾਰਲੀਮੈਂਟ ਵਿੱਚ ਜਾ ਕੇ ਤੁਹਾਡੀ ਆਵਾਜ਼ ਬੁਲੰਦ ਕਰ ਸਕਣ।ਕਾਮਰੇਡ ਗੁਰਦਿਆਲ ਸਿੰਘ ਨੇ ਕਿਹਾ ਕਿ ਮੈਂ ਯਕੀਨ ਦਿਵਾਉਂਦਾ ਹਾਂ ਕਿ ਮੈਂ ਪਾਰਲੀਮੈਂਟ ਵਿੱਚ ਜਾ ਕੇ ਪੰਜਾਬ ਦੀ ਜਵਾਨੀ ਨੂੰ ਵਿਦੇਸ਼ਾਂ ਵਿੱਚ ਧੱਕੇ ਖਾਣ ਤੋਂ ਬਚਾਉਣ ਲਈ, ਭਗਤ ਸਿੰਘ ਰੋਜ਼ਗਾਰ ਗਰੰਟੀ ਕਾਨੂੰਨ ਬਣਵਾਉਣ ਲਈ, ਮਨਰੇਗਾ ਕਾਮਿਆਂ ਲਈ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ 1000 ਰੁਪਏ ਦਿਵਾਉਣ ਲਈ ਤੁਹਾਡੀ ਆਵਾਜ਼ ਪਾਰਲੀਮੈਂਟ ਵਿੱਚ ਉਠਾਵਾਂਗਾ।

ਤੁਸੀਂ ਇੱਕ ਜੂਨ ਵਾਲੇ ਦਿਨ ਦਾਤਰੀ-ਸਿੱਟੇ ਦਾ ਬਟਨ ਦਬਾ ਕੇ ਮੈਨੂੰ ਪਾਰਲੀਮੈਂਟ ਵਿੱਚ ਭੇਜੋ।ਇਸ ਮੌਕੇ ਘੁੱਕ ਵੇਈਂਪੂਈਂ, ਬਲਵਿੰਦਰ ਸਿੰਘ ਭਰੋਵਾਲ, ਜਸਵੰਤ ਸਿੰਘ ਖਡੂਰ ਸਹਿਬ, ਮੇਜਰ ਸਿੰਘ, ਬਾਬਾ ਬਲਕਾਰ ਸਿੰਘ, ਸਤਨਾਮ ਸਿੰਘ, ਕੰਵਲਜੀਤ ਕੌਰ, ਅਮਨਦੀਪ ਕੌਰ, ਕਿਰਨ ਕੌਰ, ਜੰਗ ਸਿੰਘ, ਗੁਰਨਾਮ ਸਿੰਘ ਭੱਠਲ ਆਦਿ ਹਾਜ਼ਰ ਸਨ।

# ਬੇਲਦਾਰ ਰਿਸ਼ਵਤ ਲੈਂਦਾ ਕਾਬੂ



ਅੰਮ੍ਰਿਤਸਰ, ਨਰਿਦਰਜੀਤ ਸਿੰਘ)—ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਮੰਗਲਵਾਰ ਨੂੰ ਜ਼ਿਲ੍ਹਾ ਜੰਗਲਾਤ ਦਫਤਰ ਖਾਸਾ, ਅੰਮ੍ਰਿਤਸਰ ਵਿਖੇ ਬੇਲਦਾਰ ਵਜੋਂ ਤਾਇਨਾਤ ਨਿਰਮਲ ਸਿੰਘ ਨੂੰ 10000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜਮ ਨੂੰ ਜੋਬਨਦੀਪ ਸਿੰਘ ਵਾਸੀ ਪਿੰਡ ਘਰਿੰਡਾ, ਤਹਿਸੀਲ ਅਟਾਰੀ ਵੱਲੋਂ ਦਰਜ ਕਰਵਾਈ ਗਈ ਸਕਿਾਇਤ ਦੇ ਆਧਾਰ ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰਕੇ ਦੱਸਿਆ ਹੈ ਕਿ ਉਹ ਲੱਕੜ ਦਾ ਆਰਾ ਲਾਉਣਾ ਚਾਹੁੰਦਾ ਹੈ ਅਤੇ ਉਕਤ ਬੇਲਦਾਰ ਨੇ ਉਸਨੂੰ ਲਾਇਸੈਂਸ ਜਾਰੀ ਕਰਾਉਣ ਵਿੱਚ ਮਦਦ ਕਰਨ ਬਦਲੇ 10000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ। ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

# ਬਾਸਰਕੇ ਗਿੱਲਾਂ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਗੁਰਦੁਆਰਾ ਜਨਮ ਅਸਥਾਨ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ ਦੀ ਤਰ੍ਹਾਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਕਾਰ ਸੇਵਕ ਬਾਬਾ ਖੜਕ ਸਿੰਘ ਬਾਬਾ ਦਰਸ਼ਨ ਸਿੰਘ ਜੀ ਸੰਪਰਦਾਇ ਵਲੋਂ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੇ ਪ੍ਰਬੰਧਾਂ ਹੇਠ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਸ੍ਰੀ ਅਖੰਡ ਪਾਠ ਦੇ ਭੋਗ ਤੇ ਸ਼ਬਦ ਉਪਰੰਤ ਭਾਰੀ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਪ੍ਰਸਿੱਧ ਢਾਡੀ ਜੱਥਿਆਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵਨੀ ਬਾਰੇ ਇਤਿਹਾਸ ਸਮੂਹ ਸਾਧ ਸੰਗਤਾਂ ਨੂੰ ਸਰਵਣ ਕਰਵਾਇਆ।ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸਰਬੱਤ ਦੇ ਭਲੇ ਲਈ ਦਿਲੀ ਕਾਮਨਾਵਾਂ ਦੀ ਪੂਰਤੀ ਲਈ ਅਰਦਾਸਾਂ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਨਤਮਸਤਕ ਹੋਈਆਂ। ਸਾਰਾ ਦਿਨ ਸਮੂਹ ਸਾਧ ਸੰਗਤਾਂ ਲਈ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ ਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।ਇਸ ਮੌਕੇ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਦੇ ਜਥੇਦਾਰ ਬਾਬਾ ਭੋਲਾ ਸਿੰਘ, ਰਜਵੰਤ ਸਿੰਘ ਜੱਜ ਕਸੇਲ, ਦਵਿੰਦਰ ਸਿੰਘ, ਕਰਨੈਲ ਸਿੰਘ ਠੱਠਗੜ੍ਹ, ਕੁਲਵਿੰਦਰ ਸਿੰਘ ਫੌਜੀ ਐਮਾ, ਸਤਨਾਮ ਸਿੰਘ ਐਮਾ, ਸੰਤੋਖ ਸਿੰਘ ਠੇਕੇਦਾਰ, ਕਸ਼ਮੀਰ ਸਿੰਘ ਬਘਿਆੜੀ ਮੈਂਬਰ ਕਾਲਜ ਕਮੇਟੀ, ਗੁਰਨਾਮ ਸਿੰਘ ਚੜ੍ਹਦੀ ਕਲਾ, ਹੈੱਡ ਗ੍ਰੰਥੀ ਗਿਆਨੀ ਨੱਥਾ ਸਿੰਘ, ਰਛਪਾਲ ਸਿੰਘ, ਗ੍ਰੰਥੀ ਭੁਪਿੰਦਰ ਸਿੰਘ, ਸਾਬਕਾ ਸਰਪੰਚ ਮੋਤਾ ਸਿੰਘ, ਪਲਵਿੰਦਰ ਸਿੰਘ ਐਮਾ, ਭਾਈ ਕਸ਼ਮੀਰ ਸਿੰਘ ਬਘਿਆੜੀ, ਬਾਬਾ ਸੱਤਾ, ਬਾਬਾ ਮਹਿੰਗਾ ਸਿੰਘ, ਬਾਬਾ ਗੁਰਨਾਮ ਸਿੰਘ ਆਦਿ ਤੋਂ ਇਲਾਵਾ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਆਈਆਂ ਸਮੂਹ ਸਾਧ ਸੰਗਤਾਂ ਹਾਜ਼ਰ ਸਨ।

# ਠਾਠਾਂ ਮਾਰਦੇ ਇਕੱਠ ਧਾਲੀਵਾਲ ਦੀ ਜਿੱਤ ਦੀ ਗਵਾਹੀ ਭਰਦੇ: ਡਾ. ਵੇਰਕਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਆਮ ਆਦਮੀ ਪਾਰਟੀ ਦੇ ਆਗੂ ਅਤੇ ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਵੇਰਕਾ ਨੇ ਕਿਹਾ ਕਿ ਲੋਕ ਨਫਰਤ ਦੀ ਰਾਜਨੀਤੀ ਕਰਨ ਵਾਲਿਆਂ ਨੂੰ ਮੂੰਹ ਨਹੀਂ ਲਾਉਣਗੇ ਕਿਉਂਕਿ ਲੋਕ ਸਭ ਕੁੱਝ ਜਾਣ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਾਸੀ ਕੁਲਦੀਪ ਸਿੰਘ ਧਾਲੀਵਾਲ ਦੀ ਜਿੱਤ ਨੂੰ ਲੈ ਕੇ ਪੱਬਾਂ ਭਾਰ ਹੋ ਰਹੇ ਹਨ ਅਤੇ ਉਨ੍ਹਾਂ ਦੀ ਜਿੱਤ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਵੀ ਪਾਇਆ ਜਾ ਰਿਹਾ ਹੈ। ਡਾਕਟਰ ਵੇਰਕਾ ਨੇ ਸੰਨੀ ਇਨਕਲੇਵ ਅਤੇ ਲੁਹਾਰਕਾ ਰੋਡ ਵਿਖੇ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੁਲਦੀਪ ਸਿੰਘ ਧਾਲੀਵਾਲ ਦਾ ਥਾਂ-ਥਾਂ 'ਤੇ ਸਵਾਗਤ ਹੋਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਉਨ੍ਹਾਂ ਦੀ ਜਿੱਤ ਯਕੀਨੀ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਾਰੇ ਵਰਗਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਨੀਤੀਆਂ ਤੋਂ ਲੋਕ ਖੁਸ਼ ਅਤੇ ਸੰਤਸ਼ਟ ਹਨ ਜਿਸ ਵਿੱਚ ਬਿਜਲੀ ਮੁਫਤ ਦੇਣਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਤੋਂ ਆਪ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਭਾਰੀ ਬਹੁਮਤ ਨਾਲ ਸ਼ਾਨਦਾਰ ਜਿੱਤ ਹਾਸਲ ਕਰਨਗੇ।

ਇਸ ਮੌਕੇ ਡਾਕਟਰ ਵੇਰਕਾ ਵੱਲੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

# ਮੋਦੀ ਦੀਆਂ ਝੂਠੀਆਂ ਗਰੰਟੀਆਂ ਦੀ ਪੋਲ ਖੋਲ੍ਹਣਗੀਆਂ ਪੰਜਾਬ 'ਚ ਲੋਕ ਸਭਾ ਚੋਣਾਂ: ਕਟਾਰੂਚੱਕ



ਪਠਾਨਕੋਟ (ਦਵਿੰਦਰ ਸਿੰਘ)-ਮੋਦੀ ਦੀਆਂ ਝੂਠੀਆਂ ਗਰੰਟੀ ਦੀ ਪੋਲ ਪੰਜਾਬ ਵਿੱਚ 1 ਜੂਨ ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀ ਭਾਜਪਾ ਤੋਂ ਦੁਖੀ ਜਨਤਾ ਖੋਲ੍ਹੇਗੀ।ਚਾਹੇ ਗੱਲ ਕਿਸਾਨ ਭਰਾਵਾਂ ਨੂੰ ਲੈ ਕੇ ਹੋਵੇ ਜਾਂ ਫਿਰ ਪ੍ਰਦੇਸ਼ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਲੈ ਕੇ, ਹਰ ਕੋਈ ਪਰੇਸ਼ਾਨ ਹੈ।ਇਹ ਸ਼ਬਦ ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਨੇ ਪਿੰਡ ਹੈਬਤ ਪਿੰਡੀ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਹੇ।ਦੱਸਣਯੋਗ ਹੈ ਕਿ ਬੁੱਧਵਾਰ ਨੂੰ ਵਿਧਾਨ ਸਭਾ ਹਲਕਾ ਭੋਆ ਤੋਂ ਕੈਂਪੇਨ ਇੰਚਾਰਜ ਅਤੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਲੋਕਸਭਾ ਹਲਕਾ ਗੁਰਦਾਸਪੁਰ ਤੋਂ ਉਮੀਦਵਾਰ ਅਮਨ ਸ਼ੇਰ ਸਿੰਘ ਉਰਫ ਸ਼ੈਰੀ ਕਲਸੀ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਗਿਆ।ਚੋਣ ਪ੍ਰਚਾਰ ਪਿੰਡ ਭਟੋਆ ਤੋਂ ਸ਼ੁਰੂ ਹੋ ਕੇ ਪਿੰਡ ਅਲੀਖਾ, ਮਦੀਨਪੁਰ, ਹੈਬਤ ਪਿੰਡੀ, ਕੋਹਲੀਆਂ, ਬਮਿਆਲ, ਜਣਿਆਲ ਆਦਿ ਸਣੇ ਦਰਜਨਾਂ ਪਿੰਡਾਂ ਵਿੱਚ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਪ੍ਰਤੀ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ।ਲੋਕਾਂ ਵੱਲੋਂ ਵੀ ਪਾਰਟੀ ਨੂੰ ਭਾਰੀ ਸਮਰਥਨ ਦੇ ਕੇ ਬਹੁਮਤ ਨਾਲ ਜਿਤਾਉਣ ਦਾ ਵਾਅਦਾ ਕੀਤਾ ਗਿਆ।ਪਿੰਡ ਵਾਸੀ ਮਹਿੰਦਰ ਸਿੰਘ, ਅਨੀਤਾ ਸੈਣੀ, ਵੰਦਨਾ ਸਿੰਘ, ਕਲਭੂਸ਼ਨ ਮਨਹਾਸ, ਮਨਿੰਦਰ ਕੌਰ, ਹਰਸ਼ਿਤ ਰਾਣਾ ਆਦਿ ਨੇ ਸਾਂਝੇ ਰੂਪ ਵਿੱਚ ਦੱਸਿਆ ਕਿ ਅਕਾਲੀ ਭਾਜਪਾ ਅਤੇ ਕਾਂਗਰਸ ਨੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਖੋਖਲਾ ਕਰਕੇ ਰੱਖ ਦਿੱਤਾ ਹੈ।ਉਨ੍ਹਾਂ ਆਖਿਆ ਕਿ ਪੰਜਾਬ ਵਿੱਚ ਆਮ ਆਦਮੀ ਬਣਨ ਤੋਂ ਬਾਅਦ ਭ੍ਰਿਸ਼ਟਾਚਾਰੀ ਤੇ ਵੱਡੀ ਲਗਾਮ ਲੱਗੀ ਹੈ। ਗਰੀਬ ਪਰਿਵਾਰਾਂ ਦੇ ਲੋਕਾਂ ਨੂੰ ਵੀ ਨੌਕਰੀਆਂ ਮਿਲੀਆਂ ਹਨ ਜਿਸ ਦੇ ਸਿੱਟੇ ਵਜੋਂ ਉਹ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਸਮਰਥਨ ਕਰਨਗੇ। ਇਸ ਦੌਰਾਨ ਸਰਪੰਚਾਂ ਪੰਚਾ ਅਤੇ ਸੈਂਕੜੇ ਲੋਕਾਂ ਵੱਲੋਂ ਕੈਬਿਨਟ ਮੰਤਰੀ ਲਾਲ ਚੰਦ ਦੀ ਰਹਿਨੁਮਾਈ ਹੇਠ ਪਾਰਟੀ ਦਾ ਹੱਥ ਥੰਮ੍ਹਿਆ।ਲੋਕਾਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਇੱਕ ਸਾਫ ਸੁਥਰੀ ਅਤੇ ਜਨਹਿਤ ਪਾਰਟੀ ਹੈ ਜਿਹੜੀ ਪੰਜਾਬ ਦੀ ਬਿਹਤਰ ਭਲਾਈ ਲਈ ਲਗਾਤਾਰ ਦਿਨ ਰਾਤ ਮਿਹਨਤ ਕਰ ਰਹੀ ਹੈ।ਇਸ ਮੌਕੇ ਸੋਹਣ ਭਟੋਆ, ਕੁਲਦੀਪ ਪਟਵਾ, ਕੁਲਦੀਪ ਰਕਵਾਲ, ਜੰਗ ਬਹਾਦਰ, ਨਰੇਸ਼ ਸੈਣੀ, ਵਿਕਾਸ ਸਲਾਰੀਆ, ਸੰਦੀਪ ਕੌਰ, ਸਰਬਜੀਤ, ਹੀਰਾ, ਸਨੀ ਟੰਗੋਸ਼ਾਹ, ਰਜਨੀ, ਉਤਮ ਸਿੰਘ, ਸਾਬਕਾ ਸਰਪੰਚ ਰਜਿੰਦਰ, ਸਰਪੰਚ ਯੋਗਰਾਜ ਸੈਦੀਪੁਰ, ਰਾਜਾ ਸੈਣੀ, ਅਸ਼ਵਨੀ ਬੇੜੋਚੱਕ, ਰਮਨ, ਸਰਪੰਚ ਵਿੱਕੀ, ਹੈਪੀ, ਬਿਆਸ, ਸਰਪੰਚ ਵਿਟੂ ਹੈਬਤਪਿੰਡੀ ਅਤੇ ਪਵਨ ਆਦੀ ਮੌਜੂਦ ਸਨ।

# ਸੁੱਚਾ ਸਿੰਘ ਲੰਗਾਹ ਵੱਲੋਂ ਅਕਾਲੀ ਦਲ ਦੀ ਹਮਾਇਤ 'ਚ ਚੋਣ ਰੈਲੀ



**ਕਲਾਨੌਰ (ਮਨਦੀਪ ਕੋਹਲੀ)**-ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਪੰਜਾਬ ਦੇ ਕੈਬਨਟ ਮੰਤਰੀ ਰਹੇ, ਪਰ ਅੱਜ ਕੱਲ ਅਕਾਲੀ ਦਲ ਵਿੱਚੋਂ ਬਾਹਰ ਚੱਲ ਰਹੇ ਸੁੱਚਾ ਸਿੰਘ ਲੰਗਾਹ ਨੇ ਕਲਾਨੌਰ ਵਿਖੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਪਹੁੰਚੇ ਭਰਵੇਂ ਇਕੱਠ ਦੌਰਾਨ ਕਿਹਾ ਕਿ ਭਾਵੇਂ ਮੈਂ ਇਸ ਟਾਈਮ ਅਕਾਲੀ ਦਲ ਪਾਰਟੀ ਵਿੱਚ ਨਹੀਂ ਹਾਂ ਪਰ ਉਹ ਡਾਂਗ ਫੜ ਕੇ ਅਕਾਲੀ ਦਲ ਵਿੱਚ ਪਏ ਗੰਦ ਨੂੰ ਜ਼ਰੂਰ ਬਾਹਰ ਕੱਢਣਗੇ। ਇਸ ਮੌਕੇ ਉਨ੍ਹਾਂ ਕਿਹਾ ਕਿ ਮੈਂ ਅਕਾਲੀ ਸੀ, ਅਕਾਲੀ ਹਾਂ ਅਤੇ ਅਕਾਲੀ ਹੀ ਰਹਾਂਗਾ ਕਿਉਂਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਸ ਨੂੰ ਦੋ ਵਾਰ ਕੈਬਨਿਟ ਮੰਤਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਅਤੇ ਜ਼ਿਲ੍ਹਾ ਜਥੇਦਾਰ ਬਣਾ ਕੇ ਸਤਿਕਾਰ ਦਿੱਤਾ ਹੈ।ਲੰਗਾਹ ਨੇ ਕਿਹਾ ਕਿ ਉਹ ਸੱਤ ਅੱਠ ਸਾਲ ਤੋਂ ਸ਼੍ਰੋਮਣੀ ਅਕਾਲੀ ਦਲ ਤੋਂ ਬਾਹਰ ਹਨ। ਇਸ ਦੌਰਾਨ ਕਾਂਗਰਸ ਨੇ ਅਕਾਲੀ ਦਲ ਵਿੱਚ ਆ ਕੇ ਅਕਾਲੀ ਦਲ ਨੂੰ ਤੀਲਾ-ਤੀਲਾ ਕਰਕੇ ਰੱਖ ਦਿੱਤਾ ਹੈ।ਲੋਕਾਂ ਦੇ ਇਕੱਠ ਵਿੱਚ ਸੰਬੋਧਨ ਕਰਦਿਆਂ ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਮੈਨੂੰ ਕਿਸੇ ਅਹੁਦੇ ਦੀ ਲੋੜ ਨਹੀਂ। ਇਸ ਮੌਕੇ ਲੰਗਾਹ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਮਹੀਨੇ ਦੇ ਕਰੋੜਾਂ ਰੁਪਏ ਖਰਚ ਕੇ ਪਾਰਟੀ ਨੂੰ ਚਲਾ ਰਹੇ ਹਨ।ਉਨ੍ਹਾਂ ਕਿਹਾ ਕਿ ਕਈ ਲੋਕ ਅਕਾਲੀ ਦਲ ਦੇ ਮਾੜੇ ਸਮੇਂ ਵਿੱਚ ਪਾਰਟੀ ਦੀ ਪਿੱਠ 'ਚ ਛੁਰਾ ਮਾਰ ਕੇ ਦੂਸਰੇ ਪਾਸੇ ਚਲ ਗਏ ਹਨ ਪਰ ਅਸੀਂ ਅੱਜ ਵੀ ਅਕਾਲੀ ਦਲ ਦੀ ਹਮਾਇਤ ਕਰਦੇ ਹਾਂ।

ਇਸ ਮੌਕੇ ਹੋਰਨਾਂ ਬੁਲਾਰਿਆਂ ਨੇ ਵੀ ਸੁੱਚਾ ਸਿੰਘ ਲੰਗਾਹ ਦੇ ਹੱਕ ਵਿੱਚ ਆਏ ਹੋਏ ਲੋਕਾਂ ਨੂੰ ਸੰਬੋਧਨ ਕੀਤਾ ਤੇ ਕਿਹਾ ਕਿ ਇਸ ਔਖੀ ਘੜੀ ਵਿੱਚ ਅਸੀਂ ਸਾਰੇ ਸੁੱਚਾ ਸਿੰਘ ਲਗਾ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੇ ਹਾਂ। ਇਸ ਮੌਕੇ ਸੁਖਜਿੰਦਰ ਸਿੰਘ ਸੋਨੂ ਲੰਗਾਹ, ਜਸਬੀਰ ਕੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ, ਸਾਬਕਾ ਚੇਅਰਮੈਨ ਤਰਲੋਕ ਸਿੰਘ ਛੋਟੇਪੁਰ ਤੋਂ ਇਲਾਵਾ ਸੁੱਚਾ ਸਿੰਘ ਲੰਗਾਹ ਦੀ ਹਮਾਇਤ ਕਰਨ ਵਾਲੇ ਅਨੇਕਾਂ ਵਰਕਰ ਹਾਜ਼ਰ ਸਨ।

# ਸਟੇਟ ਟੀਮ ਨੇ ਸੀ ਐੱਚ ਸੀ ਝਬਾਲ ਵਿਖੇ ਸਿਹਤ ਸੇਵਾਵਾਂ ਦਾ ਲਿਆ ਜਾਇਜ਼ਾ



ਸਰਾਏ ਅਮਾਨਤ ਖਾਂ (ਮੱਖਣ ਮਨੋਜ)—ਸਿਹਤ ਵਿਭਾਗ ਵਲੋਂ ਮਾਨਯੋਗ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਟੇਟ ਨੋਡਲ ਅਫਸਰ ਕਮ ਅਸਿਸਟੈਂਟ ਡਾਇਰੈਕਟਰ ਡਾ. ਗਗਨਦੀਪ ਸਿੰਘ ਗਰੋਵਰ ਅਤੇ ਉਨ੍ਹਾਂ ਦੀ ਟੀਮ ਵਲੋਂ ਸਿਵਲ ਸਰਜਨ ਡਾ. ਸੰਜੀਵ ਕੋਹਲੀ ਦੀ ਅਗਵਾਈ ਹੇਠਾਂ ਸੀਐੱਚਸੀ ਝਬਾਲ ਵਿਖੇ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ ਗਿਆ।ਇਸ ਦੌਰਾਨ ਉਨਾਂ ਵਲੋਂ ਜੱਚਾ-ਬੱਚਾ ਵਿਭਾਗ, ਓਪੀਡੀ., ਇੰਡੋਰ-ਵਾਰਡਾਂ, ਲੇਬਰ ਰੂਮ, ਐਮਰਜੈਂਸੀ, ਫਾਰਮੇਸੀ, ਲੈਬੋਰੇਟਰੀ, ਬਾਇਓ ਮੈਡੀਕਲ ਵੇਸਟ ਸਮੇਤ ਸਾਰੇ ਵਿੰਗਾਂ ਦੀ ਚੈਕਿੰਗ ਕੀਤੀ ਗਈ ਅਤੇ ਸਾਫ-ਸਫਾਈ ਆਦਿ ਦਾ ਜਾਇਜ਼ਾ ਵੀ ਲਿਆ।ਸੀਐੱਚਸੀ ਝਬਾਲ ਵਿਖੇ ਵੀ ਦਿੱਤੀਆਂ ਜਾ ਰਹੀਆਂ ਸਿਹਤ ਸੁਵਿਧਾਵਾਂ ਦਾ ਨਿਰੀਖਣ ਕੀਤਾ।ਸਟਾਫ ਨਾਲ ਮੀਟਿੰਗ ਕੀਤੀ ਅਤੇ ਸਿਹਤ ਸੇਵਾਵਾਂ ਵਿਚ ਹੋਰ ਬਿਹਤਰੀ ਲਿਆਓਣ ਸੰਬਧੀ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਦੇ ਨਾਲ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸੰਦੀਪ ਸਿੰਘ ਕਾਲੜਾ ਅਤੇ ਡਾ. ਸੁਖਜਿੰਦਰ ਸਿੰਘ ਵੀ ਮੌਜੂਦ ਸਨ।ਸੀਨੀਅਰ ਮੈਡੀਕਲ ਅਫਸਰ ਡਾ. ਰਾਜੂ ਚੋਹਾਨ ਨੇ ਆਈ ਟੀਮਾਂ ਨੂੰ ਭਰੋਸਾ ਦਿੱਤਾ ਕਿ ਸੀਐੱਚਸੀ ਝਬਾਲ ਦਾ ਪੂਰਾ ਸਟਾਫ ਬਹੁਤ ਮਿਹਨਤੀ ਹੈ ਅਤੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਨੂੰ ਲੋਕਾਂ ਤੱਕ ਪਹੁਚਾਉਣ ਲਈ ਪੂਰੀ ਤਰਾਂ ਤੱਤਪਰ ਰਹਿੰਦਾ ਹੈ।ਇਸ ਮੌਕੇ ਹੈਲਥ ਸੁਪਰਵਾਈਜ਼ਰ ਰਾਮ ਰਛਪਾਲ ਧਵਨ, ਗੁਰਬੀਰ ਸਿੰਘ ਪੰਡੋਰੀ, ਪਰਮਜੀਤ ਕੌਰ ਸਮੇਤ ਸਾਰਾ ਸਟਾਫ ਹਾਜ਼ਰ ਸੀ।

# ਮਹਿਰਾ ਬਰਾਦਰੀ ਗੋਤ ਢਿੱਗੀ ਦੀ ਸਾਲਾਨਾ ਮੇਲ ਸ਼ਰਧਾਪੂਰਵਕ ਮਨਾਈ



ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)-ਮਹਿਰਾ ਬਰਾਦਰੀ ਗੋਤਰ ਢਿੱਗੀ ਦੀ ਸਾਲਾਨਾ ਮੇਲ ਡੇਰੀ ਜਠੇਰੇ ਢਿੱਗੀ ਨੇੜੇ ਬਾਬਾ ਚੰਨਣ ਪੀਰ ਦੀ ਦਰਗਾਹ ਕਾਹਨੂੰਵਾਨ ਵਿਖੇ ਮੁੱਖ ਸੇਵਾਦਾਰ ਅਤੇ ਮਹਿਰਾ ਬਰਾਦਰੀ ਗੋਤਰ ਢਿੱਗੀ ਸਭਾ ਰਜਿ. ਦੇ ਪ੍ਰਧਾਨ ਰਾਮ ਲੁਭਾਇਆ ਦੇ ਪ੍ਰਬੰਧਾਂ ਹੇਠ ਸਮੂਹ ਬਰਾਦਰੀ ਦੇ ਸਹਿਯੋਗ ਨਾਲ ਮਨਾਈ ਗਈ। ਇਸ ਦੌਰਾਨ ਹੱਵਨ ਯੱਗ ਕਰਨ ਉਪਰੰਤ ਚਿਰਾਗ ਰੌਸ਼ਨ ਕਰਨ ਦੀ ਰਸਮ ਅਦਾ ਕਰਕੇ ਜਠੇਰਿਆਂ ਦੀ ਮਹਿਮਾ ਦਾ ਗੁਣਗਾਨ ਕਰਕੇ ਵੱਡ ਵਡੇਰਿਆਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸਾਲਾਨਾ ਜੋੜ ਮੇਲ ਵਿੱਚ ਵੱਡੀ ਗਿਣਤੀ ਵਿੱਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ/ਪਿੰਡਾਂ ਅਤੇ ਦੂਸਰੇ ਸੂਬਿਆਂ ਵਿੱਚੋਂ ਮਹਿਰਾ ਬਰਾਦਰੀ ਗੋਤਰ ਢਿੱਗੀ ਭਾਈਚਾਰੇ ਦੀਆਂ ਸੰਗਤਾਂ ਨੇ ਆਪਣੇ ਆਪਣੇ ਵੱਡ ਵਡੇਰਿਆਂ ਅੱਗੇ ਸੀਸ ਝੁਕਾਇਆ ਅਤੇ ਆਪਣੇ ਪਰਿਵਾਰਾਂ ਨੂੰ ਸੁੱਖ ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਦਿੱਤੀਆਂ ਦਾਤਾਂ ਸਬੰਧੀ ਜਠੇਰਿਆਂ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਰਾਮ ਲੁਭਾਇਆ ਨੇ ਦੱਸਿਆ ਕਿ ਇਹ ਮੇਲ ਹਰ ਸਾਲ ਜੇਠ ਮਹੀਨੇ ਦੇ ਪਲੇਠੇ ਐਤਵਾਰ ਮਨਾਈ ਜਾਂਦੀ ਹੈ ਅਤੇ ਹਰ ਸਾਲ ਵੱਧ ਰਹੀ ਸੰਗਤ ਨੂੰ ਦੇਖਦੇ ਹੋਏ ਪ੍ਰਬੰਧਾਂ ਵਿੱਚ ਹੋਰ ਸੁਧਾਰ ਲਿਆਓਣ ਦੀ ਜ਼ਰੂਰਤ ਹੈ। ਇਸ ਮੌਕੇ ਸੰਗਤ ਲਈ ਕੋਲਡ ਡਰਿੰਕ, ਫਲ ਫਰੂਟ, ਲੱਸੀ ਆਦਿ ਅਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ। ਇਸ ਮੌਕੇ ਪ੍ਰਧਾਨ ਰਾਮ ਲੁਭਾਇਆ, ਕੈਸ਼ੀਅਰ ਸੁਰਿੰਦਰ ਸਿੰਘ ਕਾਕਾ, ਸਕੱਤਰ ਇੰਦਰ ਜੀਤ, ਜਸਪਾਲ ਸਿੰਘ ਡੱਲਾ, ਜੈਮਲ ਸਿੰਘ, ਸੁਰਿੰਦਰ ਸਿੰਘ ਡੱਲਾ, ਅਮਰਜੀਤ ਸਿੰਘ ਗੁਰਦਾਸਪੁਰ, ਜੁਗਰਾਜ ਸਿੰਘ ਅੰਮ੍ਰਿਤਸਰ, ਦੀਪਕ ਕੁਮਾਰ ਗੁਰਦਾਸਪੁਰ, ਡਾ. ਸੁਖਦੇਵ ਸਿੰਘ, ਮਹਿੰਦਰ ਸਿੰਘ, ਜਗਦੀਸ਼ ਰਾਜ ਜਾਗੋਵਾਲ, ਦੀਪਕ ਰਾਣਾ ਕਾਹਨੂੰਵਾਨ, ਅਰੁਣ ਕੁਮਾਰ ਪੁਰਾਣਾ ਧਾਰੀਵਾਲ, ਸੁਖਜੀਵਨ ਕੁਮਾਰ ਲਾਡੀ ਆਦਿ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਨੇ ਸੇਵਾ ਕਰਦਿਆਂ ਜਠੇਰਿਆਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ 'ਤੇ ਯਾਤਰੀਆਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜਲਦ ਹੱਲ ਕਰਨ ਦੀ ਮੰਗ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਤੋਂ ਵਧੇਰੇ ਹਵਾਈ ਸੰਪਰਕ ਅਤੇ ਸੁਵਿਧਾਵਾਂ ਲਈ ਯਤਨਸ਼ੀਲ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਅੰਮ੍ਰਿਤਸਰ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਨੇ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਿਓਤਿਰਾਦਿੱਤਿਆ ਸਿੰਧੀਆ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਚੇਅਰਮੈਨ ਸੰਜੀਵ ਕੁਮਾਰ ਨੂੰ ਪੱਤਰ ਲਿਖ ਕੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਯਾਤਰੀਆਂ ਨੂੰ ਦਰਪੇਸ਼ ਮਸ਼ਕਲਾਂ ਨੂੰ ਉਜਾਗਰ ਕੀਤਾ ਹੈ। ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਭਾਰਤ ਦੇ ਕਨਵੀਨਰ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਸਕੱਤਰ ਯੋਗੇਸ਼ ਕਾਮਰਾ ਨੇ ਹਵਾਈ ਅੱਡੇ ਤੇ ਯਾਤਰੀਆਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਤੁਰੰਤ ਕਾਰਵਾਈ ਕਰਕੇ ਜਲਦ ਹੱਲ ਕਰਨ ਅਤੇ ਹਵਾਈ ਅੱਡੇ 'ਤੇ ਵਧੇਰੇ ਸਹੂਲਤਾਂ ਦੇਣ ਦੀ ਅਪੀਲ ਕੀਤੀ ਹੈ। ਇਨ੍ਹਾਂ ਆਗੂਆਂ ਨੇ ਲਿਖਿਆ ਹੈ ਕਿ ਹਵਾਈ ਅੱਡੇ ਤੇ ਯਾਤਰੀਆਂ ਦੀ ਰੋਜ਼ਾਨਾ ਆਵਾਜਾਈ 10,000 ਅਤੇ ਸਲਾਨਾ 30 ਲੱਖ ਤੋਂ ਵੱਧ ਹੋਣ ਦੇ ਨਾਲ, ਮੌਜੂਦਾ ਟਰਮੀਨਲ ਦੀ ਸੰਭਾਲ ਅਤੇ ਵਿਸਤਾਰ ਲਈ ਲੋੜੀਂਦੀ ਤੁਰੰਤ ਪ੍ਰਵਾਨਗੀ ਦਿੱਤੀ ਜਾਵੇ। ਯਾਤਰੀਆਂ ਦੀ ਆਵਾਜਾਈ ਵਧਣ ਨਾਲ ਟਰਮੀਨਲ ਦੀ ਐਂਟਰੀ, ਐਕਸ-ਰੇ, ਚੈੱਕ-ਇਨ ਕਾਊਂਟਰਾਂ, ਇਮੀਗਰੇਸ਼ਨ, ਸੁਰੱਖਿਆ ਜਾਂਚ, ਪਿੱਕ-ਅੱਪ ਡ੍ਰੋਪ ਖੇਤਰ 'ਚ ਲੰਮੀਆਂ ਲਾਈਨਾਂ ਅਤੇ ਜ਼ਿਆਦਾ ਭੀੜ ਹੋਣ ਨਾਲ ਯਾਤਰੀਆਂ ਨੂੰ ਖੱਜਲ-ਖੁਆਰੀ ਹੋ ਰਹੀ ਹੈ ਅਤੇ ਉਡਾਣ ਲੈਣ ਵਿੱਚ ਵੀ ਦੇਰੀ ਹੋ ਜਾਂਦੀ ਹੈ।

ਵੱਡੀ ਗਿਣਤੀ 'ਚ ਯਾਤਰੀ ਸਮਾਨ ਵਾਲੀਆਂ ਟਰਾਲੀਆਂ ਅਤੇ ਲੋੜੀਂਦੀ ਗਿਣਤੀ 'ਚ ਵ੍ਹੀਲਚੇਅਰਾਂ ਦੇ ਉਪਲੱਬਧ ਨਾ ਹੋਣ ਕਾਰਨ ਵੀ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਕਾਮਰਾ ਨੇ ਕਿਹਾ, ਮੰਗ ਪੱਤਰ 'ਚ ਹਵਾਈ ਅੱਡੇ ਦੇ ਰਵਾਨਗੀ ਵਾਲੇ ਟਰਮੀਨਲ ਦੇ ਅੰਦਰ ਜਾਣ ਵਾਲੇ ਗੇਟ ਤੇ ਲੰਗੀਆਂ ਲੰਮੀਆਂ ਕਤਾਰਾਂ ਨੂੰ ਦੂਰ ਕਰਨ ਲਈ ਦੂਜਾ ਗੇਟ ਖੋਲਣ ਦੀ ਬੇਨਤੀ ਕੀਤੀ ਗਈ ਹੈ। ਵੱਡੀ ਗਿਣਤੀ ਵਿੱਚ ਯਾਤਰੀ ਫਲਾਈ ਅੰਮ੍ਰਿਤਸਰ ਦੇ ਸੋਸ਼ਲ ਮੀਡੀਆ ਰਾਹੀਂ ਟਰਮੀਨਲ ਦੇ ਆਗਮਨ ਵਾਲੇ ਪਾਸੇ ਦੇ ਬਾਥਰੂਮ ਸਾਫ ਨਾ ਹੋਣ, ਏਅਰਪੋਰਟ ਦੇ ਸਟਾਫ ਦੁਆਰਾ ਆਗਮਨ ਅਤੇ ਰਵਾਨਗੀ ਵਾਲੇ ਪਾਸੇ ਯਾਤਰੀਆਂ ਦਾ ਸਾਮਾਨ ਟਰਾਲੀਆਂ ਤੇ ਰੱਖਣ ਲਈ ਜ਼ਬਰਦਸਤੀ ਮਦਦ ਕਰਕੇ ਵੱਧ ਪੈਸੇ ਮੰਗਣ ਅਤੇ ਜਿੰਨਾਂ ਨੂੰ ਮਦਦ ਦੀ ਲੋੜ ਹੈ, ਉਹਨਾਂ ਕੋਲੋਂ ਵੀ ਬਹੁਤ ਜ਼ਿਆਦਾ ਪੈਸੇ ਮੰਗਣ ਦੀ ਸ਼ਕਾਇਤ ਕਰ ਰਹੇ ਹਨ। ਆਗੂਆਂ ਨੇ ਅਥਾਰਟੀ ਨੂੰ ਪਾਰਕਿੰਗ ਦੇ ਠੇਕੇਦਾਰ ਵੱਲੋਂ ਵੱਧ ਕਿਰਾਇਆ ਵਸੂਲਣ ਸੰਬੰਧੀ ਗਈਆਂ ਸ਼ਕਾਇਤਾਂ ਅਤੇ ਪ੍ਰਬੰਧਕਾਂ ਵੱਲੋਂ ਕਈ ਵਾਰ ਜੁਰਮਾਨੇ ਕੀਤੇ ਜਾਣ ਦਾ ਹਵਾਲਾ ਦਿੰਦੇ ਹੋਏ ਇਸ ਦੇ ਪੱਕੇ ਹੱਲ ਲਈ ਫਾਸਟ-ਟੈਗ ਪ੍ਰਣਾਲੀ ਨੂੰ ਜਲਦ ਚਾਲ ਕਰਨ੍ਹ, ਨਵੀਂ ਬਹੁ-ਮੰਜ਼ਲਾ ਪਾਰਕਿੰਗ, ਪਿੱਕਅੱਪ ਅਤੇ ਡਰਾਪ ਖੇਤਰ ਨੂੰ ਆਧੁਨਿਕ ਤਰੀਕੇ ਨਾਲ ਵਿਕਾਸ ਅਤੇ ਸੁੰਦਰੀਕਰਨ ਕਰਨ ਦੀ ਬੇਨਤੀ ਕੀਤੀ ਹੈ।

ਇਸ ਦੇ ਨਾਲ ਉਨ੍ਹਾਂ ਏਅਰਪੋਰਟ ਦੀ ਪਹਿਲੀ ਮੰਜ਼ਿਲ 'ਤੇ ਅਯੋਗ ਘੋਸ਼ਣਾ ਪ੍ਰਣਾਲੀ, ਪੰਛੀ, ਚੂਹਿਆਂ ਅਤੇ ਮੱਛਰਾਂ ਦੀ ਮੌਜੂਦਗੀ, ਮੀਂਹ ਪੈਣ ਨਾਲ ਪਾਣੀ ਦੇ ਨਿਕਾਸ ਵਰਗੀਆਂ ਸਮੱਸਿਆਵਾਂ ਵੱਲ ਵੀ ਧਿਆਨ ਦੇਣ ਦੀ ਬੇਨਤੀ ਕੀਤੀ ਹੈ। ਗੁਮਟਾਲਾ ਨੇ ਹਵਾਬਾਜ਼ੀ ਮੰਤਰੀ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਲਈ ਬੱਸ ਸੇਵਾ ਸ਼ੁਰੂ ਕਰਨ ਦੀ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਪੂਰਾ ਕਰਾਉਣ ਲਈ ਸੂਬਾ ਸਰਕਾਰ ਨਾਲ ਸੰਪਰਕ ਕਰਨ ਦੀ ਵੀ ਅਪੀਲ ਕੀਤੀ ਹੈ।

# 'ਵੀ' ਵੱਲੋਂ ਪੰਜਾਬ 'ਚ ਆਪਣੇ ਪ੍ਰੀਪੇਡ ਉਪਭੋਗਤਾਵਾਂ ਲਈ ਈ-ਸਿਮ ਪੇਸ਼

ਲੁਧਿਆਣਾ: ਪ੍ਰਮੁੱਖ ਦੂਰਸੰਚਾਰ ਸੇਵਾ ਪ੍ਰਦਾਤਾ ਵੀ ਨੇ ਅੱਜ ਪੰਜਾਬ ਵਿੱਚ ਆਪਣੇ ਪ੍ਰੀਪੇਡ ਉਪਭੋਗਤਾਵਾਂ ਲਈ ਈ-ਸਿਮ ਸੇਵਾਵਾਂ ਦਾ ਵਿਸਤਾਰ ਕੀਤਾ ਹੈ। ਇਹ ਲੱਖਾਂ ਭਾਰਤੀਆਂ ਲਈ ਨਿਰਵਿਘਨ, ਤੇਜ਼ ਅਤੇ ਵਾਤਾਵਰਣ ਪੱਖੀ ਕੁਨੈਕਟਿਵਿਟੀ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।ਕੰਪੈਟੀਬਲ ਸਮਾਰਟਫੋਨ ਤੇ ਈ-ਸਿਮ ਵੀ ਦੇ ਪ੍ਰੀਪੇਡ ਉਪਭੋਗਤਾਵਾਂ ਲਈ ਵਧੂ ਸੁਵਿਧਾਵਾਂ ਅਤੇ ਲਚਕਤਾ ਪ੍ਰਦਾਨ ਕਰੇਗਾ। ਈ-ਸਿਮ ਇੱਕ ਸਿੰਗਲ ਡਿਵਾਈਸ ਵਿਚ ਕਈ ਪ੍ਰੋਫਾਈਲਸ ਨੂੰ ਸਪੋਰਟ ਕਰਦਾ ਹੈ, ਇਸ ਵਿਚ ਯੂਜ਼ਰ ਕਿਸੇ ਵੀ ਪ੍ਰਾਇਮਰੀ ਸਿਮ ਨੂੰ ਹਟਾਏ ਬਿਨਾਂ ਆਸਾਨੀ ਨਾਲ ਦੂਜੇ ਸਿਮ ਕਾਰਡ ਦੀ ਵਰਤੋਂ ਕਰ ਸਕਦੇ ਹਨ।ਦੀਪਕ ਰਾਓ ਕਲੱਸਟਰ ਬਿਜ਼ਨਸ ਹੈੱਡ-ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ, ਵੋਡਾਫੋਨ ਆਈਡੀਆ ਨੇ ਕਿਹਾ ਕਿ ਵੀ ਵਿਖੇ ਅਸੀਂ ਅਜਿਹੀਆਂ ਸੇਵਾਵਾਂ ਅਤੇ ਪੇਸ਼ਕਸ਼ਾਂ ਪੇਸ਼ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ ਜੋ ਸਾਡੇ ਗਾਹਕਾਂ ਲਈ ਸਹੂਲਤ ਅਤੇ ਵੈਲਿਊ ਪ੍ਰਦਾਨ ਕਰਦੀਆਂ ਹਨ। ਈ-ਸਿਮ ਟੈਕਨੋਲੋਜੀ ਨੂੰ ਅਪਣਾਉਣਾ ਨਾ ਸਿਰਫ ਆਪਣੇ ਉਪਭੋਗਤਾਵਾਂ ਦੀਆਂ ਉੱਭਰ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਡੇ ਚੱਲ ਰਹੇ ਯਤਨਾਂ ਨੂੰ ਦਰਸਾਉਂਦਾ ਹੈ।

# ਸਿੱਖਿਆ ਵਿਭਾਗ ਪੰਜਾਬ (ਐਲੀ:) ਮੁੱਖ ਦਫ਼ਤਰ ਦੇ ਸੀਨੀ: ਸਹਾਇਕ ਦਾ ਭ੍ਰਿਸ਼ਟਾਚਾਰ ਦਾ ਕਾਰਨਾਮਾ

**ਵੇਰਕਾ (ਰਾਣਾ)**-ਸਿੱਖਿਆ ਵਿਭਾਗ (ਐਲੀ:) ਪੰਜਾਬ ਦੇ ਮੁੱਖ ਦਫਤਰ ਅਜੀਤਗੜ੍ਹ ਵਿਖੇ ਤੈਨਾਤ ਸੀਨੀਅਰ ਸਹਾਇਕ (ਅਮਲਾ-1) ਦੇ ਕਾਰਨਾਮਿਆਂ ਦੀ ਸੂਚੀ ਬੜੀ ਲੰਮੀ ਹੈ ਜਿਸ ਦੇ ਕਈ ਹੈਰਾਨ ਕਰਦੇ ਕਾਰਨਾਮੇ ਤੇ ਮਾਮਲੇ ਬਾਹਰ ਨਿਕਲ ਰਹੇ ਹਨ।ਪ੍ਰੰਤੂ ਹੈਰਾਨੀਜਨਕ ਤੱਥ ਹੈ ਕਿ ਮੁੱਖ ਦਫ਼ਤਰ ਦਾ ਭ੍ਰਿਸ਼ਟ ਸੀਨੀ: ਸਹਾਇਕ ਬੇਖੌਫ, ਨਿਡਰ ਹੋ ਕੇ ਇੱਕ ਤੋਂ ਬਾਅਦ ਇੱਕ ਮਾਮਲਾ ਲੈਣ-ਦੇਣ ਕਰਕੇ ਰਫਾ-ਦਫਾ ਕਰੀ ਜਾਂਦਾ ਹੈ।ਸਿੱਖਿਆ ਮਹਿਕਮੇ ਦੇ ਉੱਚ ਅਧਿਕਾਰੀ ਮੂਕ - ਦਰਸ਼ਕ ਬਣੇ ਹੋਏ ਹਨ।ਸਭ ਕੁਝ ਜਿਨ੍ਹਾਂ ਦੀ ਨੱਕ ਹੇਠ ਵਾਪਰਦਾ ਵੇਖ ਕੇ ਸ਼ਿਕਾਇਤੀਆਂ ਨੂੰ ਇਨਸਾਫ ਮਿਲਣ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ ਹੈ।ਸੈਟਿੰਗ ਕਰਨ ਵਿੱਚ ਮਾਹਿਰ ਸੀਨੀ: ਸਹਾਇਕ (ਅਮਲਾ-1) ਡੀਪੀਆਈ (ਐਲੀ:) ਦਫ਼ਤਰ ਐਸਏਐੱਸ ਨਗਰ ਦਾ ਇੱਕ ਹੋਰ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ ਜਿਸਨੇ ਲੈਣ-ਦੇਣ ਤੈਅ ਹੋਣ ਉਪਰੰਤ ਬੀਤੇ ਲਗਭਗ 4 ਸਾਲਾਂ ਤੋਂ ਮੁਅੱਤਲ ਬਲਾਕ ਸਿੱਖਿਆ ਅਫਸਰ ਅੰਮ੍ਰਿਤਸਰ -2, ਜ਼ਿਲਾ ਅੰਮ੍ਰਿਤਸਰ ਦਾ ਮੁਅੱਤਲੀ ਕੇਸ ਰਫਾ-ਦਫਾ ਕਰਨ ਲਈ ਦੂਜੇ ਜ਼ਿਲੇ ਦੇ ਅਧਿਕਾਰੀ ਨੂੰ ਜਾਂਚ ਸੌਂਪ ਦਿੱਤੀ ਹੈ ਤਾਂ ਕਿ ਸ਼ਿਕਾਇਤ ਕਰਤਾ ਕੇਸ ਦੀ ਪੈਰਵਾਈ ਨਾ ਕਰ ਸਕਣ।ਇਸ ਸਬੰਧੀ ਡਾਇਰੈਕਟਰ ਸਿੱਖਿਆ ਵਿਭਾਗ (ਐਲੀ:ਸਿੰ:) ਪੰਜਾਬ ਨੇ ਫਾਈਲ ਨੰ: ਡੀਪੀਆਈ- ਈਐੱਸਟੀ 105/26/2021 ਅਮਲਾ-1ਡੀਪੀਆਈ 1/185512 ਅਨੁਸਾਰ ਬੀਪੀਓ ਅੰਮ੍ਰਿਤਸਰ-2 ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਮੁਅੱਤਲ ਕਰ ਦਿੱਤੀਆਂ ਸਨ ਕਿਉਂਕਿ ਬਲਾਕ ਅਧਿਕਾਰੀ ਨੇ ਸਰਕਾਰੀ ਐਲੀਮੈਂਟਰੀ ਸਕੂਲ ਨੌਸ਼ਹਿਰਾ ਖੁਰਦ ਦੀ ਚੈਕਿੰਗ ਦੌਰਾਨ 4 ਕ੍ਰਮਚਾਰੀ ਗੈਰਹਾਜ਼ਰ ਫੜੇ ਸਨ।ਪ੍ਰੰਤੂ ਉਨ੍ਹਾਂ ਦੀ ਰਜਿਸਟਰ ਵਿੱਚ ਹਾਜ਼ਰੀ ਲੱਗੀ ਸੀ।ਬਲਾਕ ਅਧਿਕਾਰੀ ਨੇ ਉਨ੍ਹਾਂ ਪਾਸੋਂ ਵੱਢੀ/ਰਿਸ਼ਵਤ ਲੈ ਕੇ ਬਗੈਰ ਕੋਈ ਕਾਰਵਾਈ ਕੀਤੇ ਛੱਡ ਦਿੱਤੇ ਸਨ।ਇਸ ਦੌਰਾਨ ਸ਼ਿਕਾਇਤਕਰਤਾ ਸੇਵਾਮੁਕਤ ਸੈਂਟਰ ਹੈੱਡਟੀਚਰ ਕੁਲਜੀਤ ਸਿੰਘ ਵੇਰਕਾ ਵੱਲੋਂ ਉਪਰੋਕਤ ਮਾਮਲਾ ਸਿੱਖਿਆ ਸਕੱਤਰ ਪੰਜਾਬ ਸਰਕਾਰ ਸ਼੍ਰੀ ਕ੍ਰਿਸ਼ਨ ਕੁਮਾਰ ਦੇ ਧਿਆਨ ਵਿੱਚ ਲਿਆਉਣ ਉਪਰੰਤ ਉਨ੍ਹਾਂ ਨੇ ਭ੍ਰਿਸ਼ਟ ਬੀਪੀਓ (ਐਲੀ:) ਸੀ. ਪੀ. ਸ਼ਰਮਾ ਖਿਲਾਫ ਤੁਰੰਤ ਕਾਰਵਾਈ ਕਰਦੇ ਹੋਏ ਉਸਨੂੰ ਮੁਅੱਤਲ ਕਰ ਦਿੱਤਾ।ਗੈਰਹਾਜ਼ਰ ਫੜੇ 4 ਟੀਚਰਾਂ ਨਵਪ੍ਰੀਤ ਕੌਰ, ਪ੍ਰੀਤੀ ਸਰਮਾ, ਮਮਤਾ ਸ਼ਰਮਾ ਅਤੇ ਕੁਲਵਿੰਦਰ ਕੌਰ ਨੂੰ ਚਾਰਜਸ਼ੀਟ ਕਰ ਦਿੱਤਾ ਸੀ।ਜਿਹੜਾ ਮਾਮਲਾ ਪਿਛਲੇ 4 ਸਾਲਾਂ ਤੋਂ ਉਠ ਦੇ ਬੁੱਲ੍ਹ ਵਾਂਗੂੰ ਸੀਨੀ: ਸਹਾਇਕ ਨੇ ਲਮਕਾਇਆ ਕੇ ਰੱਖਿਆ ਸੀ ਹੁਣ ਮੁੱਢੋਂ ਰਫਾ-ਦਫਾ ਕਰਨ ਲਈ ਮੁੜ ਪੜਤਾਲ ਲਈ ਡੀਈਓ (ਐਲੀ:) ਗੁਰਦਾਸਪੁਰ ਭੇਜ ਦਿੱਤਾ ਹੈ ਤਾਂ ਜੋ ਪਹਿਲਾਂ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ ਦੇ ਓਐੱਸਡੀ, ਆਈਪੀਐੱਸ ਮਲਹੋਤਰਾ ਦੀ ਕੀਤੀ ਗਈ ਜਾਂਚ ਦੌਰਾਨ ਦੋਸ਼ੀ ਪਾਏ ਜਾਣ ਵਾਲਿਆਂ ਨੂੰ ਬਚਾਇਆ ਜਾਵੇ ਜਿਸਦੀ ਸ਼ਿਕਾਇਤ ਕਰਤਾ ਨੂੰ ਭਿਣਕ ਤੱਕ ਨਹੀਂ ਲੱਗਣ ਦਿੱਤੀ ਗਈ ਹੈ।ਇਸ ਮਾਮਲੇ ਦੀ ਜਾਂਚ ਕਰਨ ਵਾਲੇ ਪ੍ਰਿੰ.-ਕਮ-ਪੜਤਾਲੀਆ ਅਫ਼ਸਰ ਸਰਕਾਰੀ ਸੀਨੀ: ਸੈ: ਸਕੂਲ ਬੱਲ ਪੁਰੀਆਂ ਜ਼ਿਲਾ ਗੁਰਦਾਸਪੁਰ ਸੁਰਜੀਤ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਇਸ ਮਾਮਲੇ ਸੰਬੰਧੀ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।

# ਪ੍ਰਧਾਨ ਮੰਤਰੀ ਮੋਦੀ ਪੰਜਾਬ ਨਾਲ ਕੀਤੇ ਵਿਤਕਰਿਆਂ ਦਾ ਪੰਜਾਬ ਵਾਸੀਆਂ ਨੂੰ ਜਵਾਬ ਦੇਣ : ਬੰਦੇਸਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਪੰਜਾਬ ਬੁਲਾਰਾ ਆਮ ਆਦਮੀ ਪਾਰਟੀ ਤੇ ਪੰਜਾਬ ਟਰੇਡਰਜ ਕਮਿਸ਼ਨ ਦੇ ਸੂਬਾਈ ਸੰਵਿਧਾਨਕ ਮੈਂਬਰ ਜਸਕਰਨ ਬੰਦੇਸਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 23 ਤੇ 24 ਮਈ ਨੂੰ ਪੰਜਾਬ ਚੋਣ ਪ੍ਰਚਾਰ ਫੇਰੀ ਤੋਂ ਇੱਕ ਦਿਨ ਪਹਿਲਾਂ ਸਵਾਲ ਉਠਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਆਪਣੇ ਸੱਤਾ ਭੋਗਦੇ 10 ਸਾਲ ਦੌਰਾਨ ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬ ਕੋਲੋ ਭਾਖੜਾ ਬਿਆਸ ਮੈਨੇਜਮੈਂਟ ਦਾ ਪ੍ਰਬੰਧ ਖੋਹਣ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਮੁਲਾਜ਼ਮਾਂ ਤੇ ਕੇਂਦਰੀ ਕਾਨੂੰਨ ਲਾਗੂ ਕਰਨ, ਪੰਜਾਬ ਦੇ ਸੰਘੀ ਢਾਂਚੇ ਨੂੰ ਕਮਜੋਰ ਕਰਨ ਲਈ ਗਵਰਨਰ ਰਾਹੀਂ ਕੇਂਦਰੀ ਦਖਲਅੰਦਾਜ਼ੀ ਵਧਾਉਣ, ਪੰਜਾਬ ਦੇ ਪੇਂਡੂ ਤੇ ਸਿਹਤ ਵਿਕਾਸ ਦੀ ਕਰੀਬ 8 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਤੋਂ ਇਨਕਾਰੀ ਹੋਣ, ਸਰਹੱਦੀ ਸੂਬੇ ਪੰਜਾਬ ਚ ਨਸ਼ਿਆਂ ਦੀ ਰੋਕਥਾਮ ਲਈ ਆਰਥਿਕ ਪੈਕਜ ਜਾਰੀ ਕਰਨ ਤੋਂ ਮੂੰਹ ਫੇਰ ਲੈਣ, ਸਰਹੱਦੀ ਸੂਬੇ ਪੰਜਾਬ ਨੂੰ ਉਦਯੋਗਿਕ ਵਿਕਾਸ ਲਈ ਪਹਾੜੀ ਰਾਜਾਂ ਦੀ ਤਰਜ਼ 'ਤੇ ਉਦਯੋਗਪਤੀਆਂ ਨੂੰ ਟੈਕਸਾਂ ਤੋਂ ਛੋਟ ਸਮੇਤ ਹੋਰ ਸਹੂਲਤਾਂ ਦਾ ਹੁਣ ਕਿਉਂ ਨਹੀਂ ਰਾਹਤ ਪੈਕਜ ਦਿੱਤਾ ਗਿਆ ਆਦਿ ਸਵਾਲਾਂ ਨੂੰ ਨਾ ਹੱਲ ਕਰਕੇ ਪੰਜਾਬ ਨਾਲ ਪੈਰ ਪੈਰ 'ਤੇ ਸਮਾਜਿਕ, ਆਰਥਿਕ ਧੱਕਾ ਤੇ ਮਤਰੇਈ ਮਾਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ। ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਤੇ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਦੇ ਹੱਕ 'ਚ ਵੋਟਰਾਂ ਨੂੰ ਲਾਮਬੰਦ ਕਰਨ ਅਤੇ ਵਪਾਰੀਆਂ ਦੀਆਂ ਨੁੱਕੜ ਮੀਟਿੰਗਾਂ ਨੂੰ ਸੰਬੋਧਨ ਕਰਨ ਉਪਰੰਤ ਗੱਲਬਾਤ ਦੌਰਾਨ ਸੂਬਾ ਆਗੂ ਜਸਕਰਨ ਬੰਦੇਸਾ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦਾ ਇਸ ਕਰਕੇ ਪੰਜਾਬ ਦੇ ਵੋਟਰਾਂ ਤੇ ਭਾਜਪਾ ਪੱਖੀ ਪ੍ਰਭਾਵ ਨਹੀਂ ਪਵੇਗਾ ਕਿਉਕਿ ਮੋਦੀ ਸਰਕਾਰ ਨੇ ਪੰਜਾਬ ਵਾਸੀਆਂ ਦੀਆਂ ਭਾਵਨਾਵਾਂ ਦਾ ਕੋਈ ਮੁੱਲ ਨਹੀਂ ਪਾਇਆ ਅਤੇ ਪੰਜਾਬ ਵਾਸੀ ਅਣਖੀਲੇ ਸੁਭਾਅ ਦੇ ਦੇਸ਼ਭਗਤ ਹਨ ਅਤੇ ਮੋਦੀ ਸਰਕਾਰ ਨੂੰ ਕੇਂਦਰੀ ਸੱਤਾ ਤੋਂ ਲਾਂਭੇ ਕਰਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਹੱਥ ਮਜ਼ਬੂਤ ਕਰਨ ਲਈ ਪੰਜਾਬ ਦੀਆਂ 13 ਸੀਟਾਂ 'ਤੇ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਰਿਕਾਰਡਤੋੜ ਵੋਟਾਂ ਨਾਲ ਜਿਤਾਉਣ ਦਾ ਫੈਸਲਾ ਲੈ ਚੁੱਕੇ ਹਨ। ਪ੍ਰਧਾਨ ਮੰਤਰੀ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਪ੍ਰਧਾਨ ਜੇ. ਪੀ. ਨੱਢਾ ਦੀਆਂ ਰੈਲੀਆਂ ਦਾ ਕੋਈ ਅਸਰ ਨਹੀਂ ਪਵੇਗਾ ਸਗੋਂ ਇਨ੍ਹਾਂ ਭਾਜਪਾ ਰੈਲੀਆਂ ਨੂੰ ਜ਼ਖਮਾਂ ਤੇ ਲੂਣ ਛੁੜਕਨ ਦੇ ਬਰਾਬਰ ਸਮਝਦੇ ਹੋਏ ਸਮੂਹ ਪੰਜਾਬ ਹਿਤੈਸ਼ੀ ਕਿਸਾਨ, ਮਜ਼ਦੂਰ, ਕਾਰੋਬਾਰੀ, ਮੁਲਾਜਮ, ਵਿਦਿਆਰਥੀ, ਔਰਤਾਂ, ਨੌਜੁਆਨ ਦਾ ਕੇਂਦਰੀ ਸੱਤਾਧਾਰੀ ਭਾਜਪਾ ਵਿਰੁੱਧ ਹੋਰ ਰੋਹ ਪ੍ਰਚੰਡ ਹੋਣਗੇ ਅਤੇ ਆਪਣੇ ਗੁੱਸੇ ਦਾ ਪ੍ਰਗਟਾਵਾ ਭਾਜਪਾ ਦੇ ਖਿਲਾਫ ਰਿਕਾਰਡਤੋੜ ਮਤਦਾਨ ਕਰਕੇ ਤੇ ਆਪ ਦੇ ਹੱਕ 'ਚ ਇਤਿਹਾਸਿਕ ਵੋਟ ਫਤਵਾ ਦੇ ਕੇ ਕਰਨਗੇ।

# ਸੋਨੀ ਇੰਡੀਆ ਨੇ ਬ੍ਰਾਵੀਆ 2 ਸੀਰੀਜ਼ ਕੀਤੀਆਂ ਲਾਂਚ

ਲੁਧਿਆਣਾ-ਸੋਨੀ ਇੰਡੀਆ ਨੇ ਆਪਣੀ ਨਵੀਨਤਮ ਇਨੋਵੇਸ਼ਨ, ਬ੍ਰਾਵੀਆ 2 ਸੀਰੀਜ਼ ਪੇਸ਼ ਕੀਤੀ, ਜਿਸ ਵਿੱਚ 4ਕੇ ਅਲਟਰਾ ਐੱਚਡੀ ਐੱਲਈਡੀ ਡਿਸਪਲੇਅ ਟੈਕਨੋਲੋਜੀ ਹੈ, ਜਿਸਦਾ ਉਦੇਸ਼ ਅਪਗ੍ਰੇਡ ਕਰਨ ਦੇ ਚਾਹਵਾਨਾਂ ਲਈ ਮਨੋਰੰਜਨ ਦੇ ਤਜ਼ਰਬੇ ਨੂੰ ਹੋਰ ਵੀ ਬਿਹਤਰ ਬਣਾਉਣਾ ਹੈ।ਬ੍ਰਾਵੀਆ 2 ਸੀਰੀਜ਼ ਨੂੰ ਗੂਗਲ ਟੀਵੀ ਨਾਲ ਏਕੀਕ੍ਰਿਤ ਕੀਤਾ ਜਾ ਸਕਦਾ ਹੈ।ਭਾਵੇਂ ਯੂਜ਼ਰ ਕਿਸੇ ਰੋਮਾਂਚਕ ਗੇਮਿੰਗ ਸੈਸ਼ਨ ਦਾ ਅਨੰਦ ਲੈਣਾ ਚਾਹੁਣ ਜਾਂ ਆਪਣੀਆਂ ਮਨਪਸੰਦ ਫਿਲਮਾਂ ਅਤੇ ਟੀਵੀ ਸ਼ੋਅ ਦਾ ਅਨੰਦ ਲੈਣਾ ਚਾਹੁਣ, ਬ੍ਰਾਵੀਆ 2 ਸੀਰੀਜ਼ ਟੀਵੀ ਦੇਖਣ ਦਾ ਇੱਕ ਬੇਮਿਸਾਲ ਤਜਰਬਾ ਪ੍ਰਦਾਨ ਕਰਦੀ ਹੈ।ਇਸ ਲਿਹਾਜ਼ ਨਾਲ ਬ੍ਰਾਵੀਆ 2 ਸੀਰੀਜ਼ ਉਨ੍ਹਾਂ ਲੋਕਾਂ ਲਈ ਲਾਜ਼ਮੀ ਹੋ ਜਾਂਦੀ ਹੈ ਜੋ ਆਪਣੇ ਘਰੇਲੂ ਮਨੋਰੰਜਨ ਸੈੱਟਅਪ ਨੂੰ ਬਿਹਤਰੀਨ ਬਣਾਉਣਾ ਚਾਹੁੰਦੇ ਹਨ।ਬ੍ਰਾਵੀਆ 2 ਸੀਰੀਜ਼ ਵਿਚ ਦੋ ਵੱਖ-ਵੱਖ ਵੇਰੀਏਂਟਸ ਪੇਸ਼ ਕੀਤੇ ਗਏ ਹਨ- ਐੱਸ25 ਵੇਰੀਐਂਟ, ਜੋ ਬੇਮਿਸਾਲ ਗੇਮਿੰਗ ਸਮਰਥਾਵਾਂ ਨਾਲ ਲੈਸ ਹੈ ਅਤੇ ਇਸਦਾ ਕਾਊਂਟਰਪਾਰਟ ਐਸ 20, ਜੋ ਹੋਰ ਸ਼ਾਨਦਾਰ ਵਿਸ਼ੇਸ਼ਤਾਵਾਂ 'ਤੇ ਫੋਕਸ ਕਰਦਾ ਹੈ।

# ਸੇਂਟ ਕਬੀਰ ਸਕੂਲ ਦੇ 31 ਹੋਣਹਾਰ ਵਿਦਿਆਰਥੀਆਂ ਵੱਲੋਂ 100 'ਚੋਂ 100 ਅੰਕ ਪ੍ਰਾਪਤ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਦੀ ਦਸਵੀਂ ਜਮਾਤ ਵਿੱਚ 31 ਹੋਣ ਵਿਦਿਆਰਥੀਆਂ ਨੇ 100 ਵਿੱਚੋਂ ਅੰਕ ਪ੍ਰਾਪਤ ਕਰਕੇ ਆਉਣ ਵਾਲੇ ਵਿਦਿਆਰਥੀਆਂ ਲਈ ਮੀਲ ਪੱਥਰ ਸਾਬਤ ਕੀਤਾ ਹੈ। ਇਨ੍ਹਾਂ ਵਿਦਿਆਰਥੀਆਂ ਵਿੱਚੋਂ 28 ਵਿਦਿਆਰਥੀਆਂ ਨੇ ਪੰਜਾਬੀ ਵਿੱਚ 100/100 ਅੰਕ, ਗਣਿਤ ਵਿੱਚੋਂ 2 ਵਿਦਿਆਰਥੀਆਂ ਅਤੇ ਸਮਾਜਿਕ ਸਿੱਖਿਆ ਵਿੱਚ ਇਕ ਵਿਦਿਆਰਥੀ ਨੇ 100/100 ਅੰਕ ਪ੍ਰਾਪਤ ਕਰਕੇ ਬੇਮਿਸਾਲ ਰਿਕਾਰਡ ਪੈਦਾ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਇਲਾਕੇ ਵਿੱਚ ਰੌਸ਼ਨ ਕੀਤਾ ਹੈ। ਇਸ ਸਬੰਧੀ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਦੇ ਪ੍ਰਿੰ. ਐੱਸ. ਬੀ. ਨਾਯਰ ਅਤੇ ਪ੍ਰਬੰਧਕ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਦੱਸਿਆ ਕਿ ਸੈ$ਨ (2023-24) ਦਸਵੀਂ ਜਮਾਤ ਵਿੱਚੋਂ ਭਾਵੇਂ ਕਿ ਸਾਰੇ ਹੀ ਵਿਦਿਆਰਥੀਆਂ ਹੀ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ ਹੈ ਪਰ ਇਨ੍ਹਾਂ ਵਿੱਚੋਂ 28 ਵਿਦਿਆਰਥੀਆਂ ਨੇ ਪੰਜਾਬੀ ਵਿੱਚੋਂ 100/100 ਅੰਕ ਪ੍ਰਾਪਤ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਇਸ ਅੰਗਰੇਜੀ ਮਾਧਿਅਮ ਸਕੂਲ ਵਿੱਚ ਪੰਜਾਬੀ ਵਿਸ਼ੇ ਦੀ ਪੜ੍ਹਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇਨ੍ਹਾਂ ਦੇ ਨਾਲ ਗਣਿਤ ਵਿੱਚੋਂ 2 ਵਿਦਿਆਰਥੀਆਂ ਤੇ ਸਮਾਜਕ ਸਿੱਖਿਆ ਵਿੱਚ ਇਕ ਵਿਦਿਆਰਥੀ ਨੇ 100/100 ਅੰਕ ਪ੍ਰਾਪਤ ਕਰਕੇ ਆਉਣ ਵਾਲੇ ਵਿਦਿਆਰਥੀਆਂ ਲਈ ਮੀਲ ਪੱਥਰ ਸਾਬਤ ਕੀਤਾ ਹੈ। ਪੰਜਾਬੀ ਵਿਸ਼ੇ ਵਿੱਚ 100/100 ਅੰਕ ਪ੍ਰਾਪਤ ਕਰਨ ਵਾਲੇ 28 ਵਿਦਿਆਰਥੀਆਂ ਵਿੱਚ ਜੈਸਮੀਨ ਕੌਰ, ਉਸਤਤ ਅੱਤਰੀ, ਮਾਨਸੀ ਮਲਹੋਤਰਾ, ਗੁਰਲੀਨ ਕੌਰ, ਕਿਰਨਦੀਪ ਕੌਰ, ਵਿਕਾਸ ਠਾਕੁਰ, ਪ੍ਰਤਿਸ਼ਠਾ, ਅੰਕਿਤਾ ਸ਼ਰਮਾ, ਗੁਰਲੀਨ ਕੌਰ, ਵਰੁਨਜੋਤ ਸੰਧੂ, ਕੰਵਰਨੂਰ ਸਿੰਘ ਨਾਗਰਾ, ਯਵਰੂਹੀ ਫੋਉਂਸਾ, ਜੈਸਲੀਨ ਕੌਰ, ਅਨਮੋਲਪ੍ਰੀਤ ਸਿੰਘ, ਲਕਸ਼ਪ੍ਰੀਤ ਕੌਰ, ਹਰਮਨਪ੍ਰੀਤ ਕੌਰ, ਅਰਪਨਪ੍ਰੀਤ ਕੌਰ, ਗੁਰਪ੍ਰੀਤ ਕੌਰ, ਅਰਸ਼ਪ੍ਰੀਤ ਸਿੰਘ, ਅਦਿੱਤੀ ਸ਼ਰਮਾ, ਗੁਰਕੀਰਤ ਸਿੰਘ, ਲਖਬੀਰ ਕੌਰ, ਸੁਖਮਨਪ੍ਰੀਤ ਕੌਰ, ਮਹਿਕਦੀਪ ਕੌਰ, ਗੁਰਇਕਬਾਲ ਸਿੰਘ, ਪ੍ਰਭਦੀਪ ਕੌਰ ਸੈਣੀ, ਰਾਧਿਕਾ ਸ਼ਰਮਾ, ਕੁਲਜੀਤ ਕੌਰ ਦੇ ਨਾਮ ਸ਼ਾਮਲ ਹਨ, ਜਦਕਿ ਗਣਿਤ ਵਿੱਚੋਂ ਅੰਕਿਤਾ ਸ਼ਰਮਾ ਤੇ ਗੁਰਲੀਨ ਕੌਰ 100/100 ਅੰਕ ਅਤੇ ਸਮਾਜਕ ਸਿੱਖਿਆ ਵਿੱਚੋਂ ਵਿਕਾਸ ਠਾਕੁਰ ਨੇ 100 ਵਿੱਚੋਂ 100 ਅੰਕ ਹਾਸਲ ਕਰਕੇ ਆਪਣੀ ਸ਼ਾਨਦਾਰ ਮਿਹਨਤ ਤੇ ਦ੍ਰਿੜ ਇਰਾਦੇ ਦਾ ਸਬੂਤ ਦਿੱਤਾ ਹੈ। ਬੀਤੇ ਦਿਨੀਂ 100 ਵਿੱਚੋਂ 100 ਅੰਕ ਹਾਸਲ ਕਰਨ ਵਾਲੇ ਉਕਤ ਸਾਰੇ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਸਨਮਾਨਿਤ ਕੀਤਾ ਗਿਆ ਅਤੇ ਮੂੰਹ ਮਿੱਠਾ ਕਰਵਾਉਂਦੇ ਹੋਏ ਵਿਦਿਆਰਥੀਆਂ ਤੇ ਪਰਿਵਾਰਕ ਮੈਂਬਰਾਂ ਨੂੰ ਹਾਰਦਿਕ ਵਧਾਈ ਦਿੱਤੀ ਗਈ। ਇਸ ਮੌਕੇ ਪ੍ਰਿੰ. ਐੱਸ. ਬੀ. ਨਾਯਰ ਅਤੇ ਪ੍ਰਬੰਧਕ ਨਵਦੀਪ ਕੌਰ ਤੇ ਕੁਲਦੀਪ ਕੌਰ ਵਲੋਂ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਕੜੀ ਮਿਹਨਤ ਕਰਨ ਤੇ ਆਪਣੀ ਮੰਜ਼ਿਲ ਤੇ ਪਹੁੰਚਣ ਲਈ ਅੱਗੇ ਵਧਦੇ ਰਹਿਣ ਦੀ ਪ੍ਰੇਰਣਾ ਦਿੱਤੀ ਗਈ। ਇਸ ਮੌਕੇ ਅਧਿਆਪਕਾ ਰਵਿੰਦਰ ਕੌਰ, ਕਿਰਨ ਬਾਲਾ, ਦਮਨਬੀਰ ਸਿੰਘ, ਰਣਜੀਤ ਕੌਰ, ਗੁਲਾਬ ਸਿੰਘ, ਮਨਦੀਪ ਕੌਰ, ਕਰਮਜੀਤ ਕੌਰ, ਜਸਵਿੰਦਰ ਕੌਰ, ਵਿਸ਼ਾਲ ਸ਼ਰਮਾ, ਸ਼ਰਨਜੀਤ ਕੌਰ, ਸੁਰਿੰਦਰ ਸਿੰਘ, ਵਿਸ਼ਾਲ ਸਿੰਘ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

23-MAY-PAGE-12.qxd 5/22/2024 10:39 PM Page 1



# ਪੈਨਸ਼ਨਰਜ਼ ਐਸੋਸੀਏਸ਼ਨ ਨੇ ਮਹਿਤਾ ਦੀ ਅਗਵਾਈ 'ਚ ਦਿੱਤਾ ਰੋਸ ਧਰਨਾ

**ਨਵਾਂਸ਼ਹਿਰ (ਮਨੋਜ ਲਾਡੀ)** ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਰਕਲ ਪ੍ਰਧਾਨ ਨਰਿੰਦਰ ਮੈਹਤਾ ਦੀ ਅਗਵਾਈ ਵਿਚ ਸੂਬਾ ਕਮੇਟੀ ਦੇ ਸੱਦੇ 'ਤੇ ਸਰਕਲ ਨਵਾਂਸ਼ਹਿਰ ਅੱਗੇ ਰੋਸ ਧਰਨਾ ਦਿੱਤਾ ਗਿਆ। ਜਿਸ ਵਿਚ ਸਰਕਲ ਨਵਾਂਸ਼ਹਿਰ ਅਧੀਨ ਪੈਂਦੀਆਂ ਚੌਹਾਂ ਡਵੀਜ਼ਨਾਂ ਗੁਰਾਇਆ,ਬੰਗਾ, ਨਵਾਂਸ਼ਹਿਰ ਅਤੇ ਗੜਸ਼ੰਕਰ ਤੋਂ ਬਹੁਗਿਣਤੀ 'ਚ ਪੈਨਸ਼ਨਰਜ਼ ਨੇ ਭਾਗ ਲਿਆ। ਇਸ ਧਰਨੇ ਨੂੰ ਕੁਲਵਿੰਦਰ ਅਟਵਾਲ, ਜਗਦੀਸ਼ ਚੰਦਰ, ਮਦਨ ਲਾਲ, ਬਲਵੀਰ ਦੁਸਾਂਝ, ਕਸ਼ਮੀਰੀ ਲਾਲ, ਅਮਰ ਸਿੰਘ, ਰਵਿੰਦਰ ਰਾਹੋਂ,ਸਰਦਾਰਾ ਸਿੰਘ, ਸਵਰਨ ਸਿੰਘ, ਕਮਲ ਦੇਵ, ਨਿਰੰਜਨ ਸਿੰਘ, ਸ਼ੰਭੂ ਰਾਹੋਂ, ਮਹਿੰਦਰ ਲਾਲ, ਸੁਰਜੀਤ ਚਰਾਨ,ਬਲਵੀਰ, ਹੁਸਨ ਭਾਟੀਆ, ਅਮਰੀਕ ਸਿੰਘ ਅੌੜ,ਮੂਲ ਰਾਜ, ਸ਼ਾਦੀ ਰਾਮ ਸਲੋਹ, ਗੁਰਮੁਖ ਸਿੰਘ, ਸੰਜੀਵ ਕੁਮਾਰ, ਵਿਜੇ ਕੁਮਾਰ, ਸੁਰਿੰਦਰ ਲਾਖਾ ਆਦਿ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਦੇ ਸਾਂਝੇ ਫਰੰਟ ਦੇ ਬੈਨਰ ਹੇਠ ਬੀਤੇ ਸਮੇਂ ਦੌਰਾਨ ਚੰਡੀਗੜ੍ਹ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚ ਸੂਬਾ ਪੱਧਰ ਦੇ ਲਾ-ਮਿਸਾਲ ਧਰਨੇ ਦਿੱਤੇ ਗਏ ਪਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਸਰਕਾਰ ਖਿਲਾਫ ਪੈਨਸ਼ਨਰਜ਼ ਵਲੋਂ ਜੋਰਦਾਰ ਨਾਹਰੇਬਾਜੀ ਕਰਦੇ ਹੋਏ ਕਿਹਾ ਗਿਆ ਕਿ 1-1-16 ਤੋਂ ਡੀ ਏ ਦੀਆਂ ਕਿਸ਼ਤਾਂ ਦੇ ਬਕਾਏ ਨਹੀਂ ਤਾਂ ਵੋਟ ਨਹੀਂ, ਪੈਂਡਿੰਗ ਪਈਆਂ ਡੀ ਏ ਦੀਆਂ ਕਿਸ਼ਤਾਂ ਨਹੀ ਤਾਂ ਵੋਟ ਨਹੀਂ, 2.59 ਦਾ ਫੈਕਟਰ ਨਹੀ ਤਾਂ ਵੋਟ ਨਹੀਂ, ਯਕ-ਮੁਸ਼ਤ ਪੈਨਸ਼ਨਰੀ ਲਾਭ ਦਾ ਭੁਗਤਾਨ ਨਹੀਂ ਤਾਂ ਵੋਟ ਨਹੀਂ । ਸਟੇਜ ਸਕੱਤਰ ਦੀ ਭੂਮਿਕਾ ਅਸ਼ਵਨੀ ਕੁਮਾਰ ਗੜ੍ਹਸ਼ੰਕਰ ਨੇ ਬਾਖੂਬੀ ਨਿਭਾਈ।

## ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਦਾ ਉਦਘਾਟਨ ਅੱਜ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**– ਨੂਰਮਹਿਲ ਸ਼ਹਿਰ ਵਿਖੇ ਪਾਰਟੀ ਦਫਤਰ ਦਾ ਉਦਘਾਟਨ 23 ਮਈ ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਸ਼੍ਰੋਮਣੀ ਅਕਾਲੀ ਦਲ ਲੋਕ ਸਭਾ ਜਲੰਧਰ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਕਰਨਗੇ। ਲੋਕ ਸਭਾ ਚੋਣਾਂ ਦੇ ਸਬੰਧ ਵਿੱਚ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਦਫਤਰ ਨੇੜੇ ਰਾਮ ਮੰਦਿਰ ਨੂਰਮਹਿਲ ਵਿਖੇ ਖੋਲਿਆ ਜਾ ਰਿਹਾ ਹੈ।।

# ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਨੂੰ ਕਾਮਯਾਬ ਕਰਨ ਦੀ ਅਪੀਲ

**ਕਾਲਾ ਸੰਘਿਆਂ**—ਪਾਰਲੀਮੈਂਟ ਹਲਕਾ ਖਡੂਰ ਸਾਹਿਬ ਤੋਂ ਸੀ ਪੀ ਆਈ ਤੇ ਸੀ ਪੀ ਐਮ ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਨੂੰ ਜਿਤਾਉਣ ਲਈ ਇੰਜੀਨੀਅਰ ਸੀਤਲ ਸਿੰਘ ਸੰਘਾ ਤੇ ਕਾਮਰੇਡ ਇਕਬਾਲ ਸਿੰਘ ਦੀ ਅਗਵਾਈ ਹੇਠ ਕਾਲਾ ਸੰਘਿਆਂ ਬਾਜ਼ਾਰ ਵਿੱਚ ਇਕੱਲੀ ਇਕੱਲੀ ਦੁਕਾਨ 'ਤੇ ਪਹੁੰਚ ਕੇ ਦੁਕਾਨਦਾਰ ਭਰਾਵਾਂ ਨੂੰ ਅਪੀਲ ਕੀਤੀ ਗਈ ਕਿ ਉਹ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਨੂੰ ਕਾਮਯਾਬ ਕਰਨ। ਉਨ੍ਹਾਂ ਕਿਹਾ ਕਿ ਕਮਿਊਨਿਸਟ ਪਾਰਟੀਆਂ ਦਾ ਸਾਂਝਾ ਉਮੀਦਵਾਰ ਗੁਰਦਿਆਲ ਸਿੰਘ ਲੋਕ ਸਭਾ ਵਿੱਚ ਪਹੁੰਚ ਕੇ ਹਰੇਕ ਵਿਅਕਤੀ ਲਈ ਰੁਜ਼ਗਾਰ ਵਾਸਤੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਾਉਣ ਦੀ ਆਵਾਜ਼ ਉਠਾਏਗਾ। ਇਹ ਕਾਨੂੰਨ ਬਣਨ ਨਾਲ ਹਰੇਕ ਵਿਅਕਤੀ ਨੂੰ ਸਰਕਾਰੀ ਨੌਕਰੀ ਮਿਲੇਗੀ ਭਾਵੇਂ ਉਹ ਪੜ੍ਹਿਆ ਜਾਂ ਅਨਪੜ੍ਹ ਹੋਵੇ । ਜਿੰਨਾਂ ਚਿਰ ਤੱਕ ਨੌਕਰੀ ਨਹੀਂ ਮਿਲਦੀ ਉਨ੍ਹਾਂ ਚਿਰ ਤੱਕ ਘੱਟੋ ਘੱਟ ਉਜਰਤ ਦੇ ਬਰਾਬਰ ਹਰੇਕ ਵਿਅਕਤੀ ਨੂੰ ਜਿਉਣ ਜੋਗਾ ਭੱਤਾ ਮਿਲੇਗਾ। ਇਸ ਤੋਂ ਇਲਾਵਾ ਹਰੇਕ ਮਨੁੱਖ ਨੂੰ ਮੁਫ਼ਤ ਸਿਹਤ ਸਹੂਲਤ ਮਿਲੇਗੀ। ਹਰੇਕ ਬੱਚੇ ਨੂੰ ਮੁਫ਼ਤ,ਲਾਜ਼ਮੀ ਤੇ ਯਕੀਨੀ ਵਿਦਿਆ ਮਿਲੇਗੀ। ਗਰੀਬ ਲੋਕਾਂ ਨੂੰ ਮੁਫ਼ਤ ਘਰ ਬਣਾ ਕੇ ਦਿੱਤੇ ਜਾਣਗੇ। ਕਿਸਾਨਾਂ, ਮਜ਼ਦੂਰਾਂ ਛੋਟੇ ਦੁਕਾਨਦਾਰਾਂ ਤੇ ਕਾਰਖਾਨੇਦਾਰਾਂ ਦੇ ਕਰਜ਼ੇ ਮੁਆਫ਼ ਕਰਨ ਲਈ ਸੰਸਦ ਵਿੱਚ ਜੋਰ ਪਾਇਆ ਜਾਵੇਗਾ। ਬੁਢਾਪਾ, ਵਿਧਵਾ, ਅੰਗਹੀਣ ਤੇ ਬੇਸਹਾਰਿਆਂ ਦੀਆਂ ਪੈਨਸ਼ਨਾਂ ਵਿੱਚ ਵਾਧਾ ਤੇ ਲਗਾਤਾਰਤਾ ਕਾਇਮ ਕੀਤੀ ਜਾਵੇਗੀ। ਨਰੇਗਾ ਕਾਨੂੰਨ ਅਧੀਨ 200 ਦਿਨ ਕੰਮ ਤੇ 700 ਰੁਪਏ ਦਿਹਾੜੀ ਹੋਵੇਗੀ। ਇਸ ਲਈ ਦੁਕਾਨਦਾਰ ਭਰਾਵਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਉਹ ਪਹਿਲੀ ਜੂਨ ਵਾਲੇ ਦਿਨ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਨੂੰ ਕਾਮਯਾਬ ਕਰਨ। ਇਸ ਪ੍ਰਚਾਰ ਮੁਹਿੰਮ ਵਿੱਚ ਟਰੇਡ ਯੂਨੀਅਨ ਆਗੂ ਕੌਸ਼ਲ ਤੇ ਸੀ ਪੀ ਆਈ ਆਗੂ ਬਲਵੰਤ ਸਿੰਘ ਔਜਲਾ ਵੀ ਨਾਲ ਸਨ।

# ਮੁੱਖ ਮੰਤਰੀ ਦੇ ਨਾਂਅ ਐੱਸ ਡੀ ਐੱਮ ਸ਼ਾਹਕੋਟ ਤੇ ਫਿਲੌਰ ਨੂੰ ਦਿੱਤੇ ਮੰਗ ਪੱਤਰ



ਡੀ.ਟੀ.ਐਫ ਦੇ ਵਰਕਰ ਮੁੱਖ ਮੰਤਰੀ ਪੰਜਾਬ ਦੇ ਨਾਂਅ ਐਸ.ਡੀ.ਐਮ ਸ਼ਾਹਕੋਟ ਨੂੰ ਮੰਗ ਪੱਤਰ ਸੌਂਪਦੇ ਹੋਏ।

**ਸ਼ਾਹਕੋਟ (ਗਿਆਨ ਸੈਦਪੁਰੀ)** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੱਦੇ 'ਤੇ ਫਰੰਟ ਦੀ ਜ਼ਿਲ੍ਹਾ ਇਕਾਈ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਂਅ ਐਸ.ਡੀ.ਐਮ ਸ਼ਾਹਕੋਟ ਅਤੇ ਐਸ.ਡੀ.ਐਮ ਫਿਲੌਰ ਨੂੰ ਮੰਗ ਪੱਤਰ ਦਿੱਤੇ ਗਏ। ਉਕਤ ਸਥਾਨਾਂ 'ਤੇ ਅਧਿਆਪਕਾਂ ਨੂੰ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕੋਟਲੀ ਅਤੇ ਸਕੱਤਰ ਅਵਤਾਰ ਲਾਲ ਸੰਬੋਧਨ ਕਰਦਿਆ ਪੰਜਾਬ ਸਰਕਾਰ ਉੱਪਰ ਅਧਿਆਪਕਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਚੋਣਾਂ ਮੌਕੇ ਅਧਿਆਪਕਾਂ ਤੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਅਧਿਆਪਕ ਤੇ ਵਿਦਿਆਰਥੀ ਵਿਰੋਧੀ ਗਤੀਵਿਧੀਆ ਨੂੰ ਧੜੱਲੇ ਨਾਲ ਲਾਗੂ ਕਰਕੇ ਵਿਭਾਗ ਦੇ ਵਪਾਰੀਕਰਨ ਕਰਨ ਵਿਚ ਤੇਜੀ ਲਿਆਂਦੀ ਹੈ। ਅਧਿਆਪਕਾਂ ਨੂੰ ਗੈਰ ਵਿੱਦਿਅਕ ਕੰਮਾਂ ਵਿਚ ਉਲਝਾ ਕੇ ਗਰੀਬ ਬੱਚਿਆਂ ਕੋਲੋ ਸਿੱਖਿਆ ਖੋਹੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਸ਼ਾਲ ਅਧਿਆਪਕ ਲਹਿਰ ਉਸਾਰਨ ਨਾਲ ਹੀ ਮੰਗਾਂ ਮੰਨਵਾਈਆਂ ਅਤੇ ਵਿਭਾਗ ਨੂੰ ਬਚਾਇਆ ਜਾ ਸਕਦਾ ਹੈ। ਐਸ.ਡੀ.ਐਮ ਨੂੰ ਦਿਤੇ ਗਏ ਮੰਗ ਪੱਤਰ ਵਿਚ 16 ਫਰਵਰੀ ਨੂੰ ਹੜਤਾਲ ਕਰਨ ਵਾਲੇ ਅਧਿਆਪਕਾਂ ਦੀ ਕੱਟੀ ਗਈ ਤਨਖਾਹ ਨੂੰ ਜਾਰੀ ਕਰਵਾਉਣ, ਪੁਰਾਣੀ ਪੈਨਸ਼ਨ ਬਹਾਲੀ ਦੇ ਨਵੰਬਰ 2022 ਦੇ ਨੋਟੀਫਿਕੇਸ਼ਨ ਨੂੰ ਲਾਗੂ ਕਰਨ,ਅਧਿਆਪਕਾਂ ਕੋਲੋ ਗੈਰ ਵਿੱਦਿਅਕ ਕੰਮ ਲੈਣੇ ਬੰਦ ਕਰਨ,ਪੇਂਡੂ ਭੱਤੇ ਸਮੇਤ 37 ਪ੍ਰਕਾਰ ਦੇ ਬੰਦ ਕੀਤੇ ਭੱਤੇ ਬਹਾਲ ਕਰਨ,ਪੇਅ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਵਧੀਆ ਤਨਖਾਹਾਂ ਦਾ 01.01.2016 ਤੋਂ 30.06.2021 ਤੱਕ ਬਕਾਇਆ ਜਾਰੀ ਕਰਨ,ਮਹਿੰਗਾਈ ਭੱਤੇ ਦੇ ਵਾਧੇ ਦੇ ਬਕਾਏ ਜਾਰੀ ਕਰਨ,ਅਤੇ 17 ਜੁਲਾਈ 2020 ਤੋਂ ਪੰਜਾਬ ਦੇ ਮੁਲਾਜ਼ਮਾਂ ਨੂੰ ਕੇਂਦਰੀ ਤਨਖਾਹ ਸਕੇਲ ਦੇਣ ਦੇ ਹੁਕਮ ਵਾਪਿਸ ਲੈ ਕੇ ਪੰਜਾਬ ਦੇ ਸਾਰੇ ਮੁਲਾਜ਼ਮਾਂ ਨੂੰ ਪੇਅ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਤਨਖਾਹ ਦੇਣ ਦੀ ਮੰਗ ਕੀਤੀ ਗਈ। ਇਸ ਮੌਕੇ ਮਨਜੀਤ ਸਿੰਘ ਮਲਸੀਆਂ, ਮਨਵੀਰ ਸਿੰਘ,ਗੁਰਪ੍ਰੀਤ ਸਿੰਘ ਜੱਸਲ, ਮਨਜਿੰਦਰ ਸਿੰਘ ਰੰਧਾਵਾ, ਵਿਵੇਕ ਕੌਂਡ?ਾ, ਸੁਖਵਿੰਦਰਪ੍ਰੀਤ ਸਿੰਘ ਅਤੇ ਅੰਮ੍ਰਿਤ ਪਾਲ ਸਿੰਘ ਹਾਜ਼ਰ ਸਨ।

# ਪੀ ਐੱਸ ਯੂ ਵੱਲੋਂ 'ਭਾਜਪਾ ਹਰਾਓ, ਭਾਜਪਾ ਭਜਾਓ' ਦੇ ਨਾਅਰੇ ਹੇਠ ਰੈਲੀ



**ਬੰਗਾ (ਅਵਤਾਰ ਕਲੇਰ)** ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਆਈ ਟੀ ਆਈ ਨਵਾਂਸ਼ਹਿਰ ਵਿਖੇ 'ਭਾਜਪਾ ਹਰਾਓ ਭਾਜਪਾ ਭਜਾਓ', 'ਵਿਰੋਧੀ ਪਾਰਟੀਆਂ ਨੂੰ ਸਵਾਲ ਕਰੋ' ਅਤੇ 'ਇਸ ਪ੍ਰਬੰਧ ਨੂੰ ਬੇਪਰਦ ਕਰੋ' ਦੇ ਨਾਅਰਿਆਂ ਸੰਬੰਧੀ ਰੈਲੀ ਕੀਤੀ ਗਈ।ਰੈਲੀ ਨੂੰ ਸੰਬੋਧਨ ਕਰਦੇ ਹੋਏ ਆਈ ਟੀ ਆਈ ਕਮੇਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਅਤੇ ਸੈਕਟਰੀ ਗੁਰਸਿਮਰਨਜੀਤ ਸਿੰਘ ਨੇ ਕਿਹਾ ਕਿ ਸਾਲ 2014 ਤੋਂ ਭਾਜਪਾ ਸਰਕਾਰ ਸੱਤਾ 'ਚ ਆਈ ਹੈ। ਇਸ ਨੇ ਕਾਰਪੋਰੇਟ ਘਰਾਣਿਆਂ ਅਤੇ ਆਰ ਐਸ ਐਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਦੇ ਲਈ ਡੰਡੇ ਦੇ ਰਾਜ ਦੀ ਵਰਤੋਂ ਕੀਤੀ ਹੈ, ਜਿਸ ਨੂੰ ਤਾਨਾਸ਼ਾਹੀ ਜਾਂ ਫਾਸ਼ੀਵਾਦ ਵੀ ਕਹਿ ਸਕਦੇ ਹਾਂ।ਉਹਨਾਂ ਕਿਹਾ ਕਿ 18ਵੀਂ ਲੋਕ ਸਭਾ ਦੀਆਂ ਚੋਣਾਂ ਆਮ ਚੋਣਾਂ ਨਹੀਂ ਹਨ ਬਲਕਿ ਇਹ ਖਾਸ ਚੋਣਾਂ ਹਨ ਅਤੇ ਜੇਕਰ ਭਾਜਪਾ ਦੀ ਸਰਕਾਰ ਮੁੜ ਸੱਤਾ ਵਿੱਚ ਆਉਂਦੀ ਹੈ ਤਾਂ ਇਸ ਦੇਸ਼ ਦਾ ਸਰੂਪ ਹੀ ਬਦਲ ਜਾਵੇਗਾ ਕਿਉਂਕਿ ਉਹਨਾਂ ਦਾ ਮੁੱਖ ਉਦੇਸ਼ ਇਸ ਦੇਸ਼ ਵਿੱਚ ਹਿੰਦੂ ਰਾਸ਼ਟਰ ਬਣਾ ਕੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨਾ ਹੈ।ਭਾਜਪਾ ਇਸ ਦੇਸ਼ ਵਿੱਚ ਇੱਕ ਨੇਤਾ, ਇੱਕ ਬੋਲੀ, ਇੱਕ ਪਹਿਰਾਵਾ, ਇੱਕ ਝੰਡਾ ਤੇ ਇਸ ਭਾਰਤੀ ਸੰਵਿਧਾਨ ਦੀ ਥਾਂ ਮਨੂੰ ਸਿਮਰਤੀ ਲੈ ਕੇ ਆਉਣਾ ਚਾਹੁੰਦੀ ਹੈ।ਆਗੂਆਂ ਨੇ ਪੰਜਾਬ ਪੱਖੀ ਸੂਝਵਾਨ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀ ਪਾਰਟੀ ਨੂੰ ਭੁੱਲ ਕੇ ਵੀ ਵੋਟ ਨਾ ਪਾਉਣ, ਜਿਹੜੀ ਦੇਸ਼ ਨੂੰ ਲੁੱਟ ਕੇ ਤੇ ਵੰਡੀਆਂ ਪਾ ਕੇ ਰਾਜ ਕਰਨਾ ਚਾਹੁੰਦੀ ਹੈ।ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇਕਰ ਭਾਜਪਾ ਪਾਰਟੀ ਦਾ ਕੋਈ ਉਮੀਦਵਾਰ ਜਾਂ ਕੋਈ ਹੋਰ ਪ੍ਰਚਾਰਕ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ 'ਚ ਆਉਂਦਾ ਹੈ, ਉਹਨਾਂ ਨੂੰ ਭਜਾਉਣਾ ਅਤੇ ਹਰਾਉਣਾ ਚਾਹੀਦਾ ਹੈ।ਇਸ ਮੌਕੇ ਆਈ ਟੀ ਆਈ ਨਵਾਂਸ਼ਹਿਰ ਦੇ ਪ੍ਰਧਾਨ ਅਸ਼ਵਨੀ ਕੁਮਾਰ, ਸੈਕਟਰੀ ਗੁਰਸਿਮਰਨਜੀਤ ਸਿੰਘ, ਕਮੇਟੀ ਮੈਂਬਰ ਦਿਆ ਰਾਮ, ਗਗਨਦੀਪ, ਸੌਰਵ ਅਤੇ ਹੋਰ ਸਿਖਿਆਰਥੀ ਮੌਜੂਦ ਸਨ।

# 100 ਸਕੂਲਾਂ ਦੇ 1500 ਤੋਂ ਵੱਧ ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



**ਜਲੰਧਰ (ਸ਼ੈਲੀ ਐਲਬਰਟ) :-** ਸੀਟੀ ਗਰੁੱਪ ਨੇ ਪੰਜਾਬ ਭਰ ਦੇ 100 ਸਕੂਲਾਂ ਦੇ 1500 ਤੋਂ ਵੱਧ ਹੋਣਹਾਰ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਜਸ਼ਨ ਮਨਾਉਂਦੇ ਹੋਏ ਸ਼ਾਇਨਿੰਗ ਸਟਾਰ ਅਵਾਰਡ ਸਮਾਰੋਹ ਦੀ ਮੇਜ਼ਬਾਨੀ ਕੀਤੀ । ਇਸ ਵੱਕਾਰੀ ਸਮਾਗਮ ਨੇ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ । ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਦਸੂਹਾ, ਮੁਕੇਰੀਆਂ ਅਤੇ ਅੰਮ੍ਰਿਤਸਰ ਸਮੇਤ ਵੱਖ-ਵੱਖ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਅਕਾਦਮਿਕ ਉੱਤਮਤਾ ਲਈ ਸਨਮਾਨਿਤ ਕੀਤਾ ਗਿਆ। ਪ੍ਰਸਿੱਧ ਸਕੂਲ ਜਿਵੇਂ ਕਿ ਐਮ.ਜੀ.ਐਨ., ਸੇਠ ਹੁਕਮ ਚੰਦ, ਕੈਂਬਰਿਜ ਇੰਟਰਨੈਸ਼ਨਲ, ਜਲੰਧਰ; ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਨਹਿਰੂ ਗਾਰਡਨ, ਕਪੂਰਥਲਾ; ਐਮ.ਜੀ.ਐਨ ਪਬਲਿਕ ਸਕੂਲ, ਕਪੂਰਥਲਾ; ਸੈਕਰਡ ਹਾਰਟ ਕਾਨਵੈਂਟ ਸਕੂਲ; ਅਕਾਲ ਗਲੈਕਸੀ ਕਾਨਵੈਂਟ ਸਕੂਲ; ਜਨਤਾ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਂਕ, ਅੰਮ੍ਰਿਤਸਰ; ਕੈਂਬਰਿਜ ਇੰਟਰਨੈਸ਼ਨਲ ਸਕੂਲ, ਨਕੋਦਰ; ਟੈਗੋਰ ਸੇਨ ਸੈਕੰ ਸਕੂਲ, ਨਕੋਦਰ; ਅਤੇ ਐਸ.ਡੀ.ਫੁੱਲਰਵਾਲ ਗਰਲਜ਼ ਸੇਨ ਸੈਕੰ. ਸਕੂਲ, ਜਲੰਧਰ ਨੇ ਇਸ ਸਮਾਗਮ ਵਿੱਚ ਭਾਗ ਲਿਆ । ਸਮਾਗਮ ਦੀ ਰਸਮ ਮੁੱਖ ਮਹਿਮਾਨ ਡਾ. ਰਾਜੀਵ ਕੁਮਾਰ ਗਰਗ, ਪ੍ਰੋਫੈਸਰ (ਐਚਏਜੀ), ਸਾਬਕਾ ਡਾਇਰੈਕਟਰ ਐਨਆਈਟੀ ਅਰੁਣਾਚਲ ਪ੍ਰਦੇਸ਼, ਅਤੇ ਡਾਇਰੈਕਟਰ ਇੰਚਾਰਜ ਐਨਆਈਟੀ ਜਲੰਧਰ। ਡਾ. ਗਰਗ ਨੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਲਗਨ ਦੀ ਤਾਰੀਫ਼ ਕਰਦੇ ਹੋਏ ਕਿਹਾ, ਅਜਿਹੀ ਨੌਜਵਾਨ ਪ੍ਰਤਿਭਾ ਨੂੰ ਸ਼ਾਨਦਾਰ ਸਫਲਤਾ ਪ੍ਰਾਪਤ ਕਰਦੇ ਹੋਏ ਦੇਖਣਾ ਸੱਚਮੁੱਚ ਪ੍ਰੇਰਨਾਦਾਇਕ ਹੈ।।

ਤੁਹਾਡੇ ਸਮਰਪਣ ਅਤੇ ਲਗਨ ਨੇ ਦੂਜਿਆਂ ਲਈ ਇੱਕ ਮਾਪਦੰਡ ਸਥਾਪਤ ਕੀਤਾ ਹੈ। ਉੱਤਮਤਾ ਲਈ ਕੋਸ਼ਿਸ਼ ਕਰਦੇ ਰਹੋ ਅਤੇ ਸਾਨੂੰ ਮਾਣ ਮਹਿਸੂਸ ਕਰਵਾਂਦੇ ਰਹੋ ।ਸਮਾਗਮ ਵਿੱਚ ਇਲਾਕੇ ਭਰ ਦੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ, ਮੁਖੀਆਂ ਅਤੇ ਅਧਿਆਪਕਾਂ ਨੇ ਸ਼ਿਰਕਤ ਕੀਤੀ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਅਤੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਪ੍ਰਤੀ ਅਟੁੱਟ ਸਮਰਪਣ ਲਈ ਜੀ ਆਇਆਂ ਕਿਹਾ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ।

# ਰਿਆਤ-ਬਾਹਰਾ 'ਵਰਸਿਟੀ ਦੇ ਮਾਹਰ ਰਾਸ਼ਟਰੀ ਪੱਧਰ 'ਤੇ ਸਨਮਾਨਤ



**ਮੋਹਾਲੀ ( ਗੁਰਜੀਤ ਬਿੱਲਾ )** ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਐਨੀਮੇਸ਼ਨ ਆਰਟ ਐਂਡ ਡਿਜ਼ਾਈਨ ਦੇ ਮੁਖੀ ਪਰਮਿੰਦਰ ਸਿੰਘ ਰੂਬਲ ਨੂੰ ਯਸ਼ੋਭੂਮੀ ਕਨਵੈਨਸ਼ਨ ਸੈਂਟਰ ਵਿਖੇ ਆਯੋਜਿਤ ਮੀਡੀਆ ਐਂਡ ਐਂਟਰਟੇਨਮੈਂਟ ਸਕਿੱਲ ਕੌਂਸਲ ਆਫ ਇੰਡੀਆ ਦੁਆਰਾ ਇੰਡੀਆ ਸਕਿੱਲ ਨੈਸ਼ਨਲਜ਼ ਵਿਖੇ 3ਡੀ ਡਿਜੀਟਲ ਗੇਮ ਆਰਟ ਦੇ ਮੁੱਖ ਮਾਹਿਰ ਵਜੋਂ ਚੁਣੇ ਜਾਣ ਕਾਰਨ ਰਾਸ਼ਟਰੀ ਪੱਧਰ 'ਤੇ ਸਨਮਾਨਿਤ ਕੀਤਾ ਗਿਆ।ਰਾਸ਼ਟਰੀ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚੋਂ 3ਡੀ ਗੇਮ ਆਰਟ ਵਿੱਚ ਚੋਟੀ ਦੇ ਉਮੀਦਵਾਰਾਂ ਦੀ ਚੋਣ ਕੀਤੀ ਗਈ ਸੀ। ਉਹ ਇੱਕ ਅਜਿਹੇ ਉਮੀਦਵਾਰ ਦੀ ਚੋਣ ਕਰਨ ਲਈ ਦੇਸ਼ ਦੇ ਉੱਚ ਪੱਧਰੀ ਜਿਊਰੀ ਮੈਂਬਰਾਂ ਨਾਲ ਕੰਮ ਕਰਨ ਲਈ ਜ਼ਿੰਮੇਵਾਰ ਸੀ ਜੋ ਵਰਲਡਸਕਿਲਜ਼ 2024 ਫਰਾਂਸ ਵਿੱਚ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਦੇਸ਼ ਦੀ ਨੁਮਾਇੰਦਗੀ ਕਰੇਗਾ।ਵੱਖ-ਵੱਖ ਰਾਜਾਂ ਦੇ 13 ਪ੍ਰਤੀਯੋਗੀਆਂ ਨੇ 3ਡੀ ਡਿਜੀਟਲ ਗੇਮ ਆਰਟ ਦੇ ਰਾਸ਼ਟਰੀ ਪੱਧਰ 'ਤੇ ਜਗ੍ਹਾ ਬਣਾਈ ਸੀ। ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਤੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਕਿਹਾ ਕਿ ਨੇ ਕਿਹਾ ਕਿ ਅਸੀਂ ਰਿਆਤ ਬਾਹਰਾ ਵਿਖੇ ਕੰਮ ਕਰ ਰਹੇ ਚੋਟੀ ਦੇ ਉਦਯੋਗਿਕ ਪੇਸ਼ੇਵਰਾਂ ਦੀ ਮੁਹਾਰਤ ਦਾ ਸਨਮਾਨ ਕਰਨ ਅਤੇ ਉਨ੍ਹਾਂ ਨੂੰ ਇੰਨੀ ਵੱਡੀ ਜ਼ਿੰਮੇਵਾਰੀ ਦੇਣ ਲਈ ਮੀਡੀਆ ਐਂਡ ਐਂਟਰਟੇਨਮੈਂਟ ਸਕਿੱਲ ਕੌਂਸਲ ਆਫ ਇੰਡੀਆ ਦੇ ਧੰਨਵਾਦੀ ਹਾਂ।

# ਆਮ ਆਦਮੀ ਪਾਰਟੀ ਦੇ ਐੱਮ ਪੀ ਚੁਣ ਕੇ ਭੇਜਣੇ ਜ਼ਰੂਰੀ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸ਼ਹਿਰ ਦੇ ਮੁਹੱਲਾ ਦਸਮੇਸ਼ ਨਗਰ ਸਥਿਤ ਗਾਰਡਨ ਸਟੇਟ ਕਲੋਨੀ ਵਿਖੇ ਡਾਕਟਰ ਰਾਜ ਕੁਮਾਰ ਚੱਬੇਵਾਲ ਦੇ ਹੱਕ ਵਿੱਚ ਵਿੱਚ ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਆਪਣੇ ਸੰਬੋਧਨ ਵਿੱਚ ਸਰਕਾਰ ਵੱਲੋਂ ਕੀਤੇ ਲੋਕ ਪੱਖੀ ਕੰਮਾਂ ਅਤੇ ਨੀਤੀਆਂ ਦੀ ਵਿਸਥਾਰ ਸਹਿਤ ਚਰਚਾ ਕੀਤੀ।ਉਹਨਾਂ ਕਿਹਾ ਕਿ ਪੰਜਾਬ ਦੇ ਹਿੱਸੇ ਦੇ ਕੇਂਦਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਫੰਡ ਪਿਛਲੇ ਦੋ ਸਾਲ ਤੋਂ ਨਹੀਂ ਦਿੱਤੇ ਜਾ ਰਹੇ। ਕੇਂਦਰ ਵੱਲੋਂ ਪੰਜਾਬ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਜਿਸ ਕਰਕੇ ਤੇਜੀ ਨਾਲ ਪੰਜਾਬ ਦਾ ਵਿਕਾਸ ਕਰਨ ਵਿੱਚ ਰੁਕਾਵਟ ਆ ਰਹੀ ਹੈ।

ਉਹਨਾਂ ਕਿਹਾ ਕਿ ਕੇਂਦਰ ਤੋਂ ਆਪਣਾ ਬਣਦਾ ਹੱਕ ਲੈਣ ਲਈ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਐਮ ਪੀ ਚੁਣ ਕੇ ਭੇਜਣੇ ਜਰੂਰੀ ਹਨ ਇਸ ਲਈ ਅਸੀਂ ਤੁਹਾਨੂੰ ਡਾ: ਰਾਜ ਕੁਮਾਰ ਚੱਬੇਵਾਲ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਚੁਣ ਕੇ ਭੇਜਣ ਦੀ ਅਪੀਲ ਕਰਨ ਆਏ ਹਾਂ। ਉਨ੍ਹਾਂ ਕਿਹਾ ਤੁਹਾਡੇ ਹੁੰਗਾਰੇ ਅਤੇ ਉਤਸ਼ਾਹ ਕਰਕੇ ਸਾਨੂੰ ਪੂਰੀ ਉਮੀਦ ਹੈ ਕਿ ਡਾ: ਡਾਕਟਰ ਰਾਜ ਕੁਮਾਰ ਨੂੰ 1 ਜੂਨ ਨੂੰ ਝਾੜੂ ਵਾਲਾ ਬਟਨ ਦਬਾ ਕੇ ਵੋਟਾਂ ਪਾ ਕੇ ਕਾਮਯਾਬ ਕਰਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿਓਗੇ। ਇਸ ਮੌਕੇ ਬਲਜਿੰਦਰ ਸਿੰਘ ਪ੍ਰਧਾਨ ਗਾਰਡਨ ਸਟੇਟ ਕਲੋਨੀ, ਹਰਦੀਪ ਸਿੰਘ, ਮਲਕੀਤ ਸਿੰਘ, ਗੁਰਮਿੰਦਰ ਪਾਲ ਸਿੰਘ, ਨਾਇਬ ਸਿੰਘ, ਬਲਵੀਰ ਸਿੰਘ ਸੈਣੀ, ਬਹਾਦਰ ਸਿੰਘ ਭਿੰਡਰ, ਸੰਜੂ ਸਰਮਾ, ਰਾਜ ਕੁਮਾਰ, ਰਾਮ ਸਰਮਾ, ਸੋਢੀ ਸਿੰਘ ਸੰਧੂ, ਹਰਪ੍ਰੀਤ ਸਿੰਘ, ਸੰਜੀਵ ਭਾਰਦਵਾਜ, ਪੰਡਿਤ ਸੁਆਂਕ ਸਰਮਾ, ਹਰਦਿਆਲ ਸਿੰਘ, ਰਣਜੀਤ ਸਿੰਘ ਹੁੰਦਲ, ਅਮਰਪ੍ਰੀਤ ਸਿੰਘ, ਅਮਰਜੀਤ ਸਿੰਘ ਆਦਿ ਹਾਜਰ ਸਨ।

# ਸਿਲਵਰ ਓਕ ਸਕੂਲ 'ਚ ਅੱਵਲ ਰਹਿਣ ਵਾਲੇ ਵਿਦਿਆਰਥੀ ਸਨਮਾਨਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**-ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਵਿੱਚ ਦਸਵੀਂ ਅਤੇ ਬਾਰਵੀਂ ਕਲਾਸ ਦੇ ਨਤੀਜਿਆਂ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਗਿਆ। ਸਕੂਲ ਦੀ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਇਹ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਸਕੂਲ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਹਨਾਂ ਨੇ ਕਿਹਾ ਕਿ ਮੈਨੂੰ ਬੜਾ ਮਾਣ ਹੈ ਆਪਣੇ ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ 'ਤੇ ਜਿਨ੍ਹਾਂ ਨੇ ਇਸ ਸਾਲ ਇਨ੍ਹਾ ਵਧੀਆ ਨਤੀਜਾ ਸਾਡੀ ਝੋਲੀ ਪਾਇਆ। ਉਹਨਾਂ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਸਕੂਲ ਵਿੱਚੋਂ ਟਾਪਰ ਰਹੇ ਬੱਚਿਆਂ ਨੂੰ ਸਨਮਾਨ ਚਿੰਨ੍ਹਾਂ ਦੇ ਨਾਲ-ਨਾਲ ਨਗਦ ਰਾਸ਼ੀ ਵੀ ਭੇਂਟ ਕੀਤੀ।ਇਸ ਸਨਮਾਨ ਸਮਾਰੋਹ ਦੌਰਾਨ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ।ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਇਹ ਨਤੀਜੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਕੋਸ਼ਿਸ਼, ਉਨਾਂ ਦੇ ਅਧਿਆਪਕਾਂ ਦੀ ਅਣਥੱਕ ਮਿਹਨਤ ਅਤੇ ਸਕੂਲ ਦੇ ਪੂਰਨ ਸਹਿਯੋਗ ਅਤੇ ਪ੍ਰੇਰਨਾ ਸਦਕਾ ਸੰਭਵ ਹੋ ਸਕੇ ਹਨ। ਸਕੂਲ ਮੈਨੇਜਮੈਂਟ ਨੇ ਮਾਪਿਆਂ ਅਤੇ ਬੱਚਿਆਂ ਨੂੰ ਇਸ ਖੁਸ਼ੀ ਦੇ ਮੌਕੇ 'ਤੇ ਮੁਬਾਰਕਬਾਦ ਦਿੱਤੀ ਅਤੇ ਉਮੀਦ ਜਤਾਈ ਕੇ ਬੱਚੇ ਭਵਿੱਖ ਵਿੱਚ ਵੀ ਸਕੂਲ ਦਾ ਆਪਣੇ ਮਾਪਿਆਂ ਦਾ ਤੇ ਇਸ ਪੂਰੇ ਇਲਾਕੇ ਦਾ ਨਾਂਅ ਰੋਸ਼ਨ ਕਰਨਗੇ। ਸਕੂਲ ਮੈਨੇਜਮੈਂਟ ਵੱਲੋਂ ਤਮਾਮ ਮਾਪਿਆਂ ਤੇ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ।ਇਸ ਮੌਕੇ 'ਤੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ,ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਸੰਜੀਵ ਕੁਮਾਰ ਸ਼ਰਮਾ, ਵਿਨੇ, ਰੋਹਿਤ, ਰਾਜਵੀਰ ਕੌਰ, ਅਮਰਜੀਤ ਕੌਰ ਸੈਣੀ, ਵਰਿੰਦਰ, ਬਲਜੀਤ, ਕੰਚਨ, ਮੋਨਿਕਾ, ਰਜਨੀਤ, ਹਰਮਿੰਦਰ, ਗੁਰਪ੍ਰੀਤ ਕੌਰ, ਅਰਚਨਾ ਸੈਣੀ, ਸੁਮਨ, ਪ੍ਰੀਆ, ਰਾਜਵਿੰਦਰ, ਗੁਰਮੀਤ, ਮਮਤਾ, ਦਮਨ, ਹਰਜੀਤ ਸਿੰਘ, ਇਕਬਾਲ ਸਿੰਘ, ਗੁਰਦੇਵ ਸਿੰਘ ਅਤੇ ਬਾਕੀ ਸਟਾਫ ਵੀ ਮੌਜੂਦ ਸੀ।

# ਡਾਕਟਰ ਰਾਜ ਦੇ ਪਰਵਾਰ ਨੇ ਸੰਭਾਲੀ ਚੋਣ ਪ੍ਰਚਾਰ ਦੀ ਕਮਾਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਜ਼ੋਰਾਂ-ਸ਼ੋਰਾਂ ਨਾਲ ਆਪਣੇ ਚੋਣ ਪ੍ਰਚਾਰ ਵਿਚ ਲੱਗੇ ਹੋਏ ਹਨ ਅਤੇ ਉਹਨਾਂ ਵਲੋਂ ਹੁਸ਼ਿਆਰਪੁਰ ਲੋਕ ਸਭਾ ਅਧੀਨ ਪੈਂਦੇ ਨੌਂ ਦੇ ਨੌਂ ਵਿਧਾਨ ਸਭਾ ਹਲਕਿਆਂ ਵਿਚ ਬੈਠਕਾਂ ਅਤੇ ਡੋਰ-ਟੂ-ਡੋਰ ਮੁਹਿੰਮ ਦੀ ਹਨੇਰੀ ਲਿਆਂਦੀ ਹੋਈ ਹੈ । ਇਸ ਵਿਚ ਇਹਨਾਂ ਵਿਧਾਨ ਸਭਾ ਹਲਕਿਆਂ ਦੇ ਵਿਧਾਇਕ, ਹਲਕਾ ਇੰਚਾਰਜ, ਪਾਰਟੀ ਅਹੁਦੇਦਾਰ ਜਿਥੇ ਸਰਗਰਮ ਭੂਮਿਕਾ ਨਿਭਾ ਰਹੇ ਹਨ ਓਥੇ ਹੀ ਡਾ ਰਾਜ ਦੇ ਪਰਿਵਾਰਕ ਮੈਂਬਰ ਵੀ ਪਿਛੇ ਨਹੀਂ ਹਨ। ਡਾ. ਰਾਜ ਕੁਮਾਰ ਦੇ ਛੋਟੇ ਭਰਾ ਅਤੇ ਆਪ ਆਗੂ ਡਾ. ਜਤਿੰਦਰ ਕੁਮਾਰ ਅਤੇ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਸੋਨੀਆ ਚੱਬੇਵਾਲ ਐਂਡ ਹੁਸ਼ਿਆਰਪੁਰ ਦੇ ਪਿੰਡਾਂ ਵਿਚ ਲੋਕ ਮਿਲਣੀਆਂ ਕਰ ਰਹੇ ਹਨ, ਭਰਵੀਆਂ ਮੀਟਿੰਗਾਂ, ਡੋਰ -ਟੂ- ਡੋਰ, ਦੇ ਨਾਲ ਹੀ ਇਕ ਇਕ ਵੋਟਰ ਨੂੰ ਮਿਲਦੇ ਹੋਏ, ਉਹਨਾਂ ਨੂੰ ਡਾ ਰਾਜ ਦੇ ਹੱਕ ਵਿਚ ਆਪਣੀ ਵੋਟ ਪਾਉਣ ਲਈ ਪ੍ਰੇਰਿਤ ਕਰਦੇ ਹੋਏ, ਦੋਵੇਂ ਆਪਣੇ ਵਲੋਂ ਕੋਈ ਕਸਰ ਨਹੀਂ ਛੱਡ ਰਹੇ। ਡਾ. ਰਾਜ ਵਲੋਂ ਹਲਕੇ ਵਿਚ ਕੀਤੇ ਗਏ ਕੰਮਾਂ ਨੂੰ ਯਾਦ ਕਰਵਾਉਂਦੇ ਹੋਏ ਅਗਾਂਹ ਵੀ ਉਹਨਾਂ ਨੂੰ ਹਲਕੇ ਦੀ ਅਤੇ ਹਲਕਾ ਵਾਸੀਆਂ ਦੀ ਸੇਵਾ ਦਾ ਇਕ ਹੋਰ ਮੌਕਾ ਦੇਣ ਲਈ ਉਹ ਲੋਕਾਂ ਨੂੰ ਅਪੀਲ ਕਰ ਰਹੇ ਹਨ ਅਤੇ ਭਰੋਸਾ ਦਿੰਦੇ ਹਨ ਕਿ ਡਾ. ਰਾਜ ਆਪਣੇ ਕੰਮ ਵਿਚ ਕਿਸੀ ਤਰ੍ਹਾਂ ਦੀ ਕਮੀ ਨਹੀਂ ਆਉਣ ਦੇਣਗੇ ।

# ਨਾਜਾਇਜ਼ ਸ਼ਰਾਬ ਸਮੇਤ ਕਾਬੂ

**ਨਵਾਂਸ਼ਹਿਰ, ( ਮਨੋਜ ਲਾਡੀ )** ਥਾਣਾ ਸਦਰ ਦੀ ਪੁਲਸ ਨੇ 18 ਹਜ਼ਾਰ ਮਿਲੀਲੀਟਰ ਨਾਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਹੈੱਡ ਕਾਂਸਟੇਬਲ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਤਲਾਸ਼ੀ ਲਈ ਪਿੰਡ ਲੰਗੜੋਆ ਵੱਲ ਨੂੰ ਜਾ ਰਹੀ ਸੀ ਤਾਂ ਸਾਹਮਣੇ ਤੋਂ ਇਕ ਵਿਅਕਤੀ ਸਿਰ 'ਤੇ ਪਲਾਸਟਿਕ ਦਾ ਭਾਰਾ ਥੈਲਾ ਚੁੱਕੀ ਆਉਂਦਾ ਦੇਖਿਆ। ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਉਥੋਂ ਭੱਜਣ ਦੀ ਕੋਸ਼ਿਸ਼ ਕਰਨ ਲੱਗਾ। ਜਦੋਂ ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਵਿਅਕਤੀ ਨੂੰ ਕਾਬੂ ਕਰ ਕੇ ਜਾਂਚ ਕੀਤੀ ਗਈ ਤਾਂ ਉਸਦੇ ਥੈਲੇ 'ਚੋਂ 18 ਹਜ਼ਾਰ ਮਿਲੀਲੀਟਰ (24 ਬੋਤਲਾਂ) ਨਾਜਾਇਜ਼ ਸ਼ਰਾਬ ਬਰਾਮਦ ਹੋਈ। ਕਾਬੂ ਵਿਅਕਤੀ ਦੀ ਪਛਾਣ ਬੱਬੀ ਰਾਮ ਵਾਸੀ ਪਿੰਡ ਲੰਗੜੋਆ ਵਜੋਂ ਹੋਈ ਹੈ।ਉਸ ਦੇ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਮਾਲੇ ਵਲੋਂ ਕੀਤੀਆਂ ਰੈਲੀਆਂ 'ਚ ਭਾਜਪਾ ਨੂੰ ਹਰਾਉਣ ਦਾ ਹੋਕਾ



**ਨਵਾਂਸ਼ਹਿਰ (ਮਨੋਜ ਲਾਡੀ)** ਭਾਰਤੀ ਕਮਿਊਨਿਸਟ ਪਾਰਟੀ ( ਮਾਰਕਸਵਾਦੀ-ਲੈਨਿਨਵਾਦੀ ) ਨਿਊਡੈਮੋਕ੍ਰੇਸੀ ਵਲੋਂ ਸਨਾਵਾ, ਮਜਾਰਾ ਕਲਾਂ ਅਤੇ ਮਜਾਰਾ ਖੁਰਦ ਵਿਖੇ ਰੈਲੀਆਂ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਹਰਾਉਣ ਅਤੇ ਦੂਸਰੀਆਂ ਪਾਰਟੀਆਂ ਨੂੰ ਸਵਾਲ ਕਰਨ ਦਾ ਸੱਦਾ ਦਿੱਤਾ ਹੈ। ਇਹਨਾਂ ਰੈਲੀਆਂ ਨੂੰ ਪਾਰਟੀ ਦੇ ਆਗੂਆਂ ਦਲਜੀਤ ਸਿੰਘ ਐਡਵੋਕੇਟ, ਕਮਲਜੀਤ ਸਨਾਵਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਦੀ ਮੌਜੂਦਾ ਭਾਰਤੀ ਜਨਤਾ ਪਾਰਟੀ-ਆਰ ਐਸ ਐਸ ਸਰਕਾਰ ਨੇ ਦੇਸ਼ ਵਿਚ ਧਾਰਮਿਕ ਸਦਭਾਵਨਾ ਨੂੰ ਬੁਰੀ ਤਰ੍ਹਾ ਸੱਟ ਮਾਰੀ ਹੈ।

ਜਮਹੂਰੀ ਕਦਰਾਂ ਕੀਮਤਾਂ ਨੂੰ ਪੈਰਾਂ ਹੇਠਾਂ ਰੋਲਿਆ ਹੈ, ਮਨੁੱਖੀ ਹੱਕਾਂ ਦਾ ਘਾਣ ਕੀਤਾ ਹੈ । ਇਹ ਸਰਕਾਰ ਇਕ ਤੋਂ ਬਾਅਦ ਇਕ ਫਾਸ਼ੀਵਾਦੀ ਕਾਰਵਾਈਆਂ ਕਰਦੀ ਆ ਰਹੀ ਹੈ। ਇਸਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਕਿਸਾਨਾਂ ਦੀ ਹਾਲਤ ਬਦ ਤੋਂ ਬਦਤਰ ਹੋਈ ਹੈ ਅਤੇ ਇਸ ਸਰਕਾਰ ਨੇ ਕਿਸਾਨਾਂ ਦੇ ਸ਼ਾਂਤੀ ਪੂਰਵਕ ਅੰਦੋਲਨਾਂ ਨੂੰ ਵੀ ਜਬਰ ਦੇ ਕੁਹਾੜੇ ਨਾਲ ਕੁਚਲਣ ਦੇ ਯਤਨ ਕੀਤੇ ਹਨ। ਮਜਦੂਰ ਹਿੱਤੂ ਕਿਰਤ ਕੋਡ ਖਤਮ ਕਰਕੇ ਉਹਨਾਂ ਦੀ ਥਾਂ ਮਜਦੂਰ ਵਿਰੋਧੀ ਅਤੇ ਕਾਰਪੋਰੇਟ ਪੱਖੀ ਚਾਰ ਕਿਰਤ ਕੋਡ ਲੈ ਆਂਦੇ ਹਨ। ਇਹ ਸਰਕਾਰ ਦੇਸ਼ੀ ਵਿਦੇਸ਼ੀ ਕਾਰਪੋਰੇਟਰਾਂ ਲਈ ਕੰਮ ਕਰ ਰਹੀ ਹੈ ਜਿਸ ਕਾਰਨ ਦੇਸ਼ ਦਾ ਵਪਾਰੀ ਵਰਗ ਵੀ ਦੁੱਖਾਂ ਦੇ ਪਹਾੜ ਥੱਲੇ ਕਰਾਹ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਸ ਪਾਰਟੀ ਦੇ ਦੂਜੇ ਨੇਤਾ ਧੂੰਏ ਦੇ ਪਹਾੜ ਖੜ੍ਹੇ ਕਰ ਰਹੇ ਹਨ।ਆਗੂਆਂ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਨੂੰ ਸਵਾਲ ਕੀਤੇ ਜਾਣ ਜਿਹਨਾਂ ਪਾਰਟੀਆਂ ਨੇ ਲੋਕਾਂ ਪ੍ਰਤੀ ਆਪਣੀ ਜਿੰਮੇਵਾਰੀ ਨਹੀਂ ਨਿਭਾਈ।

# ਗਰੀਨ ਚੋਣਾਂ ਕਰਵਾਉਣ ਲਈ ਚਲਾਈ ਮੁਹਿੰਮ ਨੂੰ ਮਿਲਿਆ ਭਰਵਾਂ ਹੁੰਗਾਰਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਲੋਕ ਸਭਾ ਚੋਣਾਂ 2024 ਗ੍ਰੀਨ ਇਲੈਕਸ਼ਨ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਇਸ ਦੀ ਲਗਾਤਾਰਤਾ ਵਿਚ ਡਾ.ਹੀਰਾ ਲਾਲ ਆਈ.ਏ.ਐਸ. ਜਨਰਲ ਅਬਜ਼ਰਵਰ ਲੋਕ ਸਭਾ ਹਲਕਾ 06 ਅਨੰਦਪੁਰ ਸਾਹਿਬ ਵਲੋਂ ਕੀਤੀ ਮੀਟਿੰਗ ਵਿਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸੰਦੀਪ ਕੁਮਾਰ ਤਹਿਸੀਲਦਾਰ ਤੇ ਹਰਬਖ਼ਸ਼ ਸਿੰਘ ਕਾਰਜ ਸਾਧਕ ਅਫਸਰ ਨੇ ਤਹਿਸੀਲ ਕੰਪਲੈਕਸ ਵਿਚ ਬੂਟੇ ਲਗਾਏ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਪਾਰਕਾਂ ਦੀ ਸਫ਼ਾਈ ਕੀਤੀ ਜਾ ਰਹੀ ਹੈ। ਵਾਤਾਵਰਣ ਪਲਾਸਟਿਕ ਮੁਕਤ ਕੀਤਾ ਜਾ ਰਿਹਾ ਹੈ ਅਤੇ ਸੜਕਾਂ ਦੇ ਕਿਨਾਰਿਆਂ ਨੂੰ ਵੀ ਪਲਾਸਟਿਕ ਮੁਕਤ ਕੀਤਾ ਜਾ ਰਿਹਾ ਹੈ। ਨਗਰ ਕੌਂਸਲ ਅਧੀਨ ਪੈਂਦੇ ਵੱਖ-ਵੱਖ ਵਾਰਡਾਂ ਤੇ ਪਾਰਕਾਂ ਵਿਚ ਢੁੱਕਵੀਆਂ ਥਾਵਾਂ 'ਤੇ ਲੋੜੀਦੀ ਮਾਤਰਾ ਵਿੱਚ ਬੂਟੇ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਹੋਰ ਪਾਰਕਾਂ/ਸੜਕਾਂ ਦੇ ਕਿਨਾਰਿਆਂ 'ਤੇ ਬੂਟੇ ਲਗਾਏ ਜਾਣਗੇ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸੰਜਮ ਨਾਲ ਪਾਣੀ ਦੀ ਵਰਤੋਂ ਕੀਤੀ ਜਾਵੇ ਅਤੇ ਪਾਣੀ ਦਾ ਦੁਰਉਪਯੋਗ ਨਾ ਕੀਤਾ ਜਾਵੇ। ਵਾਤਾਵਰਣ ਨੂੰ ਈਕੋ ਫਰੈਂਡਲੀ ਬਣਾਇਆ ਜਾਵੇ, ਵੋਟਰ ਵੋਟ ਪਾਉਣ ਤੋਂ ਪਹਿਲਾ ਯਾਦਗਾਰੀ ਬੂਟਾ ਲਗਾਉਣ ਅਤੇ ਉਸ ਦਾ ਰੱਖ ਰਖਾਓ ਵੀ ਕਰਨ। ਸੰਸਥਾਵਾਂ ਦੀ ਹਰਿਆਵਲ ਮੁਹਿੰਮ ਵਿਚ ਸਹਿਯੋਗ ਦੇਣ ਇਹ ਸਾਡੇ ਸੁਰੱਖਿਅਤ ਭਵਿੱਖ ਲਈ ਬੇਹੱਦ ਜਰੂਰੀ ਹੈ।

# ਮੋਦੀ ਦੁਬਾਰਾ ਆਇਆ ਤਾਂ ਸੰਵਿਧਾਨ ਗਿਆ : ਐਡਵੋਕੇਟ ਰਣਜੀਤ ਕੁਮਾਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਬਾਰ ਐਸ਼ੋਸ਼ੀਏਸ਼ਨ ਮਕੇਰੀਆਂ ਵੱਲੋਂ ਪ੍ਰਧਾਨ ਸੂਰਜ ਮੋਹਨ ਪਰਾਸ਼ਰ ਐਡਵੋਕੇਟ ਦੀ ਅਗਵਾਈ ਹੇਠ ਬਹੁਜਨ ਸਮਾਜ ਪਾਰਟੀ ਲੋਕ ਸਭਾ ਹੁਸ਼ਿਆਰਪੁਰ ਦੇ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਬਾਰ ਐਸ਼ੋਸ਼ੀਏਸ਼ਨ ਹੁਸ਼ਿਆਰਪੁਰ ਦਾ ਇਥੇ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਸਾਰੇ ਵਕੀਲ ਆਪਣੇ ਪਰਵਾਰਾਂ, ਰਿਸ਼ਤੇਦਾਰਾਂ, ਸੱਜਣਾਂ ਮਿੱਤਰਾਂ ਦੀਆਂ ਵੋਟਾਂ ਹਾਥੀ ਨਿਸ਼ਾਨ 'ਤੇ ਪੋਲ ਕਰਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ ਨੇ ਵਕੀਲ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਪਿੰਡਾਂ ਅਤੇ ਸ਼ਹਿਰੀ ਹਲਕਿਆਂ ਵਿੱਚ ਮਿਲ ਰਹੇ ਭਾਰੀ ਸਮਰਥਨ ਤੋਂ ਬਾਅਦ ਵੋਟਰਾਂ ਨੇ ਹਾਥੀ ਨੂੰ ਵੋਟਾਂ ਪਾ ਕੇ ਬਦਲਾਅ ਦਾ ਮੰਨ ਬਣਾ ਲਿਆ ਹੈ।ਉਨ੍ਹਾਂ ਕਿਹਾ ਦੇਸ਼ ਦਾ ਸੰਵਿਧਾਨ ਖਤਰੇ ਵਿੱਚ ਹੈ ਜੇਕਰ ਭਾਜਪਾ ਦੁਬਾਰਾ ਸੱਤਾ ਵਿੱਚ ਆਉਂਦੀ ਹੈ ਤਾਂ ਸਮਝੋ ਸੰਵਿਧਾਨ ਗਿਆ।ਭਾਜਪਾ, ਕਾਂਗਰਸ, ਤੇ ਆਮ ਆਦਮੀ ਪਾਰਟੀ ਇਕ ਹੀ ਏਜੰਡੇ ਹੇਠ ਕੰਮ ਕਰ ਰਹੀਆਂ ਹਨ।ਭਾਜਪਾ ਨੇ ਡਾ. ਅੰਬੇਡਕਰ ਦੀ ਦੇਸ਼ ਦੇ ਹਰ ਵਰਗ ਦੇ ਵਿਕਾਸ ਦੀ ਸਰਵਪੱਖੀ, ਮਾਨਵਤਾਪੱਖੀ ਸੋਚ ਨੂੰ ਖਤਮ ਕਰਕੇ ਆਰ ਐਸ ਐਸ, ਸਾਵਰਕਰ ਦੀ ਮਾਨਵਤਾ ਮਾਰੂ ਸੋਚ ਤਹਿਤ ਭਾਰਤ ਦੇ ਸੰਵਿਧਾਨ, ਲੋਕਤੰਤਰ, ਸੈਕੂਲਰਜਮ ਨੂੰ ਖਤਮ ਕਰਕੇ ਮਨੂਸਿਮ੍ਰਤੀ ਰਾਜ ਸਥਾਪਤ ਕਰਨ ਲਈ ਕੰਮ ਕਰਨਾ ਸ਼ੁਰੂ ਕੀਤਾ ਹੈ।ਦੇਸ਼ ਸੰਵਿਧਾਨ, ਰਾਖਵਾਂਕਰਨ ਅਤੇ ਗਰੀਬਾਂ, ਪਛੜਾ, ਘੱਟ ਗਿਣਤੀ ਲੋਕਾਂ ਦਾ ਸਭ ਤੋਂ ਵੱਧ ਘਾਣ ਕਰਨ ਵਾਲੀਆਂ ਕਾਂਗਰਸ, ਭਾਜਪਾ, ਆਪ ਪਾਰਟੀ ਨੇ ਅਜ਼ਾਦੀ ਦੇ ਅੱਠ ਦਹਾਕਿਆਂ ਤੱਕ ਲੋਕਾਂ ਨੂੰ ਕੁੱਟਿਆ ਤੇ ਲੁੱਟਿਆ ਹੈ।ਇਸ ਮੌਕੇ ਬਸਪਾ ਪੰਜਾਬ ਦੇ ਸੀਨੀ.ਆਗੂ ਠੇਕੇਦਾਰ ਭਗਵਾਨ ਦਾਸ ਸਿੱਧੂ, ਐਡਵੋਕੇਟ ਧਰਮਿੰਦਰ ਦਾਦਰਾ ਅਤੇ ਲੀਡਰਸ਼ਿਪ ਹਾਜ਼ਰ ਸੀ।

# ਸੁਰਜੀਤ ਪਾਤਰ ਸੂਬਾਈ ਸਮਾਗਮ ਦੀ ਸਫਲਤਾ ਲਈ ਮੁਹਿੰਮ ਦਾ ਆਗਾਜ਼

**ਬਰਨਾਲਾ : (ਪੱਤਰ ਪ੍ਰੇਰਕ)** ਉੱਘੇ ਕਵੀ ਸੁਰਜੀਤ ਪਾਤਰ ਨੂੰ ਜਨਤਕ ਸ਼ਰਧਾਂਜਲੀ ਦੇਣ ਲਈ ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲੇ ਵੱਲੋਂ 9 ਜੂਨ ਨੂੰ ਬਰਨਾਲਾ ਦੀ ਦਾਣਾ ਮੰਡੀ ਵਿਖੇ ਹੋ ਰਹੇ ਸੂਬਾਈ ਸ਼ਰਧਾਂਜਲੀ ਸਮਾਗਮ ਵਿੱਚ ਸੁਰਜੀਤ ਪਾਤਰ ਦੀ ਸਾਹਿਤਕ ਦੇਣ ਨੂੰ ਸਲਾਮ ਕਰਨ ਲਈ ਪੰਜਾਬ ਭਰ 'ਚ ਲਾਮਬੰਦੀ ਤਿਆਰੀ ਮੁਹਿੰਮ ਆਰੰਭ ਦਿੱਤੀ ਗਈ ਹੈ। ਸ਼ਰਧਾਂਜਲੀ ਅਤੇ ਸਨਮਾਨ ਸਮਾਗਮ 'ਚ ਬਹੁ- ਪੱਖੀ ਸੰਵੇਦਨਸ਼ੀਲ ਸ਼ਖ਼ਸੀਅਤ ਸੁਰਜੀਤ ਪਾਤਰ ਬਾਰੇ ਅਤੇ ਉਹਨਾਂ ਦੇ ਲੰਮੇਰੇ ਸਾਹਿਤਕ ਸਫ਼ਰ ਬਾਰੇ ਵਿਦਵਾਨ, ਲੇਖਕ, ਕਵੀ ਸਾਹਿਤਕਾਰ, ਜਨਤਕ ਸਰੋਕਾਰਾਂ ਦੀ ਬਾਂਹ ਫੜਨ ਵਾਲੇ ਗੰਭੀਰ ਵਿਚਾਰ ਚਰਚਾ ਕਰਨਗੇ। ਸੁਰਜੀਤ ਪਾਤਰ ਦੀ ਕਲਮ ਜਾਏ ਹਰਫ਼ਾਂ ਉਪਰ ਅਧਾਰਿਤ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਪ੍ਰਭਾਵਸ਼ਾਲੀ ਕਲਾ ਕਿਰਤ ਦਾ ਮੰਚਣ ਹੋਏਗਾ। ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ ਦੇ ਕਨਵੀਨਰ ਜਸਪਾਲ ਜੱਸੀ ਤੇ ਟੀਮ ਮੈਂਬਰ ਅਮੋਲਕ ਸਿੰਘ ਤੇ ਪਾਵੇਲ ਕੁੱਸਾ ਨੇ ਸਲਾਮ ਕਾਫ਼ਲਾ ਟੀਮ ਵੱਲੋਂ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਮਾਗਮ ਦਾ ਸੱਦਾ ਦੇਣ ਵਾਲਿਆਂ 'ਚ ਸਾਹਿਤ ਕਲਾ ਜਗਤ ਦੀਆਂ ਉੱਘੀਆਂ ਸਖ਼ਸ਼ੀਅਤਾਂ ਡਾ. ਗੁਰਬਚਨ ਸਿੰਘ ਭੁੱਲਰ, ਡਾ.ਆਤਮਜੀਤ, ਡਾ.ਵਰਿਆਮ ਸਿੰਘ ਸੰਧੂ, ਡਾ. ਸਵਰਾਜਵੀਰ, ਡਾ. ਸੁਖਦੇਵ ਸਿੰਘ ਸਿਰਸਾ, ਡਾ.ਨਵਸ਼ਰਨ, ਕੇਵਲ ਧਾਲੀਵਾਲ ਤੇ ਸਾਹਿਬ ਸਿੰਘ ਵੀ ਸ਼ਾਮਲ ਹਨ।

ਸਲਾਮ ਕਾਫ਼ਲਾ ਟੀਮ ਜਸਪਾਲ ਜੱਸੀ ਕਨਵੀਨਰ, ਅਮੋਲਕ ਸਿੰਘ, ਪਾਵੇਲ ਕੁੱਸਾ, ਡਾ. ਪਰਮਿੰਦਰ ਸਿੰਘ, ਝੰਡਾ ਸਿੰਘ ਜੇਠੂਕੇ, ਜੋਰਾ ਸਿੰਘ ਨਸਰਾਲੀ, ਹਰਜਿੰਦਰ ਸਿੰਘ, ਰਾਮ ਸਵਰਨ ਲੱਖੇਵਾਲੀ, ਗੁਰਦਿਆਲ ਸਿੰਘ ਭੰਗਲ, ਹਰਜਿੰਦਰ ਸਿੰਘ ਅਤੇ ਯਸ਼ਪਾਲ ਦੀ ਮੀਟਿੰਗ ਉਪਰੰਤ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਲਾਮ ਕਾਫ਼ਲਾ ਦੇ ਕਨਵੀਨਰ ਜਸਪਾਲ ਜੱਸੀ, ਟੀਮ ਮੈਂਬਰ ਅਮੋਲਕ ਸਿੰਘ ਤੇ ਪਾਵੇਲ ਕੁੱਸਾ ਨੇ ਦੱਸਿਆ ਕਿ ਕਲਮ, ਕਲਾ ਅਤੇ ਲੋਕਾਂ ਦੀ ਗਲਵੱਕੜੀ ਦਾ ਮਹੱਤਵ ਸਾਹਮਣੇ ਲਿਆਉਣ ਦਾ ਕਾਰਜ ਕਰਨ ਲਈ ਸਲਾਮ ਕਾਫ਼ਲੇ ਦੀਆਂ ਟੀਮਾਂ ਜ਼ੋਰਦਾਰ ਜਨਤਕ ਮੁਹਿੰਮ ਵਿੱਚ ਜੁਟ ਗਈਆਂ ਹਨ ਜਿਸਦਾ ਸਿਖ਼ਰ ਹੋਏਗਾ 9 ਜੂਨ 11 ਵਜੇ ਹੋ ਰਿਹੈ ਬਰਨਾਲਾ ਸਮਾਗਮ।

# ਮੁਰਾਲੇ ਵਾਲਿਆਂ ਦੀ ਬਰਸੀ ਸੰਬੰਧੀ ਸਲਾਨਾ ਸਮਾਗਮ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**-ਗੁਰੂ ਗੋਬਿੰਦ ਸਿੰਘ ਖਾਲਸਾ ਸਿੰਘ ਸੈਕੰਡਰੀ ਸਕੂਲ (ਲਖਿੰਦਰ) ਮਿਆਣੀ ਸਥਿਤ ਗੁਰਦੁਆਰਾ ਗੁਰਦੁਆਰਾ ਗੋਬਿੰਦ ਪ੍ਰਵੇਸ਼ ਵਿਖੇ ਵਿਦਿਆਦਾਨੀ, ਸਮਾਜ ਸੁਧਾਰਕ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 74ਵੀਂ ਬਰਸੀ ਦੇ ਸੰਬੰਧ ਵਿੱਚ ਚੱਲ ਰਹੇ ਸਾਲਾਨਾ ਸਮਾਗਮ ਦੌਰਾਨ ਤੀਸਰੀ ਸ੍ਰੀ ਅਖੰਡ ਪਾਠ ਸਾਹਿਬ ਲੜੀ ਵਿਚ 5 ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਭੋਗ ਉਪਰੰਤ ਜਿੱਥੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਉੱਥੇ ਹੀ ਗਿਆਨੀ ਸਰਬਜੀਤ ਸਿੰਘ ਤੇ ਭਾਈ ਪਰਦੀਪ ਸਿੰਘ ਦੇ ਰਾਗੀ ਜਥੇ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਗੁਰਮਤ ਵਿਚਾਰਾਂ ਦੁਆਰਾ ਨਿਹਾਲ ਕੀਤਾ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੁਲਦੀਪ ਸਿੰਘ ਪੁੱਤਰ ਨੰਬਰਦਾਰ ਗਿਰਧਾਰਾ ਸਿੰਘ ਮਿਆਣੀ,ਸੰਗਤ ਸਿੰਘ ਅਮਰੀਕਾ ਪੁੱਤਰ ਨਿਰਮਲ ਸਿੰਘ ਅਮਰੀਕਾ, ਸਿਵਪਾਲ ਸਿੰਘ ਅਮਰੀਕਾ ਪੁੱਤਰ ਸ਼ਿਵਦੇਵ ਸਿੰਘ ਅਮਰੀਕਾ, ਹਰਜਿੰਦਰ ਸਿੰਘ ਅਮਰੀਕਾ ਪੁੱਤਰ ਮਹਿੰਦਰ ਸਿੰਘ ਅਮਰੀਕਾ, ਮਨਜੀਤ ਸਿੰਘ ਅਮਰੀਕਾ ਪੁੱਤਰ ਕੁਲਵੰਤ ਸਿੰਘ ਅਮਰੀਕਾ ਵਲੋਂ ਕੀਤੀ ਗਈ, ਜਿਨ੍ਹਾਂ ਨੂੰ ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ ਨੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਲੈਣ ਵਾਲੇ ਪਰਵਾਰਾਂ ਨੂੰ ਸਿਰਪਾਉ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸੁਰਿੰਦਰ ਕੌਰ ਚੌਧਰੀ,ਪ੍ਰਧਾਨ ਸੁਰਜੀਤ ਸਿੰਘ,ਬਲਦੇਵ ਸਿੰਘ, ਪ੍ਰਿੰਸੀਪਲ ਕੁਲਦੀਪ ਰਾਜ, ਦਵਿੰਦਰ ਸਿੰਘ ਮੂਨਕਾਂ, ਸੁਰਜੀਤ ਸਿੰਘ ਟੋਨੂੰ ਹਰਜਿੰਦਰ ਕੌਰ, ਜਸਵਿੰਦਰ ਕੌਰ, ਬਲਵੀਰ ਕੌਰ, ਕੁਲਦੀਪ ਕੌਰ, ਬਲਵਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਜਸਵੀਰ ਸਿੰਘ ਹੇੜੀਆਂ ਜਨਰਲ ਸਕੱਤਰ ਨਿਯੁਕਤ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ )** ਪਿੰਡ ਹੇੜੀਆ ਦੇ ਉਘੇ ਸਮਾਜ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਜਸਵੀਰ ਸਿੰਘ ਹੇੜੀਆ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਯੂਥ ਦਾ ਜਰਨਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਜਸਵੀਰ ਸਿੰਘ ਹੇੜੀਆ ਨੇ ਕਿਹਾ ਕ ਹਾਈ ਕਮਾਂਡ ਪਾਰਟੀ ਨੇ ਜੋ ਸੇਵਾ ਲਗਾਈ ਹੈ ਮੈਂ ਪੂਰੀ ਤਨ ਦੇਹੀ ਨਾਲ ਪੂਰੀ ਕਰਨ ਦੀ ਕੋਸ਼ਿਸ਼ ਕਰੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਹਲਕਾ ਇੰਚਾਰਜ ਚੱਬੇਵਾਲ ਨੂੰ ਲੋਕ ਸਭਾ ਹੁਸ਼ਿਆਰਪੁਰ ਤੋਂ ਜਿਤਾਉਣ ਲਈ ਵਰਕਰਾਂ ਨੂੰ ਨਾਲ ਲੈਕੇ ਦਿਨ ਰਾਤ ਇੱਕ ਕਰ ਦੇਵੇਗਾ।ਇਸ ਮੌਕੇ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਸੋਹਨ ਸਿੰਘ ਠੰਡਲ, ਵਰਿੰਦਰ ਸਿੰਘ ਬਾਜਵਾ ਸਾਬਕਾ ਐਮ ਪੀ ਹੁਸ਼ਿਆਰਪੁਰ, ਯੂਥ ਅਕਾਲੀ ਦਲ ਸ਼ਹਿਰੀ ਪ੍ਰਧਾਨ ਅਰਮਿੰਦਰ ਸਿੰਘ ਹੁਸੈਨਪੁਰ,ਹਰਜੀ ਬਾਜਵਾ, ਸਤਨਾਮ ਸਿੰਘ ਬੰਟੀ, ਨਿਰਮਲ ਸਿੰਘ ਭੀਲੋਵਾਲ, ਗੁਰਮਿੰਦਰ ਸਿੰਘ ਭੂੰਗਰਨੀ ਆਦਿ ਹਾਜ਼ਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ



**ਜਲੰਧਰ (ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਲਾਨੇ ਬੈਚਲਰ ਆਫ ਡਿਜ਼ਾਇਨ (ਮਲਟੀਮੀਡੀਆ) ਪੰਜਵਾਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ।ਜੈ ਸਿੰਘ ਰਾਣਾ ਨੇ 600 ਵਿਚੋਂ 541 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚ ਚੌਥਾ ਸਥਾਨ ਅਤੇ ਨਵਸੀਰਤ ਕੌਰ ਨੇ 533 ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਹਾਸਲ ਕੀਤਾ। ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ ਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਵਿਚ ਹੋਰ ਵੱਡੀਆਂ ਪ੍ਰਾਪਤੀਆਂ ਦੀ ਕਾਮਨਾ ਕੀਤੀ। ਵਿਦਿਆਰਥੀਆਂ ਨੇ ਆਪਣੀ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਦੇ ਵਾਤਾਵਰਣ ਨੂੰ ਦਿੱਤਾ । ਇਸ ਮੌਕੇ ਪ੍ਰੋ. ਸੰਜੀਵ ਕੁਮਾਰ ਆਨੰਦ ਮੁਖੀ ਕੰਪਿਊਟਰ ਸਾਇੰਸ ਵਿਭਾਗ, ਡਾ. ਸੰਦੀਪ ਸਿੰਘ ਅਤੇ ਪ੍ਰੋ. ਨਵਨੀਤ ਕੌਰ ਵੀ ਹਾਜ਼ਰ ਸਨ।।

## ਜਨਮ ਦਿਨ ਮੁਬਾਰਕ



ਨਿਮਰਤ ਕੌਰ (ਫਤਿਹਗੜ੍ਹ ਸਾਹਿਬ)

## ਵਰ੍ਹੇਗੰਢ ਮੁਬਾਰਕ



ਡਾ. ਅੰਮ੍ਰਿਤਪਾਲ ਸਿੰਘ ਦਿਹੜ ਤੇ ਗੁਰਪ੍ਰੀਤ ਕੌਰ ਵਾਸੀ ਲੋਹਗੜ੍ਹ (ਬਰਨਾਲਾ) ਨੇ ਵਿਆਹ ਦੀ 30ਵੀਂ ਵਰ੍ਹੇਗੰਢ ਮਨਾਈ।

# ਨਵਾਂਸ਼ਹਿਰ ਵਿਖੇ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ



**ਬੰਗਾ (ਅਵਤਾਰ ਕਲੇਰ)** ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਹੋਈ।ਇਸ ਮੀਟਿੰਗ ਦੀ ਪ੍ਰਧਾਨਗੀ ਸਾਥੀ ਜਗਤਾਰ ਸਿੰਘ ਨੇ ਕੀਤੀ।ਵੱਖ ਵੱਖ ਬੁਲਾਰਿਆਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਮੁਲਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਪੂਰਾ ਕੀਤਾ ਜਾਵੇ। ਨਵੀਂ ਭਰਤੀ ਚਾਲੂ ਕੀਤੀ ਜਾਵੇ। ਮੈਡੀਕਲ ਬਿਲਾਂ ਦੇ ਬਕਾਇਆ ਰਾਸ਼ੀ ਕਲੀਅਰ ਕੀਤੀ ਜਾਵੇ। ਠੇਕੇ ਤੇ ਭਰਤੀ ਕੀਤੇ ਗਏ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ। ਉਹਨਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਪੂਰੇ ਦੇਸ਼ ਵਿੱਚ ਮੋਦੀ ਸਰਕਾਰ ਨੂੰ ਹਰਾਇਆ ਜਾਵੇ ਕਿਉਂਕਿ ਇਹ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਕੰਮ ਕਰ ਰਹੀ ਹੈ।ਉਹਨਾਂ ਕਿਹਾ ਕਿ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਨੂੰ ਜਿਤਾਇਆ ਜਾਵੇ।ਬੁਲਾਰਿਆਂ ਨੇ ਕਿਹਾ ਕਿ 23 ਮਈ ਨੂੰ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਦੀ ਸਾਲਾਨਾ ਬਰਸੀ ਪਿੰਡ ਮੇਹਲੀ ਵਿਖੇ ਮਨਾਈ ਜਾ ਰਹੀ ਹੈ।ਇਸ ਬਰਸੀ ਸਮਾਗਮ ਤੇ ਵੱਧ ਤੋਂ ਵੱਧ ਸਾਥੀ ਲੈ ਕੇ ਪਹੁੰਚੀਏ ਅਤੇ ਆਪਣੇ ਵਿਛੜੇ ਹੋਏ ਸਾਥੀ ਨੂੰ ਸਰਧਾਂਜਲੀ ਭੇਟ ਕਰੀਏ। ਇਸ ਮੌਕੇ ਜਗਤਾਰ ਸਿੰਘ, ਜਸਵਿੰਦਰ ਸਿੰਘ ਭੰਗਲ, ਪ੍ਰੇਮ ਕੁਮਾਰ, ਮੋਹਣ ਸਿੰਘ, ਸੋਹਣ ਸਿੰਘ, ਸੁਰਜੀਤ ਸਿੰਘ, ਮਹਿੰਦਰ ਸਿੰਘ, ਸੇਵਾ ਸਿੰਘ, ਸ਼ਾਮ ਲਾਲ, ਦਲੇਰ ਸਿੰਘ,ਪ੍ਰੇਮ ਸਿੰਘ, ਦਸੌਧਾ ਸਿੰਘ, ਸ਼ੀਤਲ ਆਦਿ ਹਾਜ਼ਰ ਸਨ।

# ਬਸਪਾ ਉਮੀਦਵਾਰ ਦਾ ਕੰਧਾਲਾ ਜੱਟਾਂ ਤੇ ਜੌੜਾ ਵਿਖੇ ਪਹੁੰਚਣ 'ਤੇ ਭਰਵਾਂ ਸਵਾਗਤ



**ਅੱਡਾ ਸਰਾਂ (ਜਸਵੀਰ ਕਾਜਲ)** ਹੁਸ਼ਿਆਰਪੁਰ ਮੈਂਬਰ ਪਾਰਲੀਮੈਂਟ ਦੀ ਸੀਟ ਲਈ ਉਮੀਦਵਾਰ ਬੀਐਸਪੀ ਕੈਂਡੀਡੇਟ ਐਡਵੋਕੇਟ ਰਣਜੀਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਸਮੇਤ ਪਹੁੰਚਣ 'ਤੇ ਪਿੰਡ ਕੰਧਾਲਾ ਜੱਟਾਂ ਦੇ ਜਸਵੀਰ ਸਿੰਘ ਲੱਕੀ ਸੀਨੀਅਰ ਯੂਥ ਬਸਪਾ ਆਗੂ , ਲਖਵੀਰ ਸਿੰਘ ਸੀਨੀਅਰ ਬਸਪਾ ਆਗੂ , ਸੈਕਟਰੀ ਰੂਪ ਲਾਲ ਬਸਪਾ ਆਗੂ ਅਤੇ ਹੋਰ ਬਸਪਾ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਐਡਵੋਕੇਟ ਰਣਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਪੰਜਾਬ ਵਿੱਚ ਗਰੀਬ ਨੂੰ ਦਿੱਤਾ ਜਾ ਰਿਹਾ ਆਟਾ ਦਾਲ ਸਕੀਮ ਨਹੀਂ ਬਲਕਿ ਵਧੇਰੇ ਨੌਕਰੀਆਂ ਮੁਹਈਆ ਕਰਾਉਣ ਵੱਲ ਜਿਆਦਾ ਤਵੱਜੋ ਦਵਾਂਗੇ , ਵੱਧ ਤੋਂ ਵੱਧ ਸਿੱਖਿਆ ਪ੍ਰਣਾਲੀ ਨੂੰ ਮਜਬੂਤ ਕਰਨ ਵਿੱਚ ਵੀ ਅਹਿਮ ਜੋ ਯੋਗਦਾਨ ਪਾਵਾਂਗੇ।ਉਨਾਂ ਕਿਹਾ ਕਿ ਮੌਜੂਦਾ ਸਮੇਂ ਦੀ ਪੰਜਾਬ ਸਰਕਾਰ ਦੀਆਂ ਨੀਤੀਆਂ ਆਮ ਜਨਤਾ ਵਿੱਚ ਫਲੋਪ ਸਾਬਤ ਹੋਈਆਂ ਹਨ। ਦਿਨੋ ਦਿਨ ਵੱਧ ਰਹੀਆਂ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ, ਨਸ਼ੇ ਨਾਲ ਹੋ ਰਹੀਆਂ ਪੰਜਾਬ ਵਿੱਚ ਮੌਤਾਂ, ਸ਼ਰੇਆਮ ਹੋ ਰਹੇ ਕਤਲਾਂ ਦੀਆਂ ਵਾਰਦਾਤਾਂ ਤੋਂ ਲੋਕ ਤੰਗ ਹੋ ਚੁੱਕੇ ਹਨ । ਹਰ ਵਕਤ ਦਹਿਸ਼ਤ ਦਾ ਮਾਹੌਲ ਬਣਿਆ ਰਹਿੰਦਾ ਹੈ। ਇਸ ਲਈ ਬਸਪਾ ਜੋ ਹਮੇਸ਼ਾ ਪੰਜਾਬ ਦੀ ਆਮ ਜਨਤਾ ਨਾਲ ਖੜੀ ਹੈ । ਬੀ ਐਸ ਪੀ ਇਸ ਵਾਰ ਪੰਜਾਬ 'ਚੋਂ ਵੱਧ ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗੀ।ਬਸਪਾ ਵੱਲੋਂ ਮਜਿੰਦਰ ਸ਼ੇਰਪੁਰੀ, ਐਡਵੋਕੇਟ ਦਾਦਰਾ, ਠੇਕੇਦਾਰ ਭਗਵਾਨ ਦਾਸ ਸਿੱਧੂ ,ਮੋਹਨ ਨਾਲ ਭਟੋਆ ,ਡਾ. ਜਸਪਾਲ ਸਿੰਘ, ਜਸਵਿੰਦਰ ਦੁੱਗਲ, ਮਨਜੀਤ ਸਹੋਤਾ, ਸੰਤੋਖ ਨਰਿਆਲ, ਵਿਜੇ ਖਾਨਪੁਰੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਯੂਥ ਬਸਪਾ ਆਗੂ ਚਮਨਪ੍ਰੀਤ ਸਿੰਘ, ਅਮਰਜੀਤ ਸਿੰਘ ਹੀਰ ,ਪਵਿੱਤਰ ਸਿੰਘ ,ਜਤਿੰਦਰ ਹੀਰ, ਅਮਰੀਕ ਸਿੰਘ, ਤਰਸੇਮ ਸਿੰਘ, ਧਰਮ ਸਿੰਘ, ਹਰਬੰਸ ਲਾਲ ,ਜਗਰੂਪ ਸਿੰਘ ਅਤੇ ਹੋਰ ਅਨੇਕਾਂ ਵਰਕਰ ਅਤੇ ਬਸਪਾ ਹਮਾਇਤੀ ਪਹੁੰਚੇ।ਇਸੇ ਹੀ ਤਰ੍ਹਾਂ ਪਿੰਡ ਜੌੜਾ ਤੋਂ ਸੀਨੀਅਰ ਯੂਥ ਬਸਪਾ ਆਗੂ ਪ੍ਰੇਮਜੀਤ ਜੌੜਾ ,ਬੀਬੀ ਸੁਖਵਿੰਦਰ ਕੌਰ ਅਤੇ ਮਾਤਾ ਰਾਜ ਰਾਣੀ ਦੀ ਅਗਵਾਈ ਵਿੱਚ ਵਿਸ਼ੇਸ਼ ਮੀਟਿੰਗ ਰੱਖੀ ਗਈ। ਜਿਸ ਵਿੱਚ ਪਿੰਡ ਦੀਆਂ ਬੀਬੀਆਂ ,ਭੈਣਾਂ ਅਤੇ ਭਰਾਵਾਂ ਨੇ ਪਹੁੰਚ ਕੇ ਬਸਪਾ ਦੀ ਇੱਕਜੁੱਟਤਾ ਦਾ ਸਬੂਤ ਦਿੱਤਾ। ਉਹਨਾਂ ਵੱਲੋਂ ਬਸਪਾ ਕੈਂਡੀਡੇਟ ਐਡਵੋਕੇਟ ਰਣਜੀਤ ਸਿੰਘ ਦਾ ਅਤੇ ਸਾਥੀਆਂ ਦਾ ਪਹੁੰਚਣ 'ਤੇ ਵਿਸ਼ੇਸ਼ ਸਨਮਾਨ ਅਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਬੀਬੀ ਰਾਜ ਰਾਣੀ ,ਮਨਜਿੰਦਰ ਕੌਰ ਸਰਬਜੀਤ ਕੌਰ, ਸੀਤਲ ਕੌਰ ਡਾ. ਸੋਢੀ ,ਡਾ. ਸੁਰਿੰਦਰ ਕੁਮਾਰ, ਕਮਲਜੀਤ ਸਿੰਘ ਪਟਵਾਰੀ ,ਪਿਆਰਾ ਸਿੰਘ ਬਖਸ਼ੀ ਰਾਮ ਅਤੇ ਹੋਰ ਪਿੰਡ ਦੇ ਬਸਪਾ ਆਗੂ ਪਹੁੰਚੇ।